





ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ ਹੋਤੀ







੧ੴ ਸਤਿਗੁਰ ਪ੍ਰਸਾਦਿ ॥

ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ

ਤਤਕਰਾ ਪੰਨਾ 17 ਤੇ ਹੈ

(Foreign Employees of the Khalsa Raj)

ਇਹਨਾਂ ਕਾਰਿੰਦਿਆਂ ਵਿਚ ਇਟਾਲੀਅਨ, ਫਰਾਂਸੀਸੀ, ਹੰਗੇਰੀਅਨ,
ਜਰਮਨ, ਪ੍ਰੋਸ਼ੀਅਨ, ਫਿਰੰਗੀ, ਸਕਾਚ, ਆਇਰਸ਼, ਰੂਸੀ,
ਗ੍ਰੀਕ, ਸਪੈਨਸ਼, ਆਸਟਰੀਅਨ, ਪੁਰਤਗਾਲੀ
ਅਤੇ ਅਮਰੀਕਨ ਸ਼ਾਮਲ ਹਨ

ਇਹਨਾਂ ਦੀਆਂ ਬਾਹਰਲੀਆਂ ਹਕੂਮਤਾਂ ਨਾਲ ਖੁਫੀਆ ਗੋਂਦਾਂ
ਦੇ ਸਮਾਚਾਰ ਪੂਰੇ ਸਬੂਤਾਂ ਨਾਲ ਇਸ ਪੁਸਤਕ
ਵਿਚ ਦਰਸਾਏ ਗਏ ਹਨ

ਬਾਬਾ ਪ੍ਰੇਮ ਸਿੰਘ ਹੋਤੀ

ਲਾਹੌਰ ਬੁੱਕ ਸ਼ਾਪ
ਲੁਧਿਆਣਾ

Khalsa Raaj De Badeshi Karinde

By Baba Prem Singh Hoti Mardaan

2013

ਮੁੱਲ : 150/-

ਪ੍ਰਕਾਸ਼ਕ : **ਲਾਹੌਰ ਬੁੱਕ ਸ਼ਾਪ,** 2 ਲਾਜਪਤ ਰਾਏ ਮਾਰਕਿਟ
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ
ਫੋਨ : 0161-2740738, 6540738
E-mail :
lahorebookshop40@rediffmail.com
Website : www.lahorepublishers.com
Printed in India

ਛਾਪਕ ਆਰ.ਕੇ.ਆਫਸੈਟ, ਦਿੱਲੀ

ਭੂਮਿਕਾ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਦਭੁਤ ਜੀਵਨ ਵਿਚੋਂ ਉਸ ਦਾ ਇਕ ਅਸਚਰਜ ਕਰਤਵ ਇਹ ਮਿਲਦਾ ਹੈ ਕਿ ਉਸ ਨੇ ਬਹੁਤ ਸਾਰੇ ਯੂਰੀਪਅਨ ਅਤੇ ਅਮਰੀਕਨ ਬਦੇਸੀ ਆਪਣੀ ਨੌਕਰੀ ਵਿਚ ਰਖੇ ਹੋਏ ਸਨ । ਪਰਚੋਲ ਤੋਂ ਇਨ੍ਹਾਂ ਦੀ ਗਿਣਤੀ ੭੨ ਤਕ ਪਹੁੰਚਦੀ ਹੈ । ਖਾਲਸਾ ਰਾਜ ਸਮੇਂ ਲਾਹੌਰ ਦੀਆਂ ਸੜਕਾਂ ਤੇ ਬਾਜ਼ਾਰਾਂ ਵਿਚ ਲੌਢੇ ਪਹਿਰ ਇਕ ਅਲੌਕਿਕ ਚਹਿਲ ਪਹਿਲ ਦਿਖਾਈ ਦੇਂਦੀ ਹੁੰਦੀ ਸੀ । ਜਿਥੇ ਹਿੰਦੁਸਤਾਨ ਦੇ ਹਰ ਸੂਬੇ ਦੇ ਕਲਾਕਾਰ ਮਿਲਦੇ ਸਨ, ਉਥੇ ਨ਼ਾਲ ਹੀ ਲਗ ਭਗ ਸਾਰੇ ਯੂਰਪ ਦੇ ਵਸਨੀਕ, ਜਿਹਾ ਕਿ ਇਟਾਲੀਅਨ, ਫ਼ਰਾਂਸੀਸੀ, ਗ੍ਰੀਕ, ਹੰਗੇਰੀਅਨ, ਫ਼ਿਰੰਗੀ, ਪ੍ਰੋਸ਼ੀਅਨ, ਜਰਮਨ, ਸਕਾਚ, ਆਸਟਰੀਅਨ, ਆਇਰਸ਼, ਰੂਸੀ, ਸਪੈਨਸ਼, ਪੁਰਤ-ਗਾਲੀ ਅਤੇ ਅ਼ਮ੍ਰੀਕ਼ਨ, ਆਪੋ ਆਪਣੇ ਦੇਸ ਦੀਆਂ ਪੁਸ਼ਾਕਾਂ ਅਤੇ ਵੱਖੋ ਵੱਖ ਕੌਮੀਅਤਾਂ ਦੇ ਪਹਿਰਾਵੇ ਸਜਾਏ, ਟੁਰਦੇ ਫਿਰਦੇ ਮਿਲਦੇ ਹਨ ।

ਕਿਤੇ ਫ਼ਰਾਂਸੀਸੀ ਬੋਲ ਚਾਲ ਸੁਣੀ ਜਾਂਦੀ ਸੀ, ਕਿਤੇ ਇਟਾਲੀਆ ਤੇ ਜਰਮਨੀ ਭਾਸ਼ਾ ਕੰਨੀਂ ਪੈਂਦੀ ਸੀ । ਇਸ ਦੇ ਨਾਲ ਹੀ ਅੰਗਰੇਜ਼ੀ ਅਤੇ ਪੁਰਤਗਾਲੀ, ਫ਼ਾਰਸੀ ਅਤੇ ਪਸ਼ਤੋ ਆਦਿ ਬੋਲੀਆਂ ਵਿਚ ਬਚਨ ਬਿਲਾਸ, ਰਾਹੀਆਂ ਦੀ ਸੁਣਨ-ਸ਼ਕਤੀ ਨੂੰ ਆਪਣੇ ਵਲ ਖਿਚ ਪਾਂਦੇ ਸਨ । ਮਾਨੋ ਖਾਲਸਾ-ਰ਼ਾਜਧਾਨੀ ਰੰਗ ਬਰੰਗੇ ਫੁੱਲਾਂ ਨਾਲ ਭਰਪੂਰ ਫੁਲਵਾੜੀ ਸੀ ਜਿਸ ਵਿਚ ਯੂਰਪ ਤੇ ਏਸ਼ੀਆ ਦੀ ਸਭਿਆਤਾ ਦਾ ਸੰਮੇਲਨ, ਸਪੱਸ਼ਟ ਸਾਕਾਰ ਦਿਸਦਾ ਹੁੰਦਾ ਸੀ ।

ਇਸ ਪੁਸਤਕ ਦੇ ਲਿਖਣ ਦਾ ਮਨੋਰਥ ਅਗਲਿਆਂ ਪੰਨਿਆ ਪਰ ਪੜ੍ਹੋ ।

ਹੋਤੀ ਮਰਦਾਨੀ }
ਜੂਨ ੯। ੧੯੪੪ }

ਬਾਬਾ ਪ੍ਰੇਮ ਸਿੰਘ ਹੋਤੀ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ






ਬਾਬਾ ਪ੍ਰੇਮ ਸਿੰਘ
ਹੋਤੀ









ਬਾਬਾ ਪ੍ਰੇਮ ਸਿੰਘ

ਮਨੋਰਥ

੧. ਖਾਲਸਾ ਰਾਜ ਸਮੇਂ ਦਾ ਬਹੁਮੁੱਲਾ ਇਤਿਹਾਸ ਜੇਹੜਾ ਸਾਡੀ ਅਨਗੌਹਲੀ ਦੇ ਕਾਰਨ, ਵੱਡੀ ਤੇਜ਼ੀ ਨ਼ਾਲ ਲੋਪ ਹੋ ਰਿਹਾ ਹੈ, ਉਸ਼ ਨੂੰ ਕਾਨੀ-ਬੰਦ ਕਰਕੇ ਸੁਰਖਿਤ ਕਰਨਾ ।

੨. ਕਈ ਲੋਕ ਇਸ ਭੁਲੇਖੇ ਵਿਚ ਫਾਬੇ ਪਏ ਹਨ ਕਿ ਖਾਲਸਾ ਰਾਜ ਦੀਆਂ ਫ਼ਤਹਯਾਬੀਆਂ ਦਾ ਮੂਲ ਕਾਰਨ ਵਲੈਤੀ ਕਾਰਿੰਦੇ ਸਨ*। ਐਸੇ ਲੋਕਾਂ ਦਾ ਇਹ ਭਰਮ ਨਵਿਰਤ ਕਰਨ ਲਈ ਇਹ ਠੋਸ ਇਤਿਹਾਸਕ ਸਬੂਤ ਜਨਤਾ ਦੇ ਸਾਹਮਣੇ ਰਖੇ ਜਾਂਦੇ ਹਨ ।

੩. ਕਈਆਂ ਦਾ ਇਹ ਨਿਸਚਾ ਹੋ ਚੁਕਾ ਹੈ ਕਿ ਖਾਲਸਾ ਫ਼ੌਜ ਨੂੰ ਐਨਾ ਸ਼ਕਤੀਮਾਨ ਬਨਾਣ ਦਾ ਸੇਹਰਾ ਉਨ੍ਹਾਂ ਬਦੇਸੀ ਕਰਮਚਾ-ਰੀਆਂ ਦੇ ਸਿਰ ਹੈ, ਜਿਨ੍ਹਾਂ ਉਸ ਨੂੰ ਕਵਾਇਦ ਸਿਖਾਕੇ ਯੁਧ-ਨੀਤੀ ਵਿਚ ਨਿਪੁੰਨ ਕਰ ਦਿੱਤਾ ਸੀ । ਇਹ ਭੁਲੇਖਾ ਵੀ ਪਰਮਾਣੀਕ ਸਬੂਤਾਂ ਦੀ ਰੋਸ਼ਨੀ ਵਿਚ ਦੂਰ ਕੀਤਾ ਗਿਆ ਹੈ ।

---

*ਜੈਕੋਮੋਂਟ, ਪ੍ਰਸਿੱਧ ਫ਼ਰਾਂਸੀਸੀ ਯਾਤਰੂ ਨੇ ਸਭ ਤੋਂ ਪਹਿਲਾਂ ਇਹ ਨਿਰਮੂਲ ਗੱਲ ਆਪਣੇ ਸਫ਼ਰਨਾਮੇ ਵਿਚ ਲਿਖੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀ ਕਾਇਮੀ ਲਈ, ਵੱਡੀਆਂ ਵੱਡੀਆਂ ਫ਼ਤਹਯਾਬੀਆਂ ਉਸ ਦੇ ਬਦੇਸੀ ਅਫ਼ਸਰਾਂ ਨੇ ਕੀਤੀਆਂ ਸਨ । ਇਸ ਵੱਡੇ ਭੁਲੇਖੇ ਤੋਂ ਪ੍ਰਭਾਵਤ ਹੋ ਕੇ ਕਈ ਲੇਖਕਾਂ ਨੇ ਨਿਰਮੂਲ ਖਿਆਲ ਨੂੰ ਜਨਤਾ ਵਿਚ ਖਿਲਾਰ ਕੇ ਅਨੇਕਾਂ ਲਈ ਟਪਲੇ ਦਾ ਕਾਰਣ ਬਣਾਇਆ।

ਉਪਰੋਕਤ ਅੰਕਾਂ ਪਰ ਕ੍ਰਮ ਵਾਰ ਵਿਚਾਰ

੧. ਖਾਲਸਾ ਦਰਬਾਰ ਦੇ ਇਤਿਹਾਸ ਨੂੰ ਸੁਰਖਿਅਤ ਰੱਖਣ ਲਈ ਜੋ ਘਾਲ ਇਸ ਪੁਸਤਕ ਦੇ ਲਿਖਣ ਵਿਚ ਘਾਲੀ ਗਈ ਹੈ, ਉਸ ਦਾ ਨਿਰਣਾ ਪਾਠਕ ਆਪ ਹੀ ਇਸ ਦੇ ਪੜ੍ਹਨ ਦੇ ਉਪਰੰਤ ਸੋਖਾ ਹੀ ਕਰ ਸਕਨਗੇ ਕਿ ਇਸ ਮਸਾਲੇ ਦੇ ਇਕੱਠੇ ਕਰਨ ਲਈ ਕਿੰਨੀ ਮੇਹਨਤ ਕੀਤੀ ਗਈ ਹੈ ?

੨. ਦੂਜੇ ਅੰਕ ਦਾ ਨਿਰਨਾ ਇਸ ਤਰ੍ਹਾਂ ਹੈ:-

(ੳ) ਸ਼ੇਰਿ ਪੰਜਾਬ ਪਾਸ ਸਭ ਤੋਂ ਪਹਿਲਾਂ ਯੂਰਪੀਅਨ ਜੋ ਨੌਕਰ ਹੋਏ ਵੈਨਤੂਰਾ ਅਤੇ ਐਲਾਰਡ ਸਨ । ਇਹ ਦੋਵੇਂ ੧੦ ਮਾਰਚ ਸੰਨ ੧੯੨੨ ਨੂੰ ਲਾਹੌਰ ਪਹੁੰਚੇ । ਬਾਕੀ ਸਭ ਵਲੈਤੀ ਇਨ੍ਹਾਂ ਦੇ ਬਾਅਦ ਮਹਾਰਾਜ ਪਾਸ ਨੌਕਰ ਹੋਏ ਸਨ ।

(ਅ) ਖਾਲਸਾ ਰਾਜ ਦੀ ਕਾਇਮੀ ਲਈ, ਪੰਜਾਬ ਦੇ ਸਾਰੇ ਪ੍ਰਸਿੱਧ ਸੂਬੇ, ਇਨ੍ਹਾਂ ਬਦੇਸ਼ੀਆਂ ਦੇ, ਮਹਾਰਾਜਾ ਸਾਹਿਬ ਪਾਸ ਨੌਕਰ ਹੋਣ ਤੋਂ ਬਹੁਤ ਪਹਿਲਾਂ, ਖਾਲਸਾ ਆਪਣੇ ਬਾਹੂ-ਬਲ ਨਾਲ ਜਿੱਤ ਕੇ ਰਾਜ ਵਿਚ ਮਿਲਾ ਚੁਕਾ ਸੀ ।

(ੲ) ਪੰਜਾਬ ਦੇ ਵੱਡੇ ਵੱਡੇ ਸੂਬਿਆਂ ਦੇ ਫ਼ਤਹ ਹੋਣ ਦੇ ਸੰਨ ਸਾਲ ਇਹ ਹਨ:-

ਲਾਹੌਰ ਨੂੰ ੧੭੯੯ ਵਿਚ, ਜੰਮੂ ਤੇ ਸਿਆਲਕੋਟ ਸੰਨ ੧੯੦੦ ਵਿਚ, ਅੰਮ੍ਰਿਤਸਰ ਸੰਨ ੧੮੦੨ ਵਿਚ, ਝੰਗ ਦਾ ਇਲਾਕਾ ਸੰਨ ੧੮੦੩ ਵਿਚ, ਦਰਿਆ ਜੇਹਲਮ ਤੇ ਝਨਾਂ ਦਾ ਵਿਚਲਾ ਇਲਾਕਾ ਸੰਨ ੧੮੦੫ ਵਿਚ, ਕਸੂਰ ਸਣੇ ਤਾਲਕੇ ਦੇ ੧੮੦੭ ਵਿਚ, ਦੁਆਬਾ ਜਾਲੰਧਰ, ਲੁਧਿਆਣਾ, ਜਗਰਾਵਾਂ, ਸਾਨੇਵਾਲ ਤੇ ਮੁਕਤਸਰ ਸੰਨ ੧੮੦੭ ਵਿਚ, ਪਠਾਨਕੋਟ, ਬਸੋਲੀ, ਚੰਬਾ, ਜਸਰੋਟਾ, ਨੂਰ ਪੂਰ ਅਤੇ ਨਾਲ ਦਾ ਪਹਾੜੀ ਇਲਾਕਾ ੧੮੦੯ ਵਿਚ, ਧੰਨੀ ਪੋਠੋਹਾਰ, ਅਟਕ, ਛਛ ਤੇ ਹਜ਼ਾਰਾ ੧੮੧੩ ਵਿਚ, ਮੁਲਤਾਨ, ਸੁਜਾਹ ਆਬਾਦ,

ਸਣੇ ਸਾਰੇ ਤਲਕੇ ਦੇ ੧੮੧੮ ਵਿਚ, ਪਿਸ਼ਾਵਰ ਸਣੇ ਇਲਾਕੇ ਦੇ ਪੈਹਲੀ ਵਾਰ ਸੰਨ ੧੮੧੮ ਵਿਚ, ਕਸ਼ਮੀਰ ਅਤੇ ਸੰਬੰਧਤ ਪਹਾੜੀ ਇਲਾਕਾ ੧੮੧੯-੨੦ ਵਿਚ, ਮਨਕੇਰਾ, ਡੇਰਾ ਅਸਮਾਈਲ ਖ਼ਾਨ ਤੇ ਗ਼ਾਜ਼ੀ ਖ਼ਾਨ ਸੰਨ ੧੮੨੧ ਵਿਚ, ਖਾਲਸਾ ਆਪਣੀ ਸ਼ਮਸ਼ੇਰ ਦੇ ਜ਼ੋਰ ਨਾਲ ਫ਼ਤਹ ਕਰਕੇ ਖਾਲਸਾ ਸਲਤਨਤ ਵਿਚ ਸਮਿਲਤ ਕਰ ਚੁਕਾ ਸੀ ।

(ਸ) ਇਨ੍ਹਾਂ ਉਪਰੋਕਤ ਸੂਬਿਆਂ ਦੀਆਂ ਜਿੱਤਾਂ ਦੇ ਸੰਨ ਸਾਲਾਂ ਨੂੰ ਪਰਤਾਲਿਆਂ, ਸਾਫ਼ ਸਾਫ਼ ਸਿਧ ਹੋ ਜਾਂਦਾ ਹੈ, ਕਿ ਖਾਲਸੇ ਦੀਆਂ ਵੱਡੀਆਂ ਫ਼ਤਹਯਾਬੀਆਂ ਸੰਨ ੧੭੯੯ ਤੇ ੧੮੨੧ ਦੇ ਵਿਚਾਲੇ ਹੋ ਚੁਕੀਆਂ ਸਨ । ਅਰਥਾਤ ਵਲੈਤੀ ਕਾਰਿੰਦਿਆਂ ਦੇ ਪੰਜਾਬ ਵਿਚ, ਪਹੁੰਚਣ ਤੋਂ ਪਹਿਲਾਂ ਹੀ ਪੰਜਾਬ ਦੇ ਵੱਡੇ ਵੱਡੇ ਸੂਬੇ, ਖਾਲਸਾ ਰਾਜ ਵਿਚ ਮਿਲ ਚੁਕੇ ਸਨ ।

੩. ਹੁਣ ਤੀਜੇ ਅੰਕ ਬਾਰੇ ਵਿਚਾਰ ਕਰਨਾ ਹੈ ਕਿ ਖਾਲਸਾ ਫ਼ੌਜ ਨੇ ਕਵਾਇਦ ਕਦ ਅਤੇ ਕਿਸ ਤੋਂ ਸਿਖੀ ? ਇਸ ਬਾਰੇ ਇਤਿਹਾਸ ਅਤੇ ਖਾਲਸਾ ਰਾਜ ਸਮੇਂ ਦੇ ਰੀਕਾਰਡਾਂ ਨੂੰ ਖੋਜਿਆਂ ਹੇਠ ਲਿਖਿਆ ਸਬੂਤ ਮਿਲਦਾ ਹੈ ।

(ੳ) ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਦੇ ਸਫ਼ਾ ੩੫੯-੬੦ ਪਰ ਲਿਖਦਾ ਹੈ ਕਿ ਸੰਨ ੧੮੦੩ ਵਿਚ ਸ਼ੇਰਿ ਪੰਜਾਬ ਦੀਆਂ ਕੁਝ ਰਜਮਟਾਂ ਕਵਾਦਿ ਸਿਖ ਚੁਕੀਆਂ ਸਨ ।

(ਅ) ਕੈਟੇਲਾਗ ਆਫ਼ ਦੀ ਖਾਲਸਾ ਦਰਬਾਰ, ਰੀਕਾਰਡਸ, ਜਿਲਦ ੧ ਸਫ਼ਾ ੨ ਪਰ ਇੱਕ ਲਿਖਤ ਮਿਲਦੀ ਹੈ ਜਿਸ ਦਾ ਭਾਵ ਇਹ ਹੈ ਮਹਾਰਾਜਾ ਰਣਜੀਤ ਸਿੰਘ ਦੇ ਫ਼ੌਜੀ ਦਫ਼ਤਰ ਦੇ ਕਾਗ਼ਜ਼ਾਂ ਵਿਚੋਂ ਕੁਝ ਬਰਾਵੁਰਦ Pay Rolls ਐਸੇ ਮਿਲੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸੰਮਤ ੧੮੬੪ ਬਿਕ੍ਰਮੀ, ਮੁਤਾਬਕ ੧੮੦੭ ਈਸਵੀ ਵਿਚ ਮਹਾਰਾਜਾ ਸਾਹਿਬ ਦੀਆਂ ੧੨ ਰਜਮਟਾਂ ਕਵਾਇਦ-ਦਾਨ ਸਨ ।

(ੲ) ਰੈਜ਼ੀਡੰਟ ਦਿੱਲੀ ਨੇ, ੮ ਸਤੰਬਰ ਸੰਨ ੧੮੦੭ ਦੇ ਖਤ ਵਿਚ, ਗਵਰਨਰ ਜਨਰਲ ਨੂੰ ਲਿਖਿਆ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਵਿਚੋਂ ੧੨੦੦੦ ਜਵਾਨ ਕਵਾਇਦ ਜਾਣਦੇ ਹਨ।

(ਸ) ਚਾਰਲਸ ਮੈਟੇਕਾਫ* ਸੰਨ ੧੮੦੮ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਲਾਹੌਰ ਆਇਆ, ਇਸ ਸਮੇਂ ਉਸ ਨੇ ਹੋਰ ਨਵੀਆਂ ਪੰਜ ਰਜਮਟਾਂ ਨੂੰ ਕਵਾਇਦ ਸਿਖਦਿਆਂ ਡਿੱਠਾ †।

(ਹ) ਸਰ ਡੇਵਡ ਅਖਤਰਲੋਨੀ ਪੁਲੀਟੀਕਲ ਏਜੰਟ ਲੁਧਿਆਨਾ, ਸੰਨ ੧੮੧੨ ਨੂੰ, ਕੰਵਰ ਘੜਗ ਸਿੰਘ ਦੇ ਵਿਆਹ ਪਰ ਲਾਹੌਰ ਆਇਆ ਸੀ। ਉਸ ਨੇ ਉਸ ਸਮੇਂ ਖਾਲਸਾ ਫ਼ੌਜ ਨੂੰ ਦੇਖਕੇ ਰੈਜ਼ੀਡੰਟ ਦਿੱਲੀ ਨੂੰ ੨੭ ਫਰਵਰੀ ਸੰਨ ੧੮੧੨ ਦੀ ਚਿੱਠੀ ਨੰ:੧੧੯ ਵਿਚ ਲਿਖਿਆ ਕਿ ਮਹਾਰਾਜਾ ਸਾਹਿਬ ਦੀ ਬਹੁਤ ਸਾਰੀ ਫ਼ੌਜ ਕਵਾਇਦ ਜਾਣਦੀ ਹੈ।

ਇੱਨੇ ਪਰਮਾਣੀਕ ਲਿਖਤੀ ਸਬੂਤਾਂ ਦੇ ਹੁੰਦਿਆਂ ਕਿਸੇ ਦਾ ਇਹ ਕਹਿਣਾ ਕਿ ਖਾਲਸਾ ਫ਼ੌਜ ਨੂੰ ਬਦੇਸ਼ੀ ਕਾਰਿੰਦਿਆਂ ਕਵਾਇਦਦਾਨ ਬਣਾਇਆ ਸੀ, ਅਸੱਤ ਹੈ।

ਅਜੇ ਇਸ ਪ੍ਰਸ਼ਨ ਦਾ ਉਤਰ ਦੇਣਾ ਬਾਕੀ ਹੈ ਕਿ ਜੇ ਕਦੇ ਖਾਲਸਾ ਫ਼ੌਜ ਨੂੰ ਉਨ੍ਹਾਂ ਯੂਰਪੀਨ ਕਰਮਚਾਰੀਆਂ, ਕਵਾਇਦ ਨਾ ਸੀ ਸਿਖਾਈ ਤਾਂ ਉਹ ਕਿਸ ਨੇ ਸਿਖਾਈ ਸੀ ?

ਇਸ ਦਾ ਉਤਰ ਇਹ ਹੈ ਕਿ ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਹੀ ਦੂਰ ਦ੍ਰਿਸ਼ਟੇ ਮਹਾਰਾਜਾ ਸਾਹਿਬ ਨੇ, ਆਪਣੀਆਂ ਫ਼ੌਜਾਂ ਵਿਚੋਂ ਬਹੁਤ ਸਾਰੇ ਸਿਆਣੇ ਨੌਜਵਾਨ ਚੁਣਕੇ, ਈਸਟ ਇੰਡੀਆ ਕੰਪਨੀ ਦੀਆਂ ਵਖੋ ਵਖ ਰਜਮਟਾਂ ਵਿਚ ਖੁਫੀਆ ਭਰਤੀ ਹੋਣ ਲਈ ਅੰਗਰੇਜ਼ੀ ਇਲਾਕੇ ਵਿਚ ਭੇਜ ਦਿਤੇ। ਉਹ ਨੌਜਵਾਨ ਉਥੇ ਕਾਫ਼ੀ ਸਮੇਂ ਤਕ ਕਵਾਇਦ

---

*ਇਹ ਪਿਛੇ ਜਾ ਕੇ ਸਰ ਚਾਰਲਸ ਮੈਟਕਾਫ ਦੇ ਨਾਮ ਪਰ ਪ੍ਰਸਿਧ ਹੋਇਆ।

† ਜਰਨਲ ਆਫ਼ ਦੀ ਇੰਡੀਅਨ ਹਿਸਟਰੀ, ਫਰਵਰੀ ਸੰਨ ੧੯੨੨, ਸਫ਼ਾ ੧੦।

ਸਿਖਦੇ ਰਹੇ । ਜਦ ਉਹ ਚੰਗੀ ਤਰ੍ਹਾਂ ਦੂਜਿਆਂ ਨੂੰ ਕਵਾਇਦ ਸਿਖਾਣ ਦੇ ਸਮਰਥ ਹੋ ਗਏ ਤਾਂ ਉਹ ਫਿਰ ਕਿਸੇ ਨਾ ਕਿਸੇ ਤਰ੍ਹਾਂ ਅੰਗਰੇਜ਼ੀ ਫ਼ੌਜ ਤੋਂ ਨਿਕਲਕੇ ਮਹਾਰਾਜਾ ਸਾਹਿਬ ਪਾਸ ਪਹੁੰਚ ਗਏ । ਇਸ ਤੋਂ ਛੁਟ ਉਹ ਅੰਗਰੇਜ਼ੀ ਫ਼ੌਜ ਵਿਚੋਂ ਕੁਝ ਚੰਗੇ ਸਿਆਣੇ ਕਵਾਇਦ ਸਿਖਾਣ ਵਾਲੇ ਪੂਰਬੀਏ ਅਹੁਦੇਦਾਰਾਂ ਨੂੰ ਵੀ, ਵਧ ਤਲਬ ਦੇ ਵਾਹਿਦੇ ਪਰ ਆਪਣੇ ਨਾਲ ਲਾਹੌਰ ਲੈ ਆਏ ।

ਇਸ ਤਰ੍ਹਾਂ ਉਪਰੋਕਤ ਇਤਿਹਾਸਕ ਲਿਖਤਾਂ ਅਨੁਸਾਰ ਸੰਨ ੧੮੦੩ ਦੇ ਲਗ ਪਗ ਕਈ ਖਾਲਸਾ ਰਜਮਟਾਂ ਕਵਾਇਦ ਸਿਖ ਚੁਕੀਆਂ ਸਨ । ਅਰਥਾਤ ਮਹਾਰਾਜੇ ਪਾਸ ਯੂਰੀਪਨਾਂ ਦੇ ਨੌਕਰ ਹੋਣ ਤੋਂ ੨੦ ਸਾਲ ਪਹਿਲਾਂ, ਖਾਲਸਾ ਫ਼ੌਜ ਨੇ ਕਵਾਇਦ ਸਿਖਣੀ ਆਰੰਭ ਦਿਤੀ ਸੀ।

ਸਾਡੀ ਉਪਰੋਕਤ ਲਿਖਤ ਦੀ ਤਸਦੀਕ ਮਿਸਟਰ ਮੋਰਕ੍ਰਾਫਟ ਪ੍ਰਸਿਧ ਯਾਤਰੂ ਆਪਣੇ ਸਫ਼ਰਨਾਮੇ ਵਿਚ ਇਸ ਤਰ੍ਹਾਂ ਲਿਖਦਾ ਹੈ :

'ਮੈਂ ਅੱਜ ੧੦ ਮਈ ਸੰਨ ੧੮੨੦ ਨੂੰ ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਜੰਮਟਾਂ ਨੂੰ ਕਵੈਦ ਕਰਦਿਆਂ ਡਿਠਾ, ਇਸ ਬਾਰੇ ਮੈਨੂੰ ਮਹਾਰਾਜਾ ਨੇ ਦਸਿਆ ਸੀ ਕਿ ਉਸ ਦੀ ਫ਼ੌਜ ਨੂੰ ਕੰਪਨੀ ਦੀਆਂ ਫ਼ੌਜਾਂ ਵਿਚੋਂ ਕਵਾਇਦ ਸਿੱਖ ਕੇ ਆਏ ਜਵਾਨਾਂ ਨੇ ਪਰੇਟ ਸਿਖਲਾਈ ਸੀ* ।

ਇਸ ਸਿਲੇਸਿਲੇ ਵਿਚ ਸਾਨੂੰ ਇਸ ਗੱਲ ਦੇ ਮੰਨਣ ਤੋਂ ਵੀ ਸੰਕੋਚ ਨਹੀਂ ਕਿ ਸ਼ੇਰਿ ਪੰਜਾਬ ਦੀਆਂ ਉਸ ਸਮੇਂ ਦੀ ਲੋੜ ਅਨੁਸਾਰ ਕਵਾਇਦ ਜਾਣੂ ਫ਼ੌਜਾਂ ਨੂੰ ਇਨ੍ਹਾਂ ਬਦੇਸੀ ਕਾਰਿੰਦਿਆਂ ਵਿਧੇਰੀ ਕਵਾਇਦ ਦੱਸ ਕੇ ਪਹਿਲਾਂ ਤੋਂ ਵੱਧ ਕਵਾਇਦ ਦਾਨ ਕਰ ਦਿੱਤਾ ਸੀ ਅਤੇ ਵਰਦੀ ਦੀ ਬਨਾਵਟ ਨਿਰੋਲ ਫ਼੍ਰਾਂਸੀਸੀ ਨਮੂਨੇ ਅਨੁਸਾਰ ਬਦਲ ਦਿੱਤੀ ਸੀ । ਇਹ ਵਾਧਾ ਸੀ ਜੇਹੜਾ ਵਲੈਤੀ ਨੌਕਰਾਂ ਨੇ ਖਾਲਸਾ ਫ਼ੌਜ ਵਿਚ ਕੀਤਾ ।

—:-੦-:-

*ਮੋਰਕ੍ਰਾਫਟ, ਟ੍ਰੈਵਲਜ਼ ਇਨ ਦੀ ਹਿਮਾਲਾਇਆ ਪ੍ਰੋਵਿਨਸ ਜਿ: ੧, ਸਫ਼ਾ ੯੮ ।

ਲਿਖਤ ਆਧਾਰ ਸੋਮੇ

ਇਸ ਪੁਸਤਕ ਦੇ ਲਿਖਣ ਵਿਚ ਸਾਨੂੰ ਖਾਲਸਾ ਰਾਜ ਸਮੇਂ ਦੇ ਬਹੁਤ ਸਾਰੇ ਹੱਥ ਲਿਖਦੀ ਸ਼ਾਹੀ ਫ਼ਰਮਾਨ, ਸੰਨਦਾਂ, ਚਿੱਠੀਆਂ, ਮੁਰਾਸਲੇ, ਪਰਵਾਨੇ ਯਾਦਾਸ਼ਤਾਂ ਅਤੇ ਦੁਰਲਭ ਪੁਸਤਕਾਂ ਤੋਂ ਸਹਾਇਤਾ ਮਿਲੀ ਹੈ ਜਿਸ ਲਈ ਅਸੀਂ ਉਨ੍ਹਾਂ ਲੇਖਕਾਂ ਦੇ ਹਿਤੋਂ ਚਿਤੋਂ ਧੰਨਵਾਦੀ ਹਾਂ। ਇਨ੍ਹਾਂ ਵਿਚੋਂ ਕੁਝਕੁ ਦੇ ਨਾਮ ਹੇਠਾਂ ਦੇਂਦੇ ਹਾਂ:-

ਰੋਜ਼ਨਾਮਚੇ

ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ (ਸੋਹਨ ਲਾਲ)

ਰੋਜ਼ਨਾਮਚਾ ਮੌਲਵੀ ਐਹਮਦ ਬਖ਼ਸ਼ ਚਿਸ਼ਤੀ ਯਕਦਿਲ, ਸੰਨ ੧੮੧੯ ਤੋਂ ੧੮੪੦ ਲਿਖਤੀ। ਜ਼ਫਰਨਾਮਾਏ ਰੰਜੀਤ ਸਿੰਘ (ਦੀਵਾਨ ਅਮਰ ਨਾਥ)

ਤੈਹਕੀਕਾਤੇ ਚਿਸ਼ਤੀ (ਮੌਲਾਨਾ ਨੂਰ ਐਹਮਦ)

ਤਵਾਰੀਖਾਂ

ਤਵਾਰੀਖ ਪੰਜਾਬ (ਬੂਟੇ ਸ਼ਾਹ, ਗੁਲਾਮ ਮੁਹੀਉਦੀਨ)
ਹਿਸਾਬੇ ਅਫ਼ਵਾਜੇ ਸਰਕਾਰ ਖਾਲਸਾ ਦਰ ਪਿਸ਼ਾਵਰ (ਬੂਟੇ ਸ਼ਾਹ)
ਤਵਾਰੀਖ ਪੰਜਾਬ, ਰਸਾਲਾ ਸਾਹਿਬ ਨਿਮਾਂ (ਗਨੇਸ਼ ਦਾਸ)
ਤਵਾਰੀਖੇ ਸ਼ਾਹ ਸ਼ੁਜਾ (ਰਤਨ ਚੰਦ)
ਤਵਾਰੀਖੇ ਸਿਖਾਂ (ਰਤਨ ਚੰਦ)
ਤਵਾਰੀਖੇ ਸਿਖਾਂ (ਤੋਤਾ ਰਾਮ)
ਤਵਾਰੀਖੇ ਪਿਸ਼ਾਵਰ (ਗੋਪਾਲ ਦਾਸ)
ਤਵਾਰੀਖੇ ਹਜ਼ਾਰਾ (ਮੈਹਤਾਬ ਸਿੰਘ)
ਤਵਾਰੀਖੇ ਅਹਿਮਦ ਮਹਾਰਾਜਾ ਰੰਜੀਤ ਸਿੰਘ ਵ ਸਰਦਾਰਨੇ ਖਾਲਸਾ
ਤਵਾਰੀਖੇ ਪੰਜਾਬ (ਘਨੱਯਾ ਲਾਲ)
ਤਵਾਰੀਖੇ ਸੂਬਾ ਸਰਹੱਦੀ (ਮੌਲਵੀ ਮੀਰਾਂ ਬਖਸ਼)
ਤਵਾਰੀਖੇ ਸੂਬਾ ਸਰਹੱਦੀ (ਕ੍ਰਿਸ਼ਨ ਲਾਲ)
ਤਵਾਰੀਖੇ ਡੇਰਾ ਅਸਮਾਈਲ ਖ਼ਾਨ (ਦੀਵਾਨ ਚਰਨਜੀਤ ਲਾਲ)
ਤਵਾਰੀਖੇ ਮੁਲਤਾਨ (ਹੁਕਮ ਚੰਦ)

ਤਵਾਰੀਖੇ ਪੰਜਾਬ (ਦੇਵੀ ਪਰਸ਼ਾਦ)
ਤਵਾਰੀਖੇ ਪੰਜਾਬ (ਭਾਈ ਪ੍ਰਮਾ ਨੰਦ)
ਤਵਾਰੀਖੇ ਗੁਰੂ ਖਾਲਸਾ (ਗਿਆਨ ਸਿੰਘ)
ਤਵਾਰੀਖੇ ਰਊਸਾਏ ਪੰਜਾਬ (ਨਿਵਾਜ਼ਸ਼ ਅਲੀ)
ਹਿਸਟਰੀ ਆਫ ਦੀ ਸਿਖਸ (ਕਨਿੰਘਮ)
ਹਿਸਟਰੀ ਆਫ ਦੀ ਸਿਖਸ (ਮੈਕਗ੍ਰੈਗਰ)
ਹਿਸਟਰੀ ਆਫ ਦੀ ਪੰਜਾਬ (ਮੁਹੰਮਦ ਲਤੀਫ)
ਹਿਸਟਰੀ ਆਫ ਦੀ ਵਾਰ ਇਨ ਅਫ਼ਗਾਨਿਸਤਾਨ (ਜਾਨ ਕੇ)
ਹਿਸਟਰੀ ਆਫ ਦੀ ਅਫ਼ਗਾਨਜ਼ (ਫੈਰਿਰ)
ਹਿਸਟਰੀ ਆਫ ਦੀ ਰੇਨੰਗ ਫੈਮਲੀ ਆਫ ਲਾਹੌਰ (ਸਮਾਇਥ)
ਹਿਸਟਰੀ ਆਫ ਦੀ ਬ੍ਰਿਟਿਸ਼ ਇੰਡੀਆ (ਮਰੇ)
ਹਿਸਟਰੀ ਆਫ ਮੁਲਤਾਨ (ਸ.ਲਤੀਫ)
ਹਿਸਟਰੀ ਆਫ ਦੀ ਇੰਡੀਅਨ ਵਾਰਸ (ਡੀ.ਕਲੈਮਿੰਟ)

ਸ.ਫਰਨਾਮੇ

ਟ੍ਰੈਵਲਜ਼ ਇਨ ਕਸ਼ਮੀਰ ਐਂਡ ਦੀ ਪੰਜਾਬ (ਬੈਰਨ ਹੂਗਲ)
ਟ੍ਰੈਵਲਜ਼ ਇਨ ਅਫ਼ਗਾਨਿਸਤਾਨ, ਬਿਲੋਚਸਤਾਨ ਐਂਡ ਦੀ ਪੰਜਾਬ (ਮੈਸਨ)
ਟ੍ਰੈਵਲਜ਼ ਇਨ ਦੀ ਹਿਮਾਲਾਇਨ ਪ੍ਰਵੰਸਸ ਆਫ ਹਿੰਦੂਸਤਾਨ ਐਂਡ ਪੰਜਾਬ (ਮੋਰ ਕ੍ਰਾਫਟ)
ਟ੍ਰੈਵਲਜ਼ ਇਨ ਦੀ ਕਸ਼ਮੀਰ ਐਂਡ ਅਫ਼ਗਾਨਿਸਤਾਨ (ਵੀਜਨ)
ਟ੍ਰੈਵਲਜ਼ ਇਨ ਇੰਡੀਆ ਇਨਕਲੂਡੰਗ ਸਿੰਧ ਐਂਡ ਪੰਜਾਂਬ (ਊਰਲਿਚ)
ਟ੍ਰੈਵਲਜ਼ ਇਨ ਪੰਜਾਬ, ਅਫ਼ਗਾਨਿਸਾਨ ਐਂਡ ਤੁਰਕਸਤਾਨ (ਮੋਹਨ ਲਾਲ)
ਟ੍ਰੈਰਲਜ਼ ਐਂਡ ਅਡਵਾਂਚਰ ਆਫ ਦੀ ਰਊਰਿਡ (ਵੂਲਫ)
ਏ ਜਰਨਲ ਆਫੇ ਮਾਰਚ ਫਰਾਮ ਦਿੱਲੀ ਟੂ ਪਿਸ਼ਾਵਰ ਐਂਡ ਕਾਬਲ (ਬਾਰ)
ਜਰਨਲ ਆਫੇ ਟੂਰ ਇਨ ਅਪਰ ਹਿੰਦੂਸਤਾਨ (ਸੀ.ਫ੍ਰੈਂਚ)

ਜੀਵਨੀਆਂ

ਲਾਈਫ ਆਫ ਰਣਜੀਤ ਸਿੰਘ (ਲੈਪਲ ਗ੍ਰਿਫਨ)

ਲਾਈਫ ਆਫ ਰਣਜੀਤ ਸਿੰਘ (ਪ੍ਰਿੰਸਪ)
ਲਾਈਫ ਆਫ ਹਨਰੀ ਲਾਰੰਸ (ਮੈਕਲੋਡ ਇਨਜ਼)
ਲਾਈਫ ਆਫ ਲਾਰਡ ਲਾਰੰਸ (ਸਰ ਚਾਰਲਸ ਅਚੀਸਨ)
ਲਾਈਫ ਆਫ ਹਨਰੀ ਲਾਰੰਸ (ਐਡਵਰਡਜ਼ ਐਂਡ ਮੋਰੀਵਲ)
ਲਾਈਫ ਆਫ ਜਾਨ ਨਿਕਲਸਨ (ਟ੍ਰਟਰ)
ਲਾਈਫ ਆਫ ਜੈਮਜ਼ ਸਕਿਨਰ (ਟ੍ਰੇਜ਼ਰ)
ਲਾਈਫ ਆਫ ਜਰਨਲ ਆਵੀਤਾਬੀਲ (ਜੋਲੀਅਨ ਜੇਮਜ਼ ਕਾਟਨ)
ਲਾਈਫ ਆਫ ਜਾਰਜ ਥਾਮਸ (ਫਰੈਂਕਲਿਨ)
ਲਾਈਫ ਆਫ ਸਰ ਹਨਰੀ ਡਾਊਰੰਡ (ਡਾਊਰੰਡ)
ਲਾਈਫ ਆਫ ਸਰ ਵਿਲੀਅਮ ਨਾਟ (ਨਾਟ)
ਲਾਈਫ ਆਫ ਅਮੀਰ ਦੋਸਤ ਮੁਹੰਦ ਖ਼ਾਨ (ਮੋਹਨ ਲਾਲ)
ਲਾਈਫ ਇਨ ਮਿਸ਼ਨ ਕੈਂਪ ਐਂਡ ਜ਼ਨਾਨਾ (ਮਿਸਜ਼ ਮਿਕਨਜ਼ੀ)
ਲਾਈਫ ਐਂਡ ਵਰਕ ਆਫ ਮੋਹਨ ਲਾਲ ਕਸ਼ਮੀਰੀ (ਗੁਪਤਾ)
ਲਾਈਫ ਆਫ ਲਾਰਡ ਬਿਨਟਿਕ (ਬੋਲਗਰ)
ਲਾਈਫ ਆਫ ਵਿਸਕਾਊਂਟ ਹਾਰਡੰਗ (ਚਾਰਲ ਹਾਰਡੰਗ)
ਲਾਈਫ ਆਫ ਅਰਲ ਆਫ ਆਕਲੈਂਡ (ਟ੍ਰਟਰ)
ਲਾਈਫ ਐਂਡ ਕਾਰਸਪਾਡੰਸ ਆਫ ਲਾਰਡ ਮੈਟਕਾਫ (ਜਾਨ ਕੇ)
ਲਾਈਫ ਅਡ ਇੰਡੀਅਨ ਆਫੀਸਰਸ (ਜਾਨ ਕੇ)
ਲਾਈਫ਼ਜ਼ ਆਫ ਕਰਨਲ ਅਲਿਗਜ਼ੈਂਡਰ ਗਾਰਡਨਰ (ਪੀਅਰਸ)
ਰਣਜੀਤ ਸਿੰਘ (ਨਰਿੰਦਰ ਕ੍ਰਿਸ਼ਨ ਸਿਨਾਹ)
ਮਹਾਰਾਜਾ ਰਣਜੀਤ ਸਿੰਘ (ਖਾਲਸਾ ਕਾਲਜ ਸੈਂਟਨਰੀ ਕਮੇਟੀ)
ਮਹਾਰਾਜਾ ਰਣਜੀਤ ਸਿੰਘ ਸੈਂਟਨਰੀ ਵਾਲੀਅਮ (ਸੈਂਟਨਰੀ ਕਮੇਟੀ ਕਾਨ੍ਹਪੁਰ)
ਮਹਾਰਾਜ ਰਣਜੀਤ ਸਿੰਘ (ਸੀਤਾ ਰਾਮ ਕੋਲੀ)
ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ (ਬਾਬਾ ਪ੍ਰੇਮ ਸਿੰਘ)
ਲਾਰੰਸ ਆਫ ਲਖਨਊ (ਮੋਰੀਸਨ)

ਹੋਰ ਸੰਬੰਧਤ ਪੁਸਤਕਾਂ

ਵਾਰ ਇਨ ਅਫ਼ਗਾਨਿਸਤਾਨ ੧੮੩੯ (ਹੈਵਲਾਕ)
ਪਰਸਨਲ ਨੈਰੇਟਵ ਆਫ ਜਰਨਲ ਹਾਰਲਨ (ਜੋਸ਼ੀਆ ਹਾਰਲੱਨ)

ਫਾਈਵ ਯੀਅਰਸ ਇਨ ਇੰਡੀਆ ੧੮੩੫-੧੮੩੯ (ਐਚ.ਈ.ਫੈਨ)
ਅਪ ਦੀ ਕੰਟਰੀ (ਮਿਸ ਈਡਨ)
ਯੂਰਪੀਅਨ ਆਫੀਸਰਸ ਇਨ ਦੀ ਸਰਵਸ ਆਫ ਰੰਜੀਤ ਸਿੰਘ ਐਂਡ ਹਿਜ਼ ਸੈਕ ਸਸਰ (ਹੰਟ)
ਯੂਰਪੀਅਨ ਅਡਵਾਂਚਰਸ ਇਨ ਦੀ ਨਾਰਦਰਨ ਇੰਡੀਅਨ (ਗ੍ਰੈਐਂਡ ਗੈਰਟ)
ਐਡਵਾਂਚਰਸ ਆਫ ਏਨ ਆਫੀਸਰ ਇਨ ਦੀ ਪੰਜਾਬ (ਹੈਨਰੀ ਲਾਰੰਸ)
ਕਲਕੱਤਾ ਰੀਵੀਓ ੧੮੪੨-੧੮੫੦
ਏ ਯੀਅਰ ਆਨ ਦੀ ਪੰਜਾਬ ਫ੍ਰੰਟੀਅਰ (ਐਡਵਰਡਜ਼)
ਸਿੱਖਜ਼ ਐਂਡ ਸਿਖ ਵਾਰਸ (ਗੋਫ ਐਂਡ ਇਨਜ਼)
ਮੈਮੋਇਰ ਆਫ ਇੰਡੀਆ ਐਂਡ ਅਫ਼ਗਾਨਿਸਤਾਨ (ਹਾਰਲਨ)
ਥਰਟੀ ਫਾਇਵ ਯੀਅਰਸ ਇਨ ਦੀ ਈਸਟ (ਹਾਂਨਗਬਰਗਰ)
ਇਨਸਕ੍ਰਿਪਸ਼ਨਸ ਆਨ ਟੋਂਬਸ ਇਨ ਦੀ ਪੰਜਾਬ (ਇਰਵੰਗ ਮਿਲਸ)
ਲੈਟਰਸ ਫ਼ਰਾਮ ਇੰਡੀਆ (ਜੈਕੋ ਮੋਂਟ)
ਮਿਲਟਰੀ ਸਰਵਸ ਇਨ ਅਫ਼ਗ਼ਾਨਿਸਤਾਨ (ਮੈਕਿਨਨ)
ਕੋਰਟ ਐਂਡ ਕੈਂਪ ਆਫ ਰੰਜੀਤ ਸਿੰਘ (ਆਜ਼ਬਰਨ)
ਪੰਜਾਬ ਗੋਵਰਨਮਿੰਟ ਰੀਕਾਰਡਸ
ਖਾਲਸਾ ਦਰਬਾਰ ਰੀਕਾਰਡਸ (ਸੀਤਾ ਰਾਮ)
ਪੰਜਾਬ ਐਜ਼ੇ ਸਾਵਰਨ ਸਟੇਟ (ਗੁਲਸ਼ਨ ਲਾਲ ਚੋਪੜਾ)
ਦੀ ਆਰਮੀ ਆਫ ਮਹਾਰਾਜਾ ਰੰਜੀਤ ਸਿੰਘ (ਜਰਨਲ ਆਫ ਇੰਡੀਅਨ ਹਿਸਟਰੀ ਸੀਤਾ ਰਾਮ)

ਇਸ ਪੁਸਤਕ ਦੀ ਤਿਆਰੀ ਵਿਚ ਸਾਨੂੰ ਜਿਨ੍ਹਾਂ ਜਿਨ੍ਹਾਂ ਸੋਮਿਆਂ ਤੋਂ ਸਹਾਇਤਾ ਮਿਲੀ ਹੈ, ਅਸਾਂ ਉਨ੍ਹਾਂ ਦੇ ਨਾਮ ਫੁਟਨੋਟਾਂ ਵਿਚ ਦੇ ਦਿਤੇ ਹਨ। ਪਰ ਜੇ ਕੋਈ ਨਾਮ ਸਾਡੀ ਨਜ਼ਰੋਂ ਓਹਲੇ ਰਹਿ ਗਿਆ ਹੋਵੇ ਤਾਂ ਅਸੀਂ ਉਸ ਦਾ ਵੀ ਦਿਲੀ ਧੰਨਵਾਦ ਕਰਦੇ ਹਾਂ।

ਤਸਵੀਰਾਂ ਦਾ ਤਤਕਰਾ

ਤਤਕਰਾ

ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ ੧੮

ਜਰਨੈਲ ਆਵੀਤਾਬੀਲ ੬੩

---0---

ਫ਼ਰਾਂਸੀਸੀ ਕਾਰਿੰਦੇ

---0---

---o---

---o---

---o---

---o---



ਜਰਨੈਲ ਵੈਨਤੂਰਾ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ ਹੋਤੀ







ਇਟਾਲੀਅਨ ਕਾਰਿੰਦੇ

ਜਰਨੈਲ ਵੈਨਤੂਰਾ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜਰਨੈਲ ਵੈਨਤੂਰਾ Ventura	ਇਟਾਲੀਅਨ	ਮਾਰਚ ੧੮੨੨-੪੪	੩੮੦੦ *

ਜਨਮ

ਵੈਨਤੂਰਾ ਦੇ ਜਨਮ ਬਾਰੇ ਖੋਜ ਕੀਤਿਆਂ ਜੋ ਕੁਝ ਮਾਲੂਮ ਹੋ ਸੱਕਿਆ ਹੈ, ਇਹ ਹੈ ਕਿ ਉਹ ਸੰਨ ੧੭੯੨-੯੩ ਦੇ ਵਿਚਾਲੇ ਇਟਲੀ ਦੇ ਇਕ ਕੈਥੋਲਕ ਘਰਾਣੇ ਵਿਚ ਜਨਮਿਆਂ †।

ਸੰਨ ੧੮੧੦ ਈ: ਵਿਚ ਇਸਨੂੰ ਇਕ ਇਟਾਲੀਅਨ ਰਜਮਟ ਵਿਚ ਜੇਹੜੀ ਨੈਪੋਲੀਅਨ ਬੋਨਾਪਾਰਟ ਦੀ ਸਹਾਇਤਾ ਲਈ ਨਵੀਂ ਨਵੀਂ ਖੜੀ ਕੀਤੀ ਗਈ ਸੀ, ਲੈਫਟੀਨੈਂਟ ਦਾ ਅਹੁਦਾ ਦਿੱਤਾ ਗਿਆ।

ਵੈਨਤੂਰਾ ਨੇ ਆਪਣੀ ਰਜਮਟ ਨਾਲ ਯੂਰਪ ਦੀਆਂ ਕਈ ਲੜਾਈਆਂ ਵਿਚ ਹਿੱਸਾ ਲਿਆ. ਸੰਨ ੧੮੨੨ ਵਿੱਚ ਨੈਪੋਲੀਅਨ ਦੀ ਰੂਸ ਪਰ ਚੜ੍ਹਾਈ ਸਮੇਂ ਇਹ ਬੜੀ ਬਹਾਦਰੀ ਨਾਲ ਲੜਿਆ ਸੀ।

ਉਹ ਉਹਨਾਂ ਗਿਣਤੀ ਦਿਆਂ ਚੋਣਵਿਆਂ ਫੌਜੀਆਂ ਵਿਚੋਂ ਸੀ, ਜੇਹੜੇ ਨੈਪੋਲੀਅਨ ਨਾਲ ਜਾਨ ਬਚਾ ਕੇ ਪੈਰਸ ਪੁੱਜੇ ਸਨ। ਸੰਨ ੧੮੧੫ ਵਾਲੀ ਵਾਟਰਲੂ ਦੀ, ਜਗਤ ਪ੍ਰਸਿੱਧ ਲੜਾਈ, ਜਿਸ ਵਿਚ ਨੈਪੋਲੀਅਨ

---

*ਇਹ ਤਲਬ ਮਾਹਵਾਰੀ ਹੈ।

† ਵੈਨਤੂਰਾ ਦੇ ਨਾਮ ਤੇ ਕੌਮੀਅਤ ਬਾਰੇ ਡਾਕਟਰ ਵੂਲਫ ਦਾ ਇਹ ਲਿਖਣਾ ਕਿ ਉਸ ਦਾ ਅਸਲ ਨਾਮ ਰੇਬਿਨ ਬਿਨਤੂਰਾ ਅਤੇ ਕੌਮੀਅਤ ਯਹੂਦੀ ਸੀ, ਠੀਕ ਨਹੀਂ। ਵੈਨਤੂਰਾ ਨੇ ਆਪਣੀ ਕੌਮੀਅਤ ਆਦਿ ਬਾਰੇ ਜੇਹੜਾ ਬਿਆਨ ਮਿਸਜ਼ ਮੈਕੰਜ਼ੀ ਨੂੰ ਲਿਖਵਾਇਆ ਹੈ ਉਹ ਸਭ ਤੋਂ ਪੱਕਾ ਸਬੂਤ ਹੈ। ਇਸ ਵਿਚ ਇਸ ਨੇ ਆਪਣੇ ਆਪ ਨੂੰ ਕੈਥੋਲਕ ਈਸਾਈ, ਤੇ ਨਾਮ ਵੈਨਤੂਰਾ ਦੱਸਿਆ ਹੈ। ਦੇਖੋ ਲਾਈਫ਼ ਇਨ ਮਿਸ਼ਨ ਕੈਂਪ ਐਂਡ ਜ਼ਨਾਨਾ, ਸਫ਼ਾ ੧੦੭।

ਬੋਨਾਪਾਰਟ* ਦੀ ਸ਼ਕਤੀ ਦਾ ਅੰਤ ਹੋ ਗਿਆ ਸੀ ਵੈਨਤੂਰਾ ਸਣੇ ਆਪਣੀ ਰਜਮਟ ਦੇ ਉਸ ਵਿਚ ਸ਼ਾਮਲ ਸੀ, ਮਿਸਟਰ ਪ੍ਰਿੰਸਪ ਲਿਖਦਾ ਹੈ ਕਿ ਇਸ ਸਮੇਂ ਵੈਨਤੂਰਾ ਕਰਨੈਲੀ ਦੇ ਅਹੁਦੇ ਪਰ ਸੀ†।

---

*ਨੈਪੋਲਿਅਨ ਬੋਨਾਪਾਰਟ ਦਾ ਜਨਮ ਸੰਨ ੧੭੬੯ ਵਿਚ ਇਕ ਵਕੀਲ ਦੇ ਘਰ, ਕਾਰਸੀਕਾ ਫਰਾਂਸ ਦੇ ਇਕ ਨਿਕੇ ਜਿਹੇ ਪਿੰਡ ਏਜੈਕਿਯੋ ਵਿਚ ਹੋਇਆ। ਉਹ ਸਕੂਲ ਦੀ ਪੜ੍ਹਾਈ ਮੁਕਾ ਕੇ ਅੰਜੇ ਨਵਾਂ ਨਵਾਂ ਜਵਾਨੀ ਚੜ੍ਹਿਆ ਸੀ ਕਿ ਸੰਨ ੧੭੯੨ ਨੂੰ ਫਰਾਂਸ ਵਿਚ ਰਾਜ ਦ੍ਰੋਹੀ ਦਾ ਝੱਖੜ ਭਿਆਨਕ ਰੂਪ ਵਿਚ ਝੁੱਲ ਪਿਆ। ਇਸ ਹਨੇਰ ਗਰਦੀ ਵਿਚ ਫ਼ਰਾਂਸ ਦੇ ਬਾਦਸ਼ਾਹ ਲਯੂਈ ਸੋਲਵੇਂ ਨੂੰ ਫਾਹੇ ਦੇ ਦਿੱਤਾ ਗਿਆ ਜਿਸਦੇ ਕਾਰਨ ਸਾਰੇ ਫ਼ਰਾਂਸ ਵਿਚ ਰਾਜਰੋਲੇ ਦੀ ਅੱਗ ਹੋਰ ਵਧੇਰੀ ਭੜਕ ਉੱਠੀ। ਇਸ ਭਿਆਨਕ ਸਮੇਂ ਨੈਪੋਲੀਅਨ, ਜਨਤਾ ਵਲੋਂ ਤੋਪਖਾਨਾ ਫ਼ੌਜ ਵਿਚ ਭਰਤੀ ਹੋ ਗਿਆ।

ਇਹ ਗੱਲ ਸੰਨ ੧੭੯੨ ਦੀ ਹੈ। ਨੈਪੋਲੀਅਨ ਇਸ ਸਾਲ ਪਹਿਲੀ ਵਾਰ ਟਊਲਨ ਦੇ ਸੰਗਰਾਮ ਵਿਚ ਗਿਆ ਉਥੇ ਉਸ ਨੇ ਆਪਣੀ ਬੀਰਤਾ ਦੇ ਉਹ ਅਲੋਕਿਕ ਕਾਰਨਾਮੇ ਦਸੇ, ਜਿਸਦੇ ਕਾਰਨ ਉਸ ਦੀ ਵਡੀ ਨਾਮਵਰੀ ਹੋਈ। ਇਸ ਦੇ ਉਪ੍ਰੰਤ ਉਸ ਦੀਆਂ ਸਫ਼ਲਤਾਈਆਂ ਦਾ ਸੂਰਜ ਇਥੇ ਤਕ ਸਿਖਰ ਪਰ ਪੁਜਾ ਕਿ ਫ਼ਰਾਂਸ ਦੀ ਜਨਤਾ ਨੇ ਨੈਪੋਲੀਅਨ ਨੂੰ ੧੮੦੪ ਵਿਚ ਸ਼ਹਿਨਸ਼ਾਹ ਦੀ ਪਦਵੀ ਦੇ ਦਿੱਤੀ। ਆਪ ਦੇ ਸਿਰ ਪਰ ਸ਼ਾਹੀ ਤਾਜ ਰੱਖਣ ਲਈ, ਪੋਪ ਆਪ ਇਟਲੀ ਤੋਂ ਫ਼ਰਾਂਸ ਆਇਆ ਇਹ ਮਾਨ ਇਸ ਤੋਂ ਪਹਿਲਾਂ ਪੋਪ ਨੇ ਕਿਸੇ ਹੋਰ ਨੂੰ ਨਾ ਸੀ ਬਖ਼ਸ਼ਿਆ।

ਅਨਗਿਣਤ ਕਾਮਯਾਬੀਆਂ ਦੇ ਮਦ ਵਿਚ ਉਸ ਤੋਂ ਆਪਣੇ ਜੀਵਨ ਦੇ ਛੇਕੜਲੇ ਸਾਲਾਂ ਵਿਚ ਇੱਕ ਦੋ ਵੱਡੀਆਂ ਭੁੱਲਾਂ ਹੋਈਆਂ, ਜਿਨ੍ਹਾਂ ਦੇ ਕਾਰਨ ਉਹ ਤਬਾਹ ਹੋ ਗਿਆ। ਪਹਿਲੀ ਭੁੱਲ ਉਹ ਸੀ ਜੇਹੜੀ ਉਸ ਤੋਂ ਸੰਨ ੧੮੧੨ ਵਿਚ ਰੂਸ ਪਰ, ਕੁਰੁੱਤੇ ੬ ਲੱਖ ਫ਼ੌਜ ਨਾਲ ਚੜ੍ਹਾਈ ਕਰਨੀ ਸੀ, ਇਸ ਮੁਹਿੰਮ ਵਿਚ ਉਸ ਦੀ ਲਗ ਪਗ ਸਾਰੀ ਫ਼ੌਜ ਭੁਖ ਅਤੇ ਠੰਡ ਦੇ ਕਾਰਨ ਸਿਸ਼ਕ ਸਿਸਕ ਕੇ ਨਸ਼ਟ ਹੋ ਗਈ। ਇਸ ਦੇ ਉਪਰੰਤ ਸੰਨ ੧੮੧੪ ਵਿਚ ਉਹ ਮੁੜ ਯੂਰਪ ਦੀਆਂ ਸੰਮਿਲਤ ਤਾਕਤਾਂ ਪੇਰੋਸ਼ੀਆ, ਰੂਸ ਤੇ ਬਰਤਾਨੀਆਂ ਦੇ ਟਾਕਰੇ ਲਈ ਮੈਦਾਨ ਵਿਚ ਨਿਕਲਿਆ।

ਇਸ ਸਾਲ ਉਹ ਇਥੇ ਤਕ ਅਸਫਲ ਰਿਹਾ ਕਿ ਵਾਟਰਲੂ ਦੇ ਮੈਦਾਨ ਵਿਚ ਅੰਗ੍ਰੇਜ਼ਾਂ ਦੇ ਹੱਥੋਂ ਕੈਦ ਹੋ ਕੇ ਸੈਂਟਹੈਲਨਾ ਦੇ ਟਾਪੂ ਵਿਚ ਜਲਾਵਤਨ ਕਰ ਦਿੱਤਾ ਗਿਆ। ਉਥੇ ਹੀ ੫ ਮਈ ਸੰਨ ੧੮੨੧ ਦੀ ਰਾਤ ਨੂੰ ਕ੍ਰੋੜਾਂ ਮਨੁੱਖਾਂ ਪਰ ਹਕੂਮਤ ਕਰਨ ਵਾਲਾ ਨੈਪੋਲੀਅਨ ਇਕੱਲਾ ਕੈਦ ਵਿਚ ਮਰ ਗਿਆ।

*ਪ੍ਰਿੰਸਪਜ਼ ਰਣਜੀਤ ਸਿੰਘ, ਸਫਾ ੧੩੩ ਕਨਿੰਘਮ ਹਿਸਟਰੀ ਆਫ਼ ਦੀ ਸਿਖਸ।

ਨੈਪੋਲੀਅਨ ਦੀ ਹਕੂਮਤ ਦੇ ਅੰਤ ਹੋ ਜਾਣ ਪਰ ਫ਼ਰਾਂਸ ਅਤੇ ਇਟਲੀ ਦੀਆਂ ਬਹੁਤ ਸਾਰੀਆਂ ਫ਼ੌਜਾਂ ਤੋੜ ਦਿੱਤੀਆਂ ਗਈਆਂ ਜਿਨ੍ਹਾਂ ਵਿਚ ਵੈਨਤੂਰਾ ਦੀ ਰਜਮਟ ਵੀ ਟੁਟ ਗਈ ।

ਵੈਨਤੂਰਾ ਈਰਾਨ ਵਿਚ

ਵੈਨਤੂਰਾ ਦੀ ਫ਼ੌਜੀ ਨੌਕਰੀ ਛੁਟ ਜਾਣ ਦੇ ਬਾਅਦ ਉਹ ਮਣੇ ਆਪਣੇ ਇਕ ਸਾਥੀ ਐਲਾਰਡ ਦੇ ਉਪਜੀਵਕਾ ਦੀ ਭਾਲ ਵਿਚ, ਇਟਲੀ ਤੋਂ ਨਿਕਲਕੇ ਪਹਿਲਾਂ ਤੁਰਕੀ ਤੇ ਫਿਰ ਈਰਾਨ ਜਾ ਪਹੁੰਚਾ ।

ਵੈਨਤੂਰਾ ਪਿਸ਼ਾਵਰ ਵਿਚ

ਇਥੇ ਵੀ ਇਨ੍ਹਾਂ ਦੋਹਾਂ ਨੂੰ ਇਹਨਾਂ ਦੀ ਇੱਛਾ ਅਨੁਸਾਰ ਰੁਜ਼ਗਾਰ ਨਾ ਮਿਲਣ ਦੇ ਕਾਰਨ ਇਹ ਦੋਵੇਂ ਅਫ਼ਗਾਨਿਸਤਾਨ ਤੋਂ ਹੁੰਦੇ ਹੋਏ ਜਨਵਰੀ ਸੰਨ ੧੮੨੨ ਨੂੰ ਈਰਾਨੀ ਸੌਦਾਗਰਾਂ ਦੇ ਭੇਸ ਵਿਚ† ਪਿਸ਼ਾਵਰ ਪਹੁੰਚ ਗਏ ਅਤੇ ਇਥੇ ਦੀ ਜਾਮਿਆ ਮਸੀਤ ਵਿਚ ਆ ਡੇਰਾ ਲਾਇਆ‡। ਇਹ ਸਫ਼ਰ ਇਨ੍ਹਾਂ ਛੇ ਮਹੀਨਿਆਂ ਵਿਚ ਪੂਰਾ ਕੀਤਾ । ਹੈਨਰੀ ਲਾਰੰਸ ਲਿਖਦਾ ਹੈ ਕਿ ਰਾਹ ਦੀਆਂ ਔਕੜਾਂ ਤੇ ਪੰਧ ਦੇ ਲੰਮੇ ਹੋਣ ਦੇ ਕਾਰਨ ਇਹਨਾਂ ਦੀ ਸਾਰੀ ਪੂੰਜੀ ਖਰਚ ਹੋ ਗਈ ਅਤੇ ਇਹਨਾਂ ਨੂੰ ਕਈ ਵਾਰੀ ਮੰਗ ਪਿੰਨ ਕੇ ਨਿਰਬਾਹ ਕਰਨਾ ਪਿਆ । ਪਿਸ਼ਾਵਰ ਦੀ ਉਪਰੋਕਤ ਮਸੀਤ ਵਿਚ ਆਪਣੇ ਆਪ ਨੂੰ ਮੁਸਲਮ ਦੱਸਕੇ ਇਹਨਾਂ ਕਈ ਦਿਨਾਂ ਤਕ ਵਜ਼ੀਫ਼ੇ ਖਾ ਕੇ ਦਿਨ ਕੱਟੇ । ਇਥੇ ਵੈਨਤੂਰਾ 'ਮਹਾਜ਼ਨ' ਬਾਂਗੀ ਦੀ ਸੇਵਾ ਕਰਕੇ ਨਿਆਜ਼ ਯਾਰ੍ਹਵੀਂ ਦੀ ਖੈਰਾਤ ਖਾਂਦਾ ਰਿਹਾ । ਲਾਰੰਸ ਦੱਸਦਾ ਹੈ ਕਿ ਇਹ ਉਪਰੋਕਤ ਵਿੱਥਿਆ ਉਸ ਨੂੰ ਸ਼ਾਹ ਜ਼ਮਾਨ ਵਾਲੀਏ

---

†ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ ੪੨੭; ਪੰਜਾਬ ਗਵਰਨਮਿੰਟ ਰੀਕਾਰਡ ਜਿ: ੫, ਸਫ਼ਾ ੨੪ ।

‡ ਇਹ ਮਸੀਤ ਮਹਾਬਤ ਖਾਨ ਦੀ ਮਸਜਦ ਦੇ ਨਾਮ ਪਰ ਪ੍ਰਸਿੱਧ ਹੈ ਜੋ ਪਿਸ਼ਾਵਰ ਦੇ ਸਰਾਫਾਂ ਦੇ ਬਾਜ਼ਾਰ ਵਿਚ ਇਸ ਵਕਤ ਤਕ ਮੌਜੂਦ ਹੈ ।

ਅਫ਼ਗਾਨਿਸਤਾਨ ਦੇ ਇਕ ਇਤਬਾਰੀ ਕਾਰਦਾਰ ਨੇ ਦੱਸੀ ਸੀ *।

ਪਿਸ਼ਾਵਰ ਤੋਂ ਤੁਰਨ ਤੋਂ ਪਹਿਲਾਂ, ਵੈਨਤੂਰਾ ਨੇ ਆਪਣੀ ਤਸਬੀ ਇੱਕ ਯਹੂਦੀ ਸੌਦਾਗਰ ਪਾਸ ਵੇਚ ਦਿੱਤੀ ਜਿਸ ਵਿਚ ਕਈ ਨਗ ਬਹੁਮੁਲੇ ਸਨ । ਹੁਣ ਇਹਨਾਂ ਨੇ ਇਸ ਤਰ੍ਹਾਂ ਕੁਝ ਮਾਇਆ ਪ੍ਰਾਪਤ ਕਰ ਲਈ ਅਤੇ ਲਾਹੌਰ ਵੱਲ ਤੁਰ ਪਏ । ਇਹ ੧੦ ਮਾਰਚ ੧੮੨੨ ਦੀ ਸ਼ਾਮ ਨੂੰ ਸ਼ਾਹਦਰੇ ਪਹੁੰਚ ਗਏ ।

ਲਾਹੌਰ ਪਹੁੰਚਣ ਦੀ ਵਿੱਥਿਆ

ਇਸ ਤੋਂ ਅੱਗੇ ਵੈਨਤੂਰਾ ਤੇ ਐਲਾਰਡ ਦੇ ਲਾਹੌਰ ਪਹੁੰਚਣ ਅਤੇ ਸ਼ੇਰੇ ਪੰਜਾਬ ਨਾਲ ਇਹਨਾਂ ਦੀ ਪਹਿਲੀ ਮਿਲਣੀ ਦਾ ਹਾਲ ਪੰਜਾਬ ਰੀਕਾਰਡਸ, ਖਾਲਸਾ ਦਰਬਾਰ ਰੀਕਾਰਡਸ ਅਤੇ ਕਈ ਉਸ ਸਮੇਂ ਦੇ ਯਾਤਰੂਆਂ ਦੇ ਸਫ਼ਰਨਾਮਿਆਂ ਤੇ ਖਾਲਸਾ ਰਾਜ ਸੰਬੰਧੀ ਹੋਰ ਅਨੇਕਾਂ ਪੁਸਤਕਾਂ ਦੀ ਖੋਜ ਤੋਂ ਜੋ ਕੁਝ ਮਿਲ ਸਕਿਆ ਹੈ ਇਥੇ ਦੇ ਦਿੱਤਾ ਜਾਂਦਾ ਹੈ ।

ਮਹਾਰਾਜਾ ਰਣਜੀਤ ਸਿੰਘ ਨੂੰ ਜਦ ਰਪੋਰਟ ਪਹੁੰਚੀ ਕਿ ਦੋ ਵਲੈਤੀ ਯਾਤਰੂ ਕੱਲ੍ਹ ਰਾਤ ਲਾਹੌਰ ਪਹੁੰਚੇ ਹਨ ਤਾਂ ਸਰਕਾਰ ਨੇ ਮੁਨਸ਼ੀ ਸੰਧਾ ਰਾਮ ਨੂੰ ਹੁਕਮ ਦਿੱਤਾ ਕਿ ਉਹ ਨਵੇਂ ਆਏ ਦੋਵੇਂ ਯਾਤਰੂਆਂ ਵੈਨਤੂਰਾ ਤੇ ਅਲਾਂਰਡ † ਨੂੰ ਹਜ਼ੂਰੀ ਵਿਚ ਹਾਜ਼ਰ ਕਰੇ । ਕੁਝ ਸਮੇਂ ਦੇ ਬਾਅਦ ਉਹ ਦੋਵੇਂ ਹਾਜ਼ਰ ਕੀਤੇ ਗਏ । ਇਹਨਾਂ ਇਸ ਸਮੇਂ ਕੁਝ ਰੁਪਿਆ ਮਹਾਰਾਜਾ ਸਾਹਿਬ ਦੇ ਸਾਹਮਣੇ ਨਜ਼ਰ ਵਜੋਂ ਪੇਸ਼ ਕੀਤਾ, ਇਸ ਸਮੇਂ ਰਾਮ ਦਾਸ ਨਾਮੀ ਮਹਾਰਾਜਾ ਦੇ ਮੁਨਸ਼ੀਖਾਨੇ ਦੇ ਇਕ ਮੁਨਸ਼ੀ ਜੋ ਅੰਗ੍ਰੇਜ਼ੀ ਤੇ ਫਰਾਂਸੀਸੀ ਦੋਵੇਂ ਭਾਸ਼ਾਂ ਬੋਲ ਸਕਦਾ ਸੀ, ਦੋ-ਭਾਸ਼ੀ ਦਾ ਕੰਮ ਕੀਤਾ।

* ਮੇਜਰ ਲਾਰੰਸ, ਅਡਵਾਂਚਰ ਆਫ਼ ਏਨ ਅਫ਼ੀਸਰ ਜਿਲਦ ੧, ਸਫ਼ਾ ੪੩; ਜਨਰਲ ਆਫ਼ ਦੀ ਪੰਜਾਬ ਹਿਸਟੋਰੀਕਲ ਸੁਸਾਇਟੀ, ਜਿਲਦ ੬, ਸਫ਼ਾ ੧੫੦ ।

† ਲੁਧਿਆਣਾ ਏਜੰਸੀ ਦੇ ਰੀਕਾਰਡਜ਼ ਵਿਚ ਲਾਹੌਰ ਦੇ ਖਬਰ-ਨਵੀਸ ਨੇ ਐਲਾਰਡ ਦਾ ਨਾਮ 'ਉਲਰ' ਅਤੇ ਵੈਨਤੂਰਾ ਦਾ ਨਾਮ 'ਵੈਨਤੂਰ' ਲਿਖਿਆ ਹੈ ।

ਇਹਨਾਂ ਦੋਵਾਂ ਯਾਤਰੂਆਂ ਨੂੰ ਮਿਲਣ ਦੇ ਬਾਅਦ ਮਹਾਰਾਜਾ ਸਾਹਿਬ ਨੇ ਇਹਨਾਂ ਦਾ ਸੁਖ ਅਨੰਦ ਪੁਛਿਆ ਇਸ ਦੇ ਨਾਲ ਹੀ ਇਹ ਵੀ ਜਾਨਣਾ ਚਾਹਿਆ ਕਿ ਉਹ ਕਿਥੋਂ ਆਏ ਹਨ ? ਅਤੇ ਅਗੇ ਨੂੰ ਉਹਨਾਂ ਦਾ ਕੀ ਇਰਾਦਾ ਹੈ ? ਇਹਨਾਂ ਉੱਤਰ ਦਿੱਤਾ ਕਿ ਇਹ ਫ਼ਰਾਂਸੀਸੀ ਹਨ ਅਤੇ ਆਪ ਦੀ ਮਹਿਮਾ ਸੁਣ ਕੇ ਇਥੇ ਨੌਕਰੀ ਲਈ ਆਏ ਹਨ। ਉਹ ਰੋਮ, ਬਗ਼ਦਾਦ, ਈਰਾਨ, ਕੰਧਾਰ, ਕਾਬਲ, ਪਿਸ਼ਾਵਰ ਅਤੇ ਅਟਕ ਦੇ ਰਾਹ ਲਾਹੌਰ ਪਹੁੰਚੇ ਹਨ। ਫਿਰ ਮਹਾਰਾਜੇ ਨੇ ਉਹਨਾਂ ਤੋਂ ਪੁਛਿਆ ਕਿ ਕੀ ਉਹ ਫ਼ੌਜੀ ਹੁਨਰ ਤੋਂ ਜਾਣੂੰ ਹਨ ? ਉਹਨਾਂ ਦੱਸਿਆ ਕਿ ਉਹ ਨੈਪੋਲੀਅਨ ਬੋਨਾਪਾਰਟ ਦੇਂ ਮੁਸਾਹਿਬ ਰਹਿ ਚੁਕੇ ਹਨ ਅਤੇ ਉਸ ਦੀ ਫ਼ੌਜ ਵਿਚ ਕਰਨੈਲੀ ਦੇ ਅਹੁਦਿਆਂ ਪਰ ਸਨ। ਉਹ ਦੋਵੇਂ ਫ਼ੌਜੀ ਕੰਮ ਦੇ ਚੰਗੇ ਮਾਹਿਰ ਹਨ।

ਵੈਨਤੂਰਾ ਦੀ ਖਾਲਸਾ ਫ਼ੌਜ ਬਾਰੇ ਰਾਏ

ਇਸਦੇ ਉਪ੍ਰੰਤ ੧੩ ਮਾਰਚ ਸੰਨ ੧੮੨੨ ਦੇ ਲੌਢੇ ਪਹਿਰ ਮਹਾਰਾਜਾ ਸਾਹਿਬ ਨੇ ਆਪਣੀ ਕਵਾਇਦ-ਦਾਨ ਫ਼ੌਜ, ਧੋਕਲ ਸਿੰਘ ਵਾਲੀ ਬਟਾਲੀਅਨ ਨੂੰ ਹੁਕਮ ਦਿੱਤਾ ਕਿ ਉਹ ਇਹਨਾਂ ਫ਼ਰਾਂਸੀਸੀਆਂ ਨੂੰ ਆਪਣੀ ਯੂਰਪੀ ਤਰੀਕੇ ਪਰ ਸਿੱਖੀ ਹੋਈ ਕਵਾਇਦ ਦੱਸਣ, ਇਹ ਦੋਵੇਂ ਜਦ ਖਾਲਸਾ ਫ਼ੌਜ ਦੀ ਕਵਾਇਦ ਪ੍ਰੇਟ ਦੇਖ ਚੁਕੇ ਤਾਂ ਮਹਾਰਾਜੇ ਨੇ ਉਹਨਾਂ ਤੋਂ ਪੁਛਿਆ ਕਿ ਕੀ ਉਹਨਾਂ ਦੀ ਰਾਏ ਵਿਚ ਮੇਰੀ ਫ਼ੌਜ ਠੀਕ ਅੰਗ੍ਰੇਜ਼ੀ ਫ਼ੌਜ ਦੀ ਤਰ੍ਹਾਂ ਕਵਾਇਦ ਕਰਦੀ ਹੈ ? ਉਹਨਾਂ ਉੱਤਰ ਦਿੱਤਾ ਕਿ ਉਹਨਾਂ ਦੇ ਖ਼ਿਆਲ ਵਿਚ ਖ਼ਾਲਸਾ ਫ਼ੌਜ ਅੰਗ੍ਰੇਜ਼ਾਂ ਦੀ ਫ਼ੌਜ ਤੋਂ ਵਧ ਫ਼ੌਜੀ ਹੁਨਰ ਜਾਣਦੀ ਹੈ, ਇਹ ਕਵਾਇਦ ਸ਼ਾਮ ਤਕ ਹੁੰਦੀ ਰਹੀ।

ਹੌਸਲੇ ਦੀ ਪਰਖ

ਮਹਾਰਾਜਾ ਸਾਹਿਬ ਨੇ ਇਹਨਾਂ ਦੇ ਹੌਸਲੇ ਦੀ ਪਰਖ ਲਈ ਇਸ ਸਮੇਂ ਉਹਨਾਂ ਪਰ ਇੱਕ ਬੜਾ ਅਜੀਬ ਪ੍ਰਸ਼ਨ ਕੀਤਾ।

ਸਰਕਾਰ ਨੇ ਆਖਿਆ ਉਹ ਚਾਹੁੰਦਾ ਹੈ ਕਿ ਆਪਣੀ ਪੈਦਲ, ਸਵਾਰ ਅਤੇ ਤੋਪਖ਼ਾਨਾ ਫ਼ੌਜ ਉਹਨਾਂ ਦੀ ਕਮਾਂਡ ਵਿਚ ਦੇ ਦੇਵੇ ਅਤੇ ਉਹ ਇਸ ਫ਼ੌਜ ਨਾਲ ਪਹਿਲਾਂ ਪਿਸ਼ਾਵਰ ਫਿਰ ਕਾਬਲ ਤੇ ਕੰਧਾਰ ਨੂੰ ਫ਼ਤਿਹ ਕਰਨ ।

ਸ਼ੇਰਿ ਪੰਜਾਬ ਦੇ ਇਹ ਖ਼ਿਆਲ ਸੁਣ ਕੇ ਵੈਨਤੂਰਾ ਨੇ ਆਖਿਆ ਕਿ ਸਰਕਾਰ ਪਾਸ ਕਈ ਬਹਾਦਰ ਤੇ ਸੂਘੜ ਸਰਦਾਰ ਮੌਜੂਦ ਹਨ । ਚੰਗਾ ਇਹ ਹੋਵੇਗਾ ਕਿ ਫ਼ੌਜ ਦੀ ਜ਼ਿੰਮੇਂਵਾਰੀ ਉਹਨਾਂ ਦੇ ਹੱਥ ਸੌਂਪੀ ਜਾਏ, ਇਹ ਵੀ ਉਹਨਾਂ ਨਾਲ ਮਿਲਕੇ ਵਿਤ ਅਨੁਸਾਰ ਹਜ਼ੂਰ ਦੇ ਹੁਕਮ ਦੀ ਪਾਲਨਾ ਕਰਨਗੇ ।

ਬਿਲਾਸ ਭਰੀ ਪ੍ਰੀਖਿਆ

ਇਤਿਹਾਸ ਦੇ ਪ੍ਰੇਮੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਸ਼ੇਰਿ ਪੰਜਾਬ ਬੜੇ ਖ਼ੁਸ਼ ਰਹਿਣੇ ਸੁਭਾਵ ਦੇ ਮਾਲਕ ਸਨ । ਸਰਕਾਰ ਕਦੇ ਕਦੇ ਬੜੇ ਬੜੇ ਗੰਭੀਰਤਾ ਦੇ ਕੰਮਾਂ ਵਿਚ ਵੀ ਹਾਸ-ਰਸ ਦਾ ਹੁਲਾਰਾ ਲੈ ਲੈਂਦੇ ਹੁੰਦੇ ਸਨ ।

ਇਹਨੀਂ ਦਿਨੀਂ ਗੱਲਾਂ ਗੱਲਾਂ ਵਿਚ ਵੈਨਤੂਰਾ ਤੇ ਐਲਾਰਡ ਦੀ ਕੌਮੀਅਤ ਬਾਰੇ ਵਿਚਾਰ ਹੋ ਰਹੀ ਸੀ ਕਿ ਕੀ ਇਹ ਦੋਵੇਂ ਠੀਕ ਫ਼ਰਾਂਸੀਸੀ ਹਨ ?*

ਇਸ ਸਮੇਂ ਮਹਾਰਾਜਾ ਸਾਹਿਬ ਨੂੰ ਇਕ ਬੜੀ ਹਾਸ-ਰਸ ਭਰੀ ਵਿਓਂਤ ਸੁੱਝੀ ਜੋ ਇਸ ਤਰ੍ਹਾਂ ਸੀ ਕਿ ਸਰਕਾਰ ਨੇ ਆਪਣੇ ਨੌਕਰਾਂ ਵਿਚੋਂ ਇਕ ਨੂੰ ਬੁਲਾਇਆ । ਜੇਹੜਾ ਅੰਗ੍ਰੇਜ਼ੀ ਲਿਖ ਸਕਦਾ ਸੀ ਅਤੇ ਉਸ

---

*ਮਾਲੂਮ ਹੁੰਦਾ ਹੈ ਕਿ ਪਹਿਲਾਂ ਸ਼ੇਰਿ ਪੰਜਾਬ ਦੇ ਮਨ ਵਿਚ ਇਹਨਾਂ ਬਾਰੇ ਸ਼ੰਕਾ ਸੀ ਕਿ ਇਹ ਫ਼ਰਾਂਸੀਸੀ ਨਹੀਂ, ਅੰਗ੍ਰੇਜ਼ ਹਨ । ਇਹੀ ਕਾਰਨ ਸੀ ਕਿ ਇਹਨਾਂ ਨੂੰ ਨੌਕਰ ਰੱਖਣ ਸਮੇਂ ਖੋਜ ਪੜ੍ਹੋਲ ਪਰ ਇੱਨਾਂ ਸਮਾਂ ਲਗਾ ਸੀ।

ਨੂੰ ਹੁਕਮ ਦਿੱਤਾ ਕਿ ਉਹ ਇਕ ਖਤ ਅੰਗਰੇਜ਼ੀ ਵਿਚ ਮਿਸਟਰ ਮੋਰਕ੍ਰਾਫ਼ਟ ਵਲੋਂ† ਵੈਨਤੂਰਾ ਤੇ ਐਲਾਰਡ ਦੇ ਨਾਮ ਲਿਖੇ, ਜਿਸ ਵਿਚ ਪ੍ਰਗਟ ਕੀਤਾ ਜਾਏ ਕਿ 'ਆਪ ਦੋਵਾਂ ਦੇ ਸੁਖ ਅਨੰਦ ਨਾਲ ਲਾਹੌਰ ਪਹੁੰਚ ਜਾਣ ਦੀ ਖ਼ਬਰ ਸੁਣਕੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ, ਮੈਂ ਕਸ਼ਮੀਰ ਵਿਚ ਆਪ ਨੂੰ ਉਡੀਕ ਰਿਹਾ ਹਾਂ ਆਪ ਮੈਨੂੰ ਇਥੇ ਮਿਲ ਜਾਉ ਅਤੇ ਨਿਸਚਿਤ ਗੋਂਦ ਨੂੰ ਸੰਪੂਰਨਤਾ ਤਕ ਪਹੁੰਚਾਣ ਲਈ ਆਪ ਮੈਨੂੰ ਸਭ ਤਰ੍ਹਾਂ ਤਿਆਰ ਪਾਓਗੇ ।'

'ਇਹ ਹਲਕਾਰਾ ਜੋ ਮੈਂ ਆਪ ਪਾਸ ਉਚੇਚਾ ਭੇਜ ਰਿਹਾ ਹਾਂ ਮੇਰਾ ਵੱਡਾ ਭਰੋਸੇ ਵਾਲਾ ਹੈ ਇਸ਼ ਦੀ ਹੱਥੀਂ ਮੈਨੂੰ ਉੱਤਰ ਲਿਖ ਭੇਜੋਗੇ ਤਾਂ ਮੈਨੂੰ ਬੜੀ ਖੁਸ਼ੀ ਹੋਵੇਗੀ ।'

ਚੁਨਾਂਚਿ ਸ਼ੇਰਿ ਪੰਜਾਬ ਦੀ ਇੱਛਾ ਅਨੁਸਾਰ ਇਹ ਖਤ ਲਿਖਿਆ ਗਿਆ । ਇਸ ਪਰ ਮੋਰਕ੍ਰਾਫਟ ਦੇ ਇਕ ਪੁਰਾਣੇ ਖਤ ਦੀ ਮੋਹਰ ਕੱਟ ਕੇ ਬੜੀ ਸਫਾਈ ਨਾਲ ਛਾਪ ਦਿੱਤੀ ਗਈ* ।

ਇਸ ਖਤ ਨੂੰ ਵੈਨਤੂਰਾ ਕੋਲ ਪਹੁੰਚਾਣ ਲਈ ਇਕ ਕਸ਼ਮੀਰੀ ਨੂੰ ਲਦਾਖੀਆਂ ਵਾਲੇ ਕੱਪੜੇ ਪਹਿਨਾਏ ਗਏ ਅਤੇ ਇਕ ਯਾਰਕੰਦੀ ਟੱਟੂ ਪਰ ਲਦਾਖੀ ਕਾਠੀ ਤੇ ਖ਼ੁਰਜੀਨ ਸਜਾਈ ਗਈ । ਇਸ ਤਰ੍ਹਾਂ ਇਸ ਬੋਰੂਪੀਏ ਨੂੰ ਸਣੇ ਉਸ ਨਕਲੀ ਖਤ ਦੇ ਇਨ੍ਹਾਂ ਫ਼ਰਾਂਸੀਸੀਆਂ ਦੇ ਡੇਰੇ ਭੇਜਿਆ ਗਿਆ ।

---

† ਮੋਰਕ੍ਰਾਫਟ ਇਕ ਪ੍ਰਸਿੱਧ ਅੰਗ੍ਰੇਜ਼ ਯਾਤਰੂ ਸੀ, ਜੇਹੜਾ ਇਹਨਾਂ ਦਿਨਾਂ ਵਿਚ ਈਸਟ ਇੰਡੀਆ ਕੰਪਨੀ ਦੇ ਹੁਕਮ ਅਨੁਸਾਰ ਲੱਦਾਖ ਗਿਆ ਹੋਇਆ ਸੀ ਤੇ ਥੋੜੇ ਦਿਨ ਹੋਏ ਸਨ ਜੋ ਉਥੋਂ ਕਸ਼ਮੀਰ ਪਹੁੰਚ ਗਿਆਂ ਸੀ । ਚੂੰਕਿ ਉਹ ਰਾਹਦਾਰੀ ਲਾਹੌਰ ਦਰਬਾਰ ਵੱਲੋਂ ਲੈ ਗਿਆ ਸੀ, ਇਸ ਲਈ ਉਹ ਕਦੇ ਕਦੇ ਮਹਾਰਾਜਾ ਸਾਹਿਬ ਨੂੰ ਆਪਣੇ ਸਫ਼ਰ ਦੀ ਵਿੱਥਿਆ ਲਿਖਕੇ ਘੱਲਦਾ ਰਹਿੰਦਾ ਸੀ । ਇਸ ਦੇ ਖਤ ਦੀ ਮੋਹਰ ਉਸ ਸਮੇਂ ਵਰਤੀ ਗਈ ਸੀ ।

*ਲੁਧਿਆਣਾ ਏਜੰਸੀ ਰੀਕਾਰਡਜ਼, ਜਿਲਦ ੫, ਸਫਾ ੨੬ ।

ਇਸ ਹਲਕਾਰੇ ਨੇਂ ਵੈਨਤੂਰਾ ਦੇ ਸਾਹਮਣੇ ਟੱਟੂ ਤੋਂ ਉਤਰ ਕੇ ਉਹ ਬਨਾਵਟੀ ਖਤ ਵੈਨਤੂਰਾ ਦੇ ਹੱਥ ਵਿਚ ਜਾ ਫੜਾਇਆ। ਇਸ ਖਤ ਨੂੰ ਖੋਲ੍ਹ ਕੇ ਇਹਨਾਂ ਦੋਵਾਂ ਉਥੱਲ ਪੁਥੱਲ ਕੇ ਬੜੇ ਗੋਹ ਨਾਲ ਡਿੱਠਾ ਤਾਂ ਇਹਨਾਂ ਇਸ ਲਦਾਖੀ ਹਲਕਾਰੇ ਨੂੰ ਆਖਿਆ ਕਿ ਅਸੀਂ ਇਸ ਆਦਮੀ ਨੂੰ ਨਹੀਂ ਜਾਣਦੇ ਅਤੇ ਨਾ ਹੀ ਸਾਡਾ ਇਸ ਨਾਲ ਚਿੱਠੀ ਪੱਤ੍ਰ ਦਾ ਕੋਈ ਸੰਬੰਧ ਹੈ। ਇਹ ਚਿੱਠੀ ਇਨ੍ਹਾਂ ਉਸ ਹਲਕਾਰੇ ਨੂੰ ਪਰਤ ਦਿੱਤੀ।

ਇਹ ਹਲਕਾਰਾ ਜਦ ਪਰਤ ਕੇ ਸ਼ੇਰਿ ਪੰਜਾਬ ਦੇ ਸਾਹਮਣੇ ਆਇਆ ਤੇ ਸਾਰਾ ਹਾਲ ਦੱਸਿਆ ਤਾਂ ਮਹਾਰਾਜਾ ਸਾਹਿਬ ਦੇਰੀ ਤਕ ਖਿੜ ਖਿੜ ਕੇ ਹੱਸਦੇ ਰਹੇ।

ਬੇਨਤੀ ਪੱਤ੍ਰ

ਇਸਦੇ ਦੋ ਦਿਨਾਂ ਬਾਅਦ ਵੈਨਤੂਰਾ ਤੇ ਐਲਾਰਡ ਨੇ ਮਹਾਰਾਜਾ ਸਾਹਿਬ ਨੂੰ ਇਕ ਬਿਨੈ ਪੱਤ੍ਰ ਲਿਖਿਆ ਜਿਸ ਤੋਂ ਖਾਲਸੇ ਦੀ ਉੱਚਤਾ ਤੇ ਸ਼ਾਨ ਚੋ ਚੋ ਪੈਂਦੀ ਸੀ, ਅਸਲ ਪੱਤ੍ਰ ਫ਼ਰਾਂਸੀਸੀ ਵਿਚ ਇਸ ਤਰ੍ਹਾਂ ਹੈ।

A SA MAJESTE LE ROL

Sir

Les bontes dont votre Majeste nous a combles depuis notrn arrivee en cette capitale sont innombrables. Elles correspondent a la haute idee que nous nous etions faits de P'excellence de son bon ceour; et la renommee, quit a porte jusqua, a nous le nom du Roi de Lahore, n'a rien dit en comparaison de ce que voyons. Tout ce qui entoure votre Majeste est grande, digne d'un souverain, qui aspire a L'immortalite. Sire la premiere fois que nous avons eu l'honenur d'etre presentes a votre Majeste, nous lui avous

exposele motif de notre voyage. La reponse qu'elle nous laisse dans l'incertitude pour l'avenir. C'est poua ce motif que nous avous cul'honneur de faire, il ya deja quelques jours, une addresse a votre Majeste, pour savoir si notre arrivee dans ses etats lui etait agreable, et si nous puissions lui etre de quelque utilite par nous connoissances de l'art de la guerre, acquises comme Officers, superieursons les ordres immediats du Grand Napoleon Bonapate, souverain de la France. Votre Majeste ne nous a pas tire de l'incertitude, puisque nous n'avons pas encore rein d'oadres de sa part. Nous avons donc renouvelle notre demande en langue Francaise d'apres le conseil de Nur-ud-din Sahib qvi nous falt creire qu'un employe aupres de votre auguste personne connoit notre langue. Das cette incertitude nous supplions votre Majeste de Diagner nous faire transmettre ses ordres, qve nous suivrons tonjours avec la plus grande ponctualite.

Nous avons l'honneur d'etre, avec le plus profound respect,

Sire,

De Votre Majeste les tres humbles, tres obeissans, et tres devoues Serviteurs,

Ch. Ventura, Ch. Atlard.

Lahore, 1st April, 1822.

ਇਸਦਾ ਸੁਤੰਤ੍ਰ ਅਨੁਵਾਦ

ਹਿਜ਼ ਮੈਜਿਸਟੀ ਦੀ ਕਿੰਗ

ਸ੍ਰੀ ਹਜ਼ੂਰ ਜੀ !

ਸ੍ਰੀ ਹਜ਼ੂਰ ਜੀ ਦੀ ਰਾਜਧਾਨੀ (ਲਾਹੌਰ) ਵਿਚ ਪਹੁੰਚਣ ਦੇ ਦਿਵਸ

ਅੱਜ ਤੱਕ ਜਿਨ੍ਹਾਂ ਬਖ਼ਸ਼ਸ਼ਾਂ ਦੀ ਬਰਖਾ ਸਰਕਾਰ ਵਲੋਂ ਇਹਨਾਂ ਦਾਸਾਂ ਰ ਵਰ੍ਹਾਈ ਗਈ ਹੈ ਇਸ ਦਾ ਗਿਣ ਕੇ ਦੱਸਣਾ ਸਾਡੀ ਸਮਰੱਥਾ ਤੋਂ ਾਹਰ ਹੈ । ਇਹ ਸ੍ਰੀ ਹਜ਼ੂਰ ਦੀ ਦਰਿਆਦਿਲੀ ਤੇ ਉਦਾਰਚਿਤੀ ਦਾ ਰਤੱਖ ਸਬੂਤ ਹੈ, ਸ੍ਰੀ ਹਜ਼ੂਰ ਜੀ ਦੀ ਰਾਜਧਾਨੀ ਵਿਚ ਆ ਕੇ ਇਨ੍ਹਾਂ ਸਾਂ ਨੇ ਜੋ ਕੁਝ ਆਪਣੀਆਂ ਅੱਖਾਂ ਨਾਲ ਡਿੱਠਾ ਹੈ, ਇਹ ਉਸ ਤੋਂ ਤੇ ਬਹੁਤ ਵਧ ਚੜ੍ਹਕੇ ਹੈ, ਜਿਸ ਦੀ ਧੁੰਮ ਸਾਡੇ ਦੇਸ਼ ਯੂਰਪ ਵਿਚ ੀ ਹੋਈ ਹੈ । ਸ੍ਰੀ ਹਜ਼ੂਰ ਜੀ ਦਾ ਸ਼ਾਹਾਨਾ ਤੇਜ ਪ੍ਰਤਾਪ ਸਰਕਾਰ ਦੀ ਦਸ਼ਾਹਿਤ ਤੇ ਰੁਤਬੇ ਦੇ ਅਨਕੂਲ ਹੈ । ਗਰੀਬ-ਨਿਵਾਜ਼ ਜੀ ਜਦ ਹਨਾਂ ਦਾਸਾਂ ਨੂੰ ਪਹਿਲੀ ਵਾਰ ਸ੍ਰੀ ਹਜ਼ੂਰ ਵਿਚ ਹਾਜ਼ਰ ਹੋਣ ਦਾ ਮਾਨ ਪਤ ਹੋਇਆ ਸੀ ਤਾਂ ਓਦੋਂ ਇਹਨਾਂ ਦਾਸਾਂ ਨੇ ਇਥੇ ਆਉਣ ਦਾ ਰਥ ਸ੍ਰੀ ਹਜ਼ੂਰ ਦੀ ਸੇਵਾ ਵਿਚ ਪ੍ਰਗਟ ਕਰ ਦਿੱਤਾ ਸੀ ।

ਇਸ ਸਮੇਂ ਕ੍ਰਿਪਾਲੂ ਸਰਕਾਰ ਵਲੋਂ ਜੇਹੜਾ ਭਰੋਸਾ ਦਵਾਇਆ ਆ ਸੀ, ਉਹ ਇਹਨਾਂ ਦਾਸਾਂ ਲਈ ਬੜਾ ਉਤਸ਼ਾਹ ਉਭਾਰੂ ਸੀ । ਇਹਨਾਂ ਸੇਵਕਾਂ ਦੇ ਭਵਿੱਖਤ ਦਾ ਫੈਸਲਾ ਅਜੇ ਸਰਕਾਰ ਨੇ ਕਰਨਾ ।

ਕੁਝ ਦਿਨ ਹੋਏ ਇਸ ਗੱਲ ਵਲ ਸਰਕਾਰ ਦਾ ਧਿਆਨ ਇਕ ਪੱਤ੍ਰ ਦਵਾਰਾ ਦਿਵਾਇਆ ਗਿਆ ਸੀ, ਤਾਕਿ ਪਤਾ ਲੱਗ ਜਾਏ ਕੀ ਇਹਨਾਂ ਦਾਸਾਂ ਦਾ ਇਥੇ ਆਵਣਾ ਸ੍ਰੀ ਹਜ਼ੂਰ ਜੀ ਦੀ ਬਾਦਸ਼ਾਹਿਤ ਕਿਸੇ ਤਰ੍ਹਾਂ ਲਾਭਦਾਇਕ ਸਮਝਿਆ ਜਾਂਦਾ ਹੈ ? ਅਤੇ ਕੀ ਇਹ ਆਪਣੇ ਉਸ ਫ਼ੌਜੀ ਹੁਨਰ ਨਾਲ ਜੇਹੜਾ ਉਹਨਾਂ ਸ਼ੈਹਨਸ਼ਾਹ ਲੀਅਨ ਬੋਨਾਪਾਰਟ ਵਾਲੀਏ ਫ਼ਰਾਂਸ ਦੀ ਤਹਿਤ ਵਿਚ ਰਹਿ ਕੇ ਤ ਕੀਤਾ ਹੈ, ਸ੍ਰੀ ਹਜ਼ੂਰ ਦੀਆਂ ਫ਼ੌਜਾਂ ਦੀ ਸੇਵਾ ਕਰਨ ਦੇ ਯੋਗ ਜਾਂਦੇ ਹਾਂ ? ਇਸ ਬਾਰੇ ਇਹਨਾਂ ਦਾਸਾਂ ਨੂੰ ਸਰਕਾਰ ਵਲੋਂ ਅਜੇ ਫਰਮਾਨ ਨਹੀਂ ਮਿਲਿਆ ।

ਹੁਣ ਫਕੀਰ ਨੂਰ ਦੀਨ ਜੀ ਦੀ ਸਲਾਹ ਨਾਲ ਆਪਣੀ ਦੇਸ

ਭਾਸ਼ਾ ਵਿਚ ਮੁੜ ਚਿਤਾਵਨੀ ਪੱਤ੍ਰ ਸਰਕਾਰ ਦੀ ਹਜ਼ੂਰੀ ਵਿਚ ਪੇਸ਼ ਕਰਨ ਦੀ ਹਿੰਮਤ ਕਰਦੇ ਹਾਂ ਕਿਉਂਕਿ ਇਹਨਾਂ ਦਾਸਾਂ ਨੂੰ ਇਹ ਵੀ ਪਤਾ ਲੱਗਾ ਹੈ ਕਿ ਸਰਕਾਰ ਦੇ ਦਰਬਾਰੀਆਂ ਵਿਚੋਂ ਇਕ ਦਰਬਾਰੀ ਫ਼ਰਾਂਸੀਸੀ ਭਾਸ਼ਾ ਜਾਣਦਾ ਹੈ ।

ਹਜ਼ੂਰ ਜੀ ! ਹੁਣ ਇਹਨਾਂ ਦਾਸਾਂ ਪਰ ਦਿਆ ਕਰ ਕੇ ਸ਼ਾਹੀ ਫਰਮਾਨ ਜਾਰੀ ਕਰ ਦੇਣ ਦੀ ਕ੍ਰਿਪਾਲਤਾ ਕਰਨ ਤਾਕਿ ਇਹਨਾਂ ਸੇਵਕਾਂ ਦੀ ਚਿੰਤਾ ਨਵਿਰਤ ਹੋ ਜਾਏ, ਇਹ ਦਾਸ ਉਸ ਹੁਕਮ ਦੀ ਪਾਲਨਾ ਫਰਜ਼ ਸਮਝ ਕੇ ਕਰਨਗੇ ਅਤੇ ਸਰਕਾਰ ਦੇ ਰਾਜ ਭਾਗ ਦੀ ਅਟੱਲਤਾ ਲਈ ਰੱਬੀ ਦਰਗਾਹ ਵਿਚ ਅਰਦਾਸ ਕਰਨਗੇ ।

ਸ੍ਰੀ ਹਿਜ਼ ਮੈਜਸਟੀ ਦੇ ਦਰ ਦੇ ਸੇਵਕ

ਸੀ. ਵੈਨਤੂਰਾ, ਸੀ.ਐਲਾਰਡ

ਲਾਹੌਰ ੧ ਅਪ੍ਰੈਲ, ਸੰਨ ੧੮੨੨

ਸ਼ੰਕੇ ਦੀ ਨਵਿਰਤੀ

ਸ਼ੇਰਿ ਪੰਜਾਬ ਨੂੰ ਇਨ੍ਹਾਂ ਦੇ ਇਸ ਬਿਨੈ ਪੱਤ੍ਰ ਦੇ ਵਿਚਾਰਨ ਦੇ ਉਪ੍ਰੰਤ ਅਤੇ ਹੋਰ ਕਈ ਤਰ੍ਹਾਂ ਦੀ ਖੋਜ ਪੜਤਾਨ ਕਰਨ ਪਰ ਜਦ ਇਹ ਪੂਰਨ ਭਰੋਸਾ ਹੋ ਗਿਆ ਕਿ ਇਹ ਦੋਵੇਂ ਯਾਤਰੂ ਅੰਗ੍ਰੇਜ਼ ਨਹੀਂ ਸਗੋਂ ਫ਼ਰਾਂਸੀਸੀ ਹਨ, ਤਾਂ ਫਿਰ ਇਹਨਾਂ ਦੇ ਸਾਹਮਣੇ ਇਕ ਪ੍ਰਣ ਪੱਤ੍ਰ ਰੱਖਿਆ ਗਿਆ ।

ਬਦੇਸ਼ੀਆਂ ਲਈ ਮਹਾਰਾਜੇ ਦੀਆਂ ਸ਼ਰਤਾਂ

(੧) ਜੇ ਕਦੇ ਖ਼ਾਲਸਾ ਫ਼ੌਜ ਨੂੰ ਯੂਰਪ ਦੀ ਕਿਸੇ ਸ਼ਕਤੀ ਦੇ ਵਿਰੁਧ ਲੜਨ ਦਾ ਮੌਕਾ ਆ ਬਣੇ, ਭਾਵੇਂ ਉਹ ਤੁਹਾਡੀ ਆਪਣੀ ਕੌਮ ਕਿਉਂ ਨਾ ਹੋਵੇ ਤਾਂ ਭੀ ਆਪ ਨੂੰ ਆਪਣੇ ਮਾਲਕ ਦਾ ਵਫਾਦਾਰ ਰਹਿ ਕੇ ਉਸ ਵੈਰੀ ਨਾਲ ਲੜਨਾ ਪਏਗਾ ।

(੨) ਖਾਲਸਾ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਆਪ ਇਹ ਨੌਕਰੀ ਨਹੀਂ ਛੱਡ ਸਕੋਗੇ।

(੩) ਦਾਹੜਾ ਸੁੱਚਾ ਰੱਖਣਾ ਪਵੇਗਾ।

(੪) ਗਊ-ਮਾਸ ਵਰਤਣ ਦੀ ਮਨਾਹੀ ਹੋਵੇਗੀ।

(੫) ਤਮਾਕੂ ਦੀ ਵਰਤੋਂ ਦਾ ਤਿਆਗ ਕਰਨਾ ਪਏਗਾ।

ਇਸ ਪ੍ਰਣ ਪੱਤ੍ਰ ਦੀਆਂ ਸ਼ਰਤਾਂ ਨੂੰ ਵਿਚਾਰਨ ਦੇ ਉਪ੍ਰੰਤ ਵੈਨਤੂਰਾ ਤੇ ਐਲਾਰਡ ਨੇ ਇਸ ਪਰ ਦਸਤਖ਼ਤ ਕਰ ਦਿੱਤੇ। ਕਿਹਾ ਜਾਂਦਾ ਹੈ ਕਿ ਐਲਾਰਡ ਨੂੰ ਵੈਨਤੂਰਾ ਤੋਂ ਵਧ ਤਮਾਕੂ ਵਰਤਣ ਦੀ ਵਾਦੀ ਸੀ, ਇਸ ਨੇ ਪੰਜਵੀਂ ਸ਼ਰਤ ਬਾਰੇ ਕੁਝ ਸਮੇਂ ਲਈ ਨਰਮੀ ਦੀ ਮੰਗ ਕੀਤੀ ਤਾਕਿ ਉਹ ਸਹਿਜੇ ਸਹਿਜੇ ਤਮਾਕੂ ਦਾ ਸੇਵਨ ਤਿਆਗ ਦੇਵੇ, ਪਰ ਮਹਾਰਾਜ ਸਾਹਿਬ ਨੇ ਇਹ ਪ੍ਰਵਾਨ ਨ ਕੀਤੀ।


---

*ਪੰਜਾਬ ਰੀਕਾਰਡਜ਼ ਜਿਲਦ ੯੫ ਚਿੱਠੀ ਨੰਬਰ ੮੩ ਵਿਚ ਕਿਸੇ ਖ਼ਬਰ-ਨਵੀਸ ਨੇ ਇਹਨਾਂ ਪੰਜਾਂ ਸ਼ਰਤਾਂ ਤੋਂ ਛੁਟ ਇਕ ਛੇਵੀਂ ਸ਼ਰਤ ਵੀ ਲਿਖੀ ਹੈ, ਜਿਸਦਾ ਮਤਲਬ ਇਹ ਹੈ ਕਿ ਇਹਨਾਂ ਬਿਦੇਸ਼ੀਆਂ ਤੋਂ ਦੇਸੀ ਔਰਤ ਨਾਲ ਵਿਆਹ ਕਰਨ ਦੀ ਵੀ ਇਕ ਸ਼ਰਤ ਲਈ ਜਾਂਦੀ ਸੀ ਪਰ ਇਹ ਸ਼ਰਤ ਸਹੀ ਨਹੀਂ ਦਿਸਦੀ ਕਿਉਂਕਿ ਵੈਨਤੂਰਾ ਨੇ ਮਹਾਰਾਜਾ ਸਾਹਿਬ ਪਾਸ ਨੌਕਰ ਹੋਣ ਦੇ ਤਿੰਨ ਸਾਲ ਬਾਅਦ ਜਦ ਸੰਨ ੧੮੨੫ ਵਿਚ ਵਿਆਹ ਕਰਵਾਇਆ ਤਾਂ ਉਹ ਇਕ ਬਿਦੇਸ਼ੀ ਈਸਾਈ ਔਰਤ ਨਾਲ ਕੀਤਾ ਸੀ।

ਇਸ ਸਮੇਂ ਮਹਾਰਾਜਾ ਸਾਹਿਬ ਵਲੋਂ ਉਸ ਨੂੰ ਚਾਲੀ ਹਜ਼ਾਰ ਰੁਪਿਆ ਤੰਬੋਲ ਮਿਲਿਆ। ਜੇ ਕਦੀ ਉਪ੍ਰੋਕਤ ਸ਼ਰਤ ਦੀ ਪਾਬਦੀ ਬਿਦੇਸ਼ੀਆਂ ਲਈ ਜ਼ਰੂਰੀ ਹੁੰਦੀ ਤਾਂ ਵੈਨਤੂਰਾ ਕਦੇ ਵੀ ਇਸ ਸ਼ਰਤ ਨੂੰ ਤੋੜ ਕੇ ਬਿਦੇਸ਼ੀ ਔਰਤ ਨਾਲ ਸ਼ਾਦੀ ਨਾ ਕਰਵਾਂਦਾ ਅਤੇ ਨਾ ਹੀ ਮਹਾਰਾਜਾ ਸਾਹਿਬ ਇਸ ਸ਼ਰਤ ਦੇ ਤੋੜਨ ਵਾਲੇ ਨੂੰ ਚਾਲੀ ਹਜ਼ਾਰ ਰੁਪਿਆ ਇਸ ਸ਼ਾਦੀ ਦੀ ਖ਼ੁਸ਼ੀ ਵਿਚ ਤੰਬੋਲ ਯਾ ਇਨਾਮ ਦਿੰਦੇ। ਇਸ ਵਿਚ ਵੀ ਸੰਦੇਹ ਨਹੀਂ ਕਿ ਕਈ ਬਿਦੇਸ਼ੀ ਨੌਕਰਾਂ ਨੇ ਪਹਾੜੀ ਤੀਵੀਆਂ ਨਾਲ ਸ਼ਾਦੀਆਂ ਕੀਤੀਆਂ ਸਨ, ਪਰ ਇਹ ਉਹਨਾਂ ਆਪਣੀ ਖ਼ੁਸ਼ੀ ਨਾਲ ਕੀਤੀਆਂ ਸਨ ਨਾ ਕਿ ਕਿਸੇ ਸ਼ਰਤ ਦੇ ਅਧੀਨ।



ਬੁਰਜ ਅਨਾਰਕਲੀ



ਮੈਰੀ ਚਾਰਲੋਟ ਦੀ ਕਬਰ ਕੁੜੀ ਬਾਗ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ ਹੋਤੀ







ਵੈਨਤੂਰਾ ਦੀ ਤਲਬ

ਇਸ ਦੇ ਨਾਲ ਹੀ ਮਹਾਰਾਜਾ ਨੇ ਇਹਨਾਂ ਦੋਵਾਂ ਨੂੰ ਪੰਜਾਬੀ ਭਾਸ਼ਾ ਸਿੱਖਣ ਦਾ ਜ਼ਰੂਰੀ ਹੁਕਮ ਦਿੱਤਾ ਇਸ ਬਾਰੇ ਇਹਨਾਂ ਭਰੋਸਾ ਦਿਵਾਇਆ ਕਿ ਇਹ ਛੇਤੀ ਹੀ ਪੰਜਾਬੀ ਸਿੱਖ ਜਾਣਗੇ । ਤਲਬ ਬਾਰੇ ਇਹਨਾਂ ਆਖਿਆ ਕਿ ਅਸਾਡਾ ਕੰਮ ਤੇ ਯੋਗਤਾ ਦੇਖਣ ਦੇ ਉਪ੍ਰੰਤ ਮਹਾਰਾਜਾ ਸਾਹਿਬ ਆਪ ਜੋ ਯੋਗ ਸਮਝਣ ਨੀਯਤ ਕਰ ਦੇਣ । ਸੰਨ ੧੮੨੯ ਵਿਚ ਮਹਾਰਾਜਾ ਸਾਹਿਬ ਨੇ ਵੈਨਤੂਰਾ ,ਅਤੇ ਐਲਾਰਡ ਦੀ ਤਲਬ ਬਾਰੇ ਡਾਕਟਰ ਮਰੇ ਨੂੰ ਦੱਸਿਆ ਕਿ ਉਸ ਦੇ ਇਹਨਾਂ ਜਰਨੈਲਾਂ ਦੀ ਤਲਬ ੫੦੦੦) ਰੁਪਿਆ ਮਹੀਨਾ ਸੀ* ।.ਸ਼ੇਰਿ ਪੰਜਾਬ ਨੇ ਵੈਨਤੂਰਾ ਨੂੰ ਰਹਿਣ ਲਈ ਪਹਿਲਾਂ ਪਹਿਲ ਅਨਾਰਕਲੀ ਦੇ ਪ੍ਰਸਿੱਧ ਇਮਾਰਤ ਸਣੇ ਬਾਰਾਂਦਰੀ ਦੇ ਦਿੱਤੀ ।†

---

*ਡਾਕਟਰ ਚੋਪੜਾ, ਪੰਜਾਬ ਅਜ਼ੇ ਸਾਵਰਨ ਸਟੇਟ ਸਫਾ ੨੫੦ ।

† ਸ਼ਹਿਨਸ਼ਾਹ ਅਕਬਰ ਦੇ ਮਹਿਲ ਵਿਚ ਨਾਦਰਾ ਨਾਮੀ ਇਕ ਦਾਸੀ ਸੀ, ਜਿਸ ਨੂੰ ਕਰਤਾ ਵਲੋਂ ਖੁਲ੍ਹ ਦਿਲੀ ਨਾਲ ਸੁਹੱਪਣ ਦੀ ਦਾਤ ਪ੍ਰਾਪਤ ਸੀ । ਇਸੇ ਸੁੰਦਰਤਾ ਦੇ ਕਾਰਨ ਅਕਬਰ ਨੇ ਇਸ ਦਾ ਨਾਦਰਾ ਨਾਮ ਬਦਲ ਕੇ 'ਅਨਾਰਕਲੀ' ਰੱਖ ਦਿਤਾ । ਸੰ: ੧੫੯੯ ਦੀ ਬਸੰਤੀ ਰੁਤੇ ਸ਼ਹਿਨਸ਼ਾਹ ਸਣੇ ਬੇਗਮਾਂ ਦੇ, ਪੰਜਾਬ ਦੇ ਦੌਰੇ ਪਰ ਲਾਹੌਰ ਆਇਆ ਤਾਂ ਨਿਵਾਸ ਕਿਲੇ ਵਿਚ ਰਖਿਆ । ਇਕ ਦਿਨ ਬਾਦਸ਼ਾਹ ਕਿਲ੍ਹੇ ਦੇ ਸ਼ੀਸ਼ ਮਹੱਲ ਵਿਚ ਬੈਠਾ ਸੀ ਅਤੇ ਅਨਾਰਕਲੀ ਸੇਵਾ ਵਿਚ ਹਾਜ਼ਰ ਸੀ । ਇਸ ਸਮੇਂ ਸੰਜੋਗ ਨਾਲ ਸ਼ਾਹਜ਼ਾਦਾ ਸਲੀਮ ਵੀ ਉਥੇ ਆ ਗਿਆ । ਅਨਾਰਕਲੀ ਨੂੰ ਸਲੀਮ, ਅਕਬਰ ਨਾਲੋਂ ਵਧ ਪਿਆਰਦਾ ਸੀ । ਇਥੇ ਇਹਨਾਂ ਦੋਵਾਂ ਨੇ ਅੱਖਾਂ ਵਿਚ ਹੀ ਮੁਸਕ੍ਰਾਂਦਿਆਂ ਆਪਸ ਵਿਚ ਪਿਆਰ ਭਰੇ ਇਸ਼ਾਰੇ ਕੀਤੇ । ਇਹਨਾਂ ਦੀ

ਇਹ ਮੁਸ਼ਕਣੀ ਬਾਦਸ਼ਾਹ ਨੇ ਸਾਹਮਣੇ ਦੇ ਸ਼ੀਸ਼ੇ ਪਰ ਅਕਸ ਪੈਣ ਦੇ ਕਾਰਨ ਦੇਖ ਲਈ । ਇਸ ਪਰ ਬਾਦਸ਼ਾਹ ਨੇ ਆਪਣੇ ਪੁਤਰ ਨੂੰ ਸਜ਼ਾ ਦੇਣ ਦੀ ਥਾਂ ਵਿਚਾਰੀ ਅਨਾਰਕਲੀ ਨੂੰ ਜੀਂਵਦਾ ਕਬਰ ਵਿਚ ਚਿਨਾ ਦੇਣ ਦਾ ਹੁਕਮ ਦਿਤਾ । ਫੁਰਮਾਨ ਦੀ ਤੁਰਤ ਪਾਲਣਾ ਕੀਤੀ ਗਈ । ਇਹ ਗੱਲ ੧੦੦੮, ਹਿਜਰੀ ਮੁਤਾਬਕ ੧੫੯੯ ਈਸਵੀ ਦੀ ਹੈ । ☞

ਹੁਣ ਇਹਨਾਂ ਦੇ ਫ਼ੌਜੀ ਹੁਨਰ ਨੂੰ ਪ੍ਰਖਣ ਲਈ ਪਹਿਲਾਂ ੫੦੦ ਜੁਆਨ 'ਫੌਜੇ ਖਾਸ' (ਮਹਾਰਾਜਾ ਦੀ ਬਾਡੀਗਾਡ) ਵਿਚੋਂ ਸਿਖਲਾਈ ਲਈ ਵੈਨਤੂਰਾ ਨੂੰ ਦਿਤੇ ਗਏ । ਇਹਨਾਂ ਨੂੰ ਇਸ ਦੇ ਲਗ ਪਗ ਇਕ ਸਾਲ ਦੀ ਸਿਖਲਾਈ ਦੇ ਬਾਅਦ ਚੰਗਾ ਕਵਾਇਦਦਾਨ ਕਰ ਦਿਤਾ । ਇਹਨਾਂ ਜਵਾਨਾਂ ਲਈ ਵੈਨਤੂਰਾ ਦੀ ਵਿਓਂਤ ਅਨੁਸਾਰ ਵਰਦੀਆਂ ਤੇ ਪੇਟੀਆਂ ਆਦਿ ਯੂਰਪੀ ਨਮੂਨੇ ਪਰ ਤਿਆਰ ਕਰਾਈਆਂ ਗਈਆਂ । ਇਸ ਦਸਤੇ ਵਿਚ ਅੱਗੇ ਜਾਕੇ ਕਈ ਹਜ਼ਾਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ । ਇਸ ਫ਼ੌਜ ਦਾ ਨਾਮ ਫਰਾਂਸੀਸੀ ਡੇਰਾ (ਡਵੀਜ਼ਨ) ਪ੍ਰਸਿੱਧ ਹੋਇਆ ।

ਵੈਨਤੂਰਾ ਦਾ ਵਿਆਹ

ਸੰਨ ੧੮੨੫ ਵਿਚ ਵੈਨਤੂਰਾ ਨੇ ਮਹਾਰਾਜ਼ਾ ਸਾਹਿਬ ਦੀ ਆਗਿਆ ਨਾਲ ਇਕ ਅਰਮੀਨੀਅਨ (ਈਸਾਈ) ਔਰਤ ਨਾਲ ਵਿਆਹ ਕਰਵਾ ਲਿਆ । ਵਿਆਹ ਲਾਹੌਰ ਵਿਚ ਕੈਥੋਲਿਕ ਮਰਯਾਦਾ ਅਨੁਸਾਰ ਪੜ੍ਹਿਆ ਗਿਆ । ਜਿਸ ਵਿਚ ਮਹਾਰਾਜਾ ਸਾਹਿਬ ਸਣੇ ਕਈ ਦਰਬਾਰੀਆਂ ਦੇ ਸ਼ਾਮਲ ਸਨ । ਵਿਆਹ ਪੜ੍ਹਾਣ ਲਈ ਆਗਰੇ ਤੋਂ ਕੈਥੋਲਿਕ ਪਾਦਰੀ ਮੰਗਵਾਇਆ ਗਿਆ ਸੀ । ਇਸ ਸਮੇਂ ਸ਼ੇਰਿ ਪੰਜਾਬ

ਅਕਬਰ ਦੇ ਮਰਨ ਦੇ ਬਾਅਦ ਜਦ ਸ਼ਾਹਜ਼ਾਦਾ ਸਲੀਮ, ਜਹਾਂਗੀਰ ਦਾ ਪਦ ਪ੍ਰਾਪਤ ਕਰਕੇ ਹਿੰਦ ਦਾ ਬਾਦਸ਼ਾਹ ਬਣਿਆਂ ਤਾਂ ਉਸ ਨੇ ਅਨਾਰਕਲੀ ਦੀ ਯਾਦਗਾਰ ਨੂੰ ਅਮਰ ਰੱਖਣ ਲਈ ਉਸ ਕਬਰ ਦੀ ਥਾਂ ਪਰ ਇਕ ਬੜੀ ਸ਼ਾਨਦਾਰ ਇਮਾਰਤ ਬਣਵਾਈ ਜਿਸ ਦੀਆਂ ਕੰਧਾਂ ਦੀ ਚੌੜਾਈ ੧੨ ਫੁਟ ੩ ਇੰਚੀ ਤੇ ਉਚਾਈ ਸਣੇ ਗੁੰਬਜ਼ ੯੦ ਫੁਟ, ਅੰਦਰੋਂ ਚੁੜਾਈ ਪੂਰਬ-ਪੱਛਣ ਵਲ ੨੫ ਗਜ਼ ਯਾ ੭੫ ਫੁਟ ਹੈ । ਇਹ ਇਮਾਰਤ ਸੰਨ ੧੬੧੫ ਵਿਚ ਬਣੀ । ਇਸ ਪਰ ਸਲੀਮ ਨੇ ਆਪਣਾ ਨਾਮ ਇਹਨਾਂ ਸ਼ਬਦਾਂ ਵਿਚ ਉਕਰਵਾਇਆ ਸੀ-ਮਜਨੂੰਨ ਸਲੀਮ ਅਕਬਰ ।

ਜਿਸ ਦਾ ਭਾਵ ਇਹ ਹੈ ਕਿ ਆਸ਼ਕ ਸਲੀਮ ਅਕਬਰ ਦੇ ਪੁੱਤਰ ਨੇ ਇਹ ਬਣਵਾਈ ।

(ਸੱਯਦ ਮੁਹੰਮਦ ਲਤੀਫ਼, ਲਾਹੌਰ, ਸਫ਼ਾ ੧੮੬)

ਅਤੇ ਹੋਰਨਾਂ ਸਰਦਾਰਾਂ ਵਲੋਂ ੪੦੦੦੦) ਚਾਲੀ ਹਜ਼ਾਰ ਰੁਪਿਆ ਵੈਨਤੂਰਾ ਨੂੰ ਤੰਬੋਲ ਵਜੋਂ ਮਿਲਿਆ*।

ਵੈਨਤੂਰਾ ਨੇ ਵਿਆਹ ਦੇ ਬਾਅਦ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਬੇਨਤੀ ਕੀਤੀ ਕਿ ਉਸਦੇ ਵਸੇਵੇ ਲਈ ਕੋਈ ਨਵੇਕਲੀ ਤੇ ਖੁਲੀ ਥਾਂ ਲੋੜੀਂਦੀ ਹੈ । ਮਹਾਰਾਜਾ ਸਾਹਿਬ ਨੇ ਇਸ ਪਰ ਇਸ ਨੂੰ ਵਜ਼ੀਰ ਖਾਨ ਦਾ ਬਾਗ਼ ਅਤੇ ਇਸ ਦੇ ਨਾਲ ਵਾਲੀ ਜ਼ਮੀਨ ਅਤੇ ਉਸਾਰੀ ਲਈ ੩੫੦੦੦) ਰੁਪਿਆ ਰੋਕ ਦੇ ਦਿੱਤਾ । ਤਾਕਿ ਉਹ ਆਪਣੀ ਇੱਛਾ ਅਨੁਸਾਰ ਇਸ ਰਕਮ ਨਾਲ ਆਪਣੇ ਰਹਿਣ ਲਈ ਮਕਾਨ ਬਣਵਾ ਲਏ। ਇਹ ਸ਼ਾਨਦਾਰ ਇਮਾਰਤ ਇਸ ਵਕਤ ਤਕ ਮੌਜੂਦ ਹੈ । ਇਸ ਵਿਚ ਅੱਜ ਕੱਲ ਗਵਰਨਮਿੰਟ ਪੰਜਾਬ ਦੇ ਦਫ਼ਤ੍ਰ ਹਨ ।

ਮਿਸਟਰ ਕਾਟਨ ਇਸ ਬਾਰੇ ਲਿਖਦਾ ਹੈ ਕਿੰ ਇਸ ਇਮਾਰਤ ਪਰ ਬੜੀ ਕਮਾਲ ਦੀ ਚਿਤ੍ਰਕਾਰੀ ਕੀਤੀ ਗਈ ਸੀ ਅਤੇ ਇੱਕ ਕਮਰੇ ਵਿਚ 'ਵਰਸਾਈ', ਫ਼ਰਾਂਸ ਦੇ ਸ਼ਾਹੀ ਮਹਿਲ ਦੇ ਨਮੂਨੇ ਪਰ ਛੱਤ ਤੋਂ ਲੈ ਕੇ ਫ਼ਰਸ਼ ਤਕ ਸ਼ੀਸ਼ਾਕਾਰੀ ਦਾ ਕੰਮ ਕੀਤਾ ਹੋਇਆ ਸੀ । ਇਸ ਵਿਚ ਰਾਤ ਨੂੰ ਸ਼ਮਾਂਦਾਨ ਜਗਣ ਨਾਲ ਅਸਚਰਜ ਦ੍ਰਿਸ਼ਯ ਅੱਖਾਂ ਅੱਗੇ ਆ ਜਾਂਦਾ ਸੀ†। ਇਸ ਲਿਖਤ ਦੀ ਤਸਦੀਕ ਦੋ ਹੋਰ ਸੈਲਾਨੀਆਂ, ਬੈਰਨ ਹੂਗਲ ਅਤੇ ਮੈਸਨ ਨੇ ਵੀ ਆਪਣਿਆਂ ਸਫ਼ਰਨਾਮਿਆਂ ਵਿਚ ਕੀਤੀ ਹੈ।

ਵਿਕਟੋਰੀਆ ਨੂੰ ਜਾਗੀਰ

ਇਸ ਅਰਮੀਨੀਅਨ ਜ਼ਨਾਨੀ ਤੋਂ ਵੈਨਤੂਰਾ ਦੇ ਘਰ ਇਕ ਲੜਕੀ ਜਨਮੀ ਜਿਸ ਦਾ ਨਾਮ ਇਸ ਨੇ ਵਿਕਟੋਰੀਆ ਰਖਿਆ । ਵਿਕਟੋਰੀਆ ਅਜੇ ਇਕ ਸਾਲ ਦੀ ਸੀ ਕਿ ਮਹਾਰਾਜਾ ਸਾਹਿਬ ਨੇ ਇਸ ਬੱਚੀ ਦੇ

---

* ਕਾਟਨੰਜ਼, ਲਾਈਫ਼ ਆਫ਼ ਅਵੀਤਾਬੀਲ, ਸਫ਼ਾ ੫੭੪ ।

† ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ ੪੩੩ ।

ਨਾਮ ਪਰ ਦੋ ਪਿੰਡ ਇਲਾਕਾ ਤਲਵੰਡੀ, ਰਾਜਪੂਤਾਂ ਵਿਚ ੭੦੦੦) ਰੁਪਏ ਸਾਲਾਨਾ ਦੀ ਜਾਗੀਰ ਲਾ ਦਿੱਤੀ *। ਇਹ ਜਾਗੀਰ ਵੈਨਤੂਰਾ ਦੀ ਆਪਣੀ ਜਾਗੀਰ ਨਾਲੋਂ ਵੱਖ ਸੀ† ।

ਵੈਨਤੂਰਾ ਤੇ ਪੈਡਲ ਕਿਸ਼ਤੀ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਇਹ ਤੀਬਰ ਇੱਛਾ ਸੀ ਕਿ ਪੰਜਾਬ ਦੇ ਦਰਿਆਵਾਂ ਨੂੰ ਆਵਾਜਾਈ ਅਤੇ ਵਪਾਰ ਦੇ ਰਾਹਾਂ ਦੇ ਤੌਰ ਪਰ ਵਰਤੋਂ ਵਿਚ ਲਿਆ ਕੇ ਇਹਨਾਂ ਤੋਂ ਪੂਰਾ ਪੂਰਾ ਲਾਭ ਪ੍ਰਾਪਤ ਕੀਤਾ ਜਾਏ । ਇਸ ਦੇ ਨਾਲ ਹੀ ਆਪ ਜੀ ਦੀ ਇਹ ਵੀ ਚਾਹ ਸੀ ਕਿ ਬੇੜੀਆਂ ਦੇ ਚਲਾਣ ਦੇ ਪੁਰਾਣੇ ਤਰੀਕੇ ਅਰਥਾਤ ਚਪੂਆਂ ਤੋਂ ਛੁਟ ਕੋਈ ਹੋਰ ਐਸੀ ਸੌਖੀ ਕਾਢ ਕੱਢੀ ਜਾਏ ਜਿਸ ਨਾਲ ਸ਼ਕਤੀ ਅਤੇ ਸਮਾਂ ਘੱਟ ਖਰਚ ਹੋਵੇ । ਇਸ ਲੋੜ ਪਰ ਵਿਚਾਰ ਕਰਨ ਲਈ ਮਹਾਰਾਜਾ ਸਾਹਿਬ ਨੇ ਸਿਆਣੇ ਦਰਬਾਰੀਆਂ ਅਤੇ ਖਾਸ ਕਰ ਬਿਦੇਸ਼ੀ ਮੁਲਾਜ਼ਮਾਂ ਦਾ ਇੱਕ ਇਕੱਠ ਕੀਤਾ । ਬਹੁਤ ਵਿਚਾਰ ਦੇ ਉਪ੍ਰੰਤ ਜਨਰਲ ਵੈਨਤੂਰਾ ਨੇ ਇਸ ਗੱਲ ਦਾ ਜ਼ਿੰਮਾ ਲਿਆ ਕਿ ਚੱਪੂਆਂ ਨਾਲ ਬੇੜੀਆਂ ਚਲਾਣ ਦੀ ਥਾਂ ਉਹਨਾਂ ਵਿਚ ਪੈਡਲ ਲਾਏ ਜਾਣਗੇ ਇਸ ਤਰ੍ਹਾਂ ਉਹ ਬੇੜੀਆਂ ਘੱਟ ਸ਼ਕਤੀ ਖਰਚ ਕਰਨ ਨਾਲ ਵਹਿਣ ਦੇ ਉਪਰਲੇ ਬੰਨੇ ਵੀ ਜਾ ਸਕਣਗੀਆਂ । ਵੈਨਤੂਰਾ ਨੇ ਆਪਣੀ ਯੋਗਤਾ ਦੱਸਣ ਦੇ ਮਧ ਵਿਚ ਇਹਨਾਂ ਦੇ ਬਨਾਣ ਦਾ ਦਾਅਵਾ ਤਾਂ ਸ਼ੇਰੇ ਪੰਜਾਬ ਦੇ ਸਾਹਮਣੇ ਕਰ ਦਿਤਾ, ਪਰ ਮਾਲੂਮ ਹੁੰਦਾ ਹੈ ਕਿ ਪਿਛੋਂ ਜਦ ਉਸ ਨੇ ਗੋਹ ਨਾਲ ਸੋਚਿਆ ਤੇ ਆਪਣੀ ਸਫ਼ਲਤਾ ਦੀ ਕੋਈ ਆਸ ਉਸ ਨੂੰ ਨਾ ਦਿਸੀ ਤਾਂ ਉਸ ਨੇ ਆਪਣਾ ਪਿੱਛਾ ਛੁਡਾਣ ਲਈ ਇਸ ਕੰਮ ਪਰ ਖਰਚ ੪੦੦੦੦) ਰੁਪਿਆ

---

*ਡਾਕਟਰ ਚੋਪੜਾ, 'ਦੀ ਪੰਜਾਬ ਐਜ਼ ਸਾਵਰਨ ਸਟੇਟ' ਸਫ਼ਾ ੧੯੨; ਜਨਰਲ ਆਫ਼ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ, ਜਿ: ੬, ਸਫ਼ਾ ੧੫੨ ।

† ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ ੪੩੩ ।

ਦਸਿਆ । ਜਿਸ ਤੋਂ ਵੈਨਤੂਰਾ ਦਾ ਭਾਵ ਇਹ ਸੀ ਕਿ ਮਹਾਰਾਜਾ ਸਾਹਿਬ ਐਨੀ ਭਾਰੀ ਰਕਮ ਖਰਚ ਕਰਨ ਤੋਂ ਨਾਂਹ ਕਰ ਦੇਣਗੇ ਤਾਂ ਪਰਦਾ ਸੁਤੇ ਹੀ ਢਕਿਆ ਰਹਿ ਜਾਏਗਾ । ਪਰ ਸ਼ੇਰਿ ਪੰਜਾਬ ਐਸੇ ਅੱਟਲ ਇਰਾਦੇ ਦੇ ਮਾਲਕ ਸੀ ਕਿ ਜਦ ਉਹ ਕਿਸੇ ਕੰਮ ਦੇ ਕਰਨ ਦਾ ਫ਼ੈਸਲਾ ਕਰ ਲੈਂਦੇ ਸਨ ਤਾਂ ਫਿਰ ਕੋਈ ਰੁਕਾਵਟ ਉਹਨਾਂ ਦਾ ਇਰਾਦਾ ਨਾ ਸੀ ਬਦਲ ਸਕਦੀ । ਸਰਕਾਰ ਨੇ ਝਟ ਸੰਦੂਕਦਾਰ ਨੂੰ ਹੁਕਮ ਦਿਤਾ ਕਿ ਚਾਲੀ ਹਜ਼ਾਰ ਰੁਪਿਆ ਅੱਜ ਹੀ ਵੈਨਤੂਰਾ ਪਾਸ ਪਹੁੰਚਾ ਦਿਤਾ ਜਾਏ ।

ਵੈਨਤੂਰਾ ਨੇ ਰੁਪਿਆ ਲੈ ਲਿਆ, ਪਰ ਦਿਲੋਂ ਬੜਾ ਘਬਰਾਇਆ ਹੋਇਆ ਸੀ । ਵੈਨਤੂਰਾ ਇਸੇ ਦਿਸ਼ਾ ਵਿਚ ਕਰਨਲ ਗਾਰਡਨਰ ਕੋਲ ਪੁਜਾ ਤੇ ਇਸ ਕੰਮ ਵਿਚ ਉਸ ਤੋਂ ਸਹਾਇਤਾ ਮੰਗੀ । ਗਾਰਡਨਰ ਲਿਖਦਾ ਹੈ ਕਿ ਇਸ ਸਮੇਂ ਵੈਨਤੂਰਾ ਮੇਰੇ ਪਾਸ ਆਇਆ ਤੇ ਮੇਰੇ ਤੋਂ ਮਦਦ ਮੰਗੀ । ਮੈਂ ਪੈਡਲ ਕਿਸ਼ਤੀ ਦੇ ਬਨਾਣ ਬਾਰੇ ਕੁਝ ਲਿਖਤਾਂ ਉਸ ਨੂੰ ਪੜ੍ਹਕੇ ਸੁਣਾਈਆਂ ਤੇ ਜਰਨੈਲ ਦਾ ਹੌਸਲਾ ਵਧਾਇਆ । ਇਸ ਤਰ੍ਹਾਂ ਅਸਾਂ ਦੋਹਾਂ ਨੇ ਮਿਲਕੇ ਇਸ ਕੰਮ ਨੂੰ ਬਨਾਣਾ ਆਰੰਭ ਦਿਤਾ । ਕੁਝ ਸਮੇਂ ਦੇ ਬਾਅਦ ਅਸਾਂ ਇਕ ਦੋ ਛੱਤੀ ਕਿਸ਼ਤੀ ਤਿਆਰ ਕਰ ਲਈ । ਜਿਸ ਦੀ ਰੱਖਿਆ ਲਈ ਉਸ ਵਿਚ ਗੋਲੀਆਂ ਚਲਾਣ ਲਈ ਛੇਕ ਰੱਖੇ ਸਨ ਅਤੇ ਦੋ ਹਲਕੀਆਂ ਤੋਪਾਂ ਤੇ ਜ਼ੰਬੂਰਕ ਵੀ ਲਾ ਦਿਤੇ । ਇਸ ਨੂੰ ਚਲਾਣ ਲਈ ਇਸ ਵਿਚ ਪੈਡਲ ਲਾਇਆ ਗਿਆ ਸੀ, ਜਿਸ ਨੂੰ ਆਦਮੀ ਚਲਾਂਦੇ ਸਨ । ਭਾਵੇਂ ਪਾਣੀ ਦੇ ਉਪਰਲੇ ਪਾਸੇ ਜਾਣ ਲਈ ਇਹ ਬਹੁਤੀ ਤਿਖੀ ਨਾ ਸੀ ਚਲਦੀ ਪਰ ਮਹਾਰਾਜਾ ਨੇ ਇਸ ਪਰ ਭੀ ਖੁਸ਼ੀ ਪ੍ਰਗਟ ਕੀਤੀ ਅਤੇ ਸਾਡਾ ਹੌਸਲਾ ਵਧਾਣ ਲਈ ੨੦੦੦੦) ਰੁਪਿਆ ਅਸਾਨੂੰ ਹੋਰ ਇਨਾਮ ਦਿਤਾ*। ਇਸ ਤੋਂ ਸੌਖਾ ਹੀ ਪਤਾ ਲਗ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨਵੀਆਂ ਕਾਢਾਂ ਕਢਣ ਵਾਲਿਆਂ ਦਾ ਕਿੰਨਾ

---

*ਕਰਨਲ ਅਲੱਗਜ਼ੰਡਰ ਗਾਰਡਨਰ ਸਫ਼ਾ ੨੦੩, ਜਰਨਲ ਆਫ਼ ਦੀ ਪੰਜਾਬ ਹਿਸਟੋਰੀਕਲ ਸੁਸਾਇਟੀ ਜਿਲਦ ੬, ਸਫ਼ਾ ੧੫੬ ।

ਹੌਸਲਾ ਵਧਾਂਦੇ ਰਹਿੰਦੇ ਸਨ ।

ਵੈਨਤੂਰਾ ਤੇ ਮਾਨਿਕਆਲਾ ਟੋਪ

ਮਾਨਿਕਆਲਾ ਰਾਵਲਪਿੰਡੀ ਤੋਂ ੧੪ ਮੀਲ ਦੱਖਣ ਵਲ ਰਾਜਾ ਮਾਨਿਕ ਦਾ ਵਸਾਇਆ ਹੋਇਆ ਇਕ ਪਿੰਡ ਹੈ । ਇਸ ਦੇ ਲਾਗੇ ਮਹਾਰਾਜਾ ਅਸ਼ੋਕ ਦਾ ਬਣਾਇਆ ਇਕ ਗੁੰਬਜ਼ ਹੈ । ਇਸੇ ਤਰ੍ਹਾਂ ਦੇ ਟੋਪ ਇਸੇ ਮਹਾਰਾਜਾ ਦੇ ਬਣਾਏ ਹੋਏ ਹਿੰਦੁਸਤਾਨ ਤੇ ਅਫ਼ਗਾਨਿਸਤਾਨ ਵਿਚ ਕਈ ਥਾਈਂ ਮਿਲਦੇ ਹਨ । ਇਨ੍ਹਾਂ ਦੇ ਅੰਦਰ ਮਹਾਤਮਾ ਬੁਧ ਦੇ ਸਰੀਰ ਦੇ ਕਿਸੇ ਅੰਗ ਦੇ ਫੁਲ ਰਖੇ ਗਏ ਸਨ ਜੋ ਖ਼ੁਦਾਈ ਕੀਤਿਆਂ ਇਨ੍ਹਾਂ ਵਿਚੋਂ ਮਿਲਦੇ ਹਨ ।

ਮਾਨਿਕਆਲੇ ਦਾ ਟੋਪ ੭੨ ਫੁਟ ਜ਼ਮੀਨ ਤੋਂ ਉੱਚਾ ਹੈ ਅਤੇ ਇਸ ਦੀ ਗੁਲਾਈ ੪੫੦ ਫੁਟ ਹੈ ਇਸ ਨੂੰ ਘੜਤੂ-ਪੱਥਰ ਲਾਇਆ ਗਿਆ ਹੈ । ਨੀਂਹ ਤੋਂ ੮ ਫੁਟ ਉਚਾਈ ਪਰ ਪਲੱਸਤਰ ਵਿਚ ਕਾਨਸ ਬਣਾਈ ਗਈ ਹੈ ਤੇ ਉਸ ਪਰ ਫੁਲ ਪੱਤਰ ਦਾ ਕੰਮ ਕੀਤਾ ਗਿਆ ਹੈ । ਇਸ ਬੁਰਜ ਦੇ ਆਲੇ ਦੁਆਲੇ ਦੂਰ ਤਕ ਪੁਰਾਤਨ ਸਮੇਂ ਦੀ ਵਸੋਂ ਅਤੇ ਮੰਦਰਾਂ ਆਦਿ ਦੀਆਂ ਕਈ ਕੰਧਾਂ ਅਜੇ ਵੀ ਮੌਜੂਦ ਹਨ ।

ਉਪਰ ਦੇ ਪੱਥਰ ਇਲਾਕੇ ਦੇ ਲੋਕ ਆਪਣੇ ਘਰਾਂ ਦੇ ਵਸਾਣ ਲਈ ਇਥੋਂ ਪੁਟਕੇ ਲੈ ਜਾਂਦੇ ਰਹੇ ਹਨ ।

ਸੰਨ ੧੮੩੪ ਵਿਚ ਜਰਨੈਲ ਵੈਨਤੂਰਾ ਨੇ ਮਹਾਰਾਜਾ ਰਣਜੀਤ ਸਿੰਘ* ਤੋਂ ਆਗਿਆ ਲੈਕੇ ਉਪਰੋਕਤ ਬੁਰਜ ਦੀ ਪੁਟਾਈ ਕਰਵਾਈ । ਖ਼ੁਦਾਈ ਦਾ ਕੰਮ ਪਹਿਲਾਂ ਬੁਰਜ ਦੀ ਉੱਚੀ ਚੋਟੀ ਤੋਂ ਆਰੰਭਿਆ ਗਿਆ ਸੀ । ਇਸ ਤਰ੍ਹਾਂ ਕੋਈ ੧੮ ਫੁਟ ਡੂੰਘੀ ਪੁਟਾਈ ਕੀਤੀ ਗਈ ਸੀ ਕਿ ਲਾਗੇ ਤੋਂ ਬਹੁਤ ਸਾਰੇ ਪੱਥਰ ਇਸ ਖੱਪੇ ਵਿਚ ਆ ਪਏ ਜਿਸ ਨਾਲ

---

*ਸ਼ਾਹਮਤ ਅਲੀ, ਸਿਖਸ ਐਂਡ ਅਫ਼ਗਾਨਜ਼, ਸਫ਼ਾ ੧੪੫ ।

ਚੋਖਾ ਨੁਕਸਾਨ ਹੋਇਆ । ਇਸ ਦੇ ਬ਼ਾਅਦ ਵੈਨਤੂਰਾ ਨੇ ਜ਼ਮੀਨ ਲਾਗਿਓਂ ਪਹਿਲਾਂ ਸਿਧੀ ਗੁਫਾ ਪੁਟਵਾਈ ਤੇ ਫਿਰ ਹੇਠਾਂ ਨੂੰ ਪੁਟਣਾ ਆਰੰਭਿਆ ਇਸ ਤਰ੍ਹਾਂ ਕੋਈ ੯ ਫੁਟ ਜ਼ਮੀਨ ਤੋਂ ਹੇਠਾਂ ਜਾਣ ਪਰ ਇਕ ੧੦ ਫੁਟ ਚੌਕੋਨ ਖੂਹ ਨਿਕਲਿਆ ਜੇਹੜਾ ਘੜਤੂ ਪੱਥਰਾਂ ਦਾ ਬਣਿਆ ਹੋਇਆ ਸੀ ਇਸ ਖੂਹ ਨੂੰ ੧੫ ਫੁਟ ਡੂੰਘਾ ਪੁਟਣ ਪਰ ਇਕ ਹੋਰ ਪੱਥਰ ਦਾ ਛੋਟਾ ਗੁੰਬਜ਼ ਦਿਸਿਆ । ਇਸ ਦੇ ਅੰਦਰੋਂ ਇਕ ਸੋਨੇ ਦਾ ਡੱਬਾ ਮਿਲਿਆ, ਖੋਲ੍ਹਣ ਪਰ ਇਸ ਵਿਚੋਂ ਕੁਝ ਮਹਾਤਮਾ ਬੁਧ ਦੇ ਅੰਗੀਠੇ ਦੀ ਬਿਭੂਤੀ ਅਤੇ ਇਕ ਦੰਦ ਅਤੇ ਇਸ ਨਾਲ ਕੁਝ ਸੋਨੇ ਦੀਆਂ ਮੋਹਰਾਂ ਮਿਲੀਆਂ†। ਅਸ਼ੋਕ ਦੇ ਰਾਜ ਸਮੇਂ ਦੀਆਂ ਮੋਹਰਾਂ ਤਾਂ ਮਹਾਰਾਜਾ ਸਾਹਿਬ ਨੇ ਵੈਨਤੂਰਾ ਨੂੰ ਬਖਸ਼ ਦਿਤੀਆਂ ‡ ਅਤੇ ਇਤਿਹਾਸਕ ਡੱਬਾ ਸਣੇ ਦੰਦਾਂ ਆਦਿ ਦੇ ਆਪਣੇ ਤੋਸ਼ੀਖਾਨੇ ਵਿਚ ਦਾਖਲ ਕਰਵਾ ਦਿੱਤਾ ।

ਮੈਦਾਨ ਜੰਗ ਦਾ ਕੋਈ ਕਾਰਨਾਮਾ ਨਹੀਂ

ਜਿਹਾ ਕਿ ਅਸੀਂ ਉਪਰ ਲਿਖ ਆਏ ਹਾਂ ਵੈਨਤੂਰਾ ਨੇ ਪੈਦਲ ਫ਼ੌਜ ਨੂੰ ਆਪਣੀ ਸਿਖਲਾਈ ਨਾਲ ਪਹਿਲਾਂ ਨਾਲੋਂ ਵਧੇਰੇ ਕਵੈਦਦਾਨ ਕਰ ਦਿਤਾ ਸੀ । ਪਰ ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਲੰਮੀ ਖੋਜ ਕੀਤਿਆਂ ਵੀ ਇਸ ਦਾ ਮੈਦਾਨ-ਜੰਗ ਦਾ ਕੋਈ ਵੀ ਖਾਸ ਕਾਰਨਾਮਾ ਨਹੀਂ ਮਿਲਦਾ ਜਿਸ ਨਾਲ ਇਸ ਕੋਈ ਇਲਾਕਾ ਫ਼ਤਹਿ ਕਰਕੇ ਖਾਲਸਾ ਰਾਜ ਨਾਲ ਮਿਲਾਇਆ ਹੋਵੇ ।

ਸੰਨ ੧੮੨੩ ਵਾਲੀ ਨੌਸ਼ਹਿਰੇ ਦੀ ਲੜਾਈ ਅਤੇ ੧੮੩੪ ਦੀ ਪਿਸ਼ਾਵਰ ਦੀ ਚੜ੍ਹਾਈ ਸਮੇਂ ਇਹ ਖਾਲਸਾ ਫ਼ੌਜ ਨਾਲ ਸਰਦਾਰ ਹਰੀ

---

†ਹੂਗਲਜ਼ ਟਰੈਵਲਜ਼ ਇਨ ਕਸ਼ਮੀਰ ਐਂਡ ਦੀ ਪੰਜਾਬ ਸਫ਼ਾ ੨੩੬-੨੬੭; ਮੁਨਸ਼ੀ ਸਾਹਮਤ ਅਲੀ, ਸਿਖਸ ਐਂਡ ਅਫਗਾਨਜ਼, ਸਫ਼ਾ ੧੪੫; ਬਾਰਜ਼, ਜਰਨਲ ਆਫ ਮਾਰਚ ਫਰਾਮ ਦਿੱਲੀ ਟੂ ਪਿਸ਼ਾਵਰ, ਸਫ਼ਾ ੧੭੫ ।

‡ਇਨ੍ਹਾਂ ਵਿਚੋਂ ਕੁਝ ਤਾਂ ਵੈਨਤੂਰਾ ਨੇ ਸਰ ਕਲਾਉਡ ਵੈਡ ਨੂੰ ਦੇ ਦਿਤੀ ਜੇਹੜੀਆਂ ਉਸ ਨੇ ਇਸ਼ਆਟਕ ਸੁਸਾਇਟੀ ਕਲਕੱਤਾ ਨੂੰ ਭੇਜ ਦਿੱਤੀਆਂ ਸਨ ਜੋ ਉਥੇ ਅਜੇ ਤਕ ਮੌਜੂਦ ਹਨ । [ਲੇਖਕ

ਸਿੰਘ ਨਲੂਏ ਦੀ ਤਹਿਤ ਵਿਚ ਗਿਆ ਸੀ ਪਰ ਇਸ ਦਾ ਕੋਈ ਕੰਮ ਐਸਾ ਅਸਧਾਰਣ ਨਹੀਂ ਸੀ ਜੇਹੜਾ ਲਿਖਣ ਜੋਗ ਹੋਵੇ ।

ਇਸ ਬਾਰੇ ਪੰਜਾਬ ਰੀਕਾਰਡ ਨੂੰ ਖੋਜਿਆਂ ਇਹ ਕੁਝ ਲਿਖਿਆ ਮਿਲਦਾ ਹੈ ਕਿ ਵੈਨਤੂਰਾ, ਵਧੇਰਾ ਮਾਲ-ਗੁਜ਼ਾਰੀ ਦੇ ਬਕਾਇਆਂ ਦੀ ਵਸੂਲੀ ਦੀਆਂ ਮੁਹਿਮਾਂ ਪਰ ਹੀ ਭੇਜਿਆ ਜਾਂਦਾ ਸੀ ਇਸ ਗੱਲ ਦੇ ਮੰਨਣ ਤੋਂ ਇਨਕਾਰ ਕਰਨਾ ਵੀ ਵੈਨਤੂਰਾ ਨਾਲ ਅਨਿਆਂ ਦੇ ਤੁਲ ਹੋਵੇਗਾ ਕਿ ਉਸ ਦੇ ਯਤਨ ਨਾਲ ਹੀ ਖਾਲਸਾ ਫ਼ੌਜ ਕਵੈਦਦਾਨੀ ਤੇ ਵਰਦੀ ਆਦਿ ਦੀ ਸਫ਼ਾਈ ਵਿਚ ਐਨੇ ਉਚੇ ਦਰਜੇ ਪਰ ਪਹੁੰਚੀ ਸੀ ਕਿ ਇਸ ਦੇ ਕੂਚ ਪਰੇਟ ਨੂੰ ਦੇਖ ਕੇ ਵੱਡੇ ਵੱਡੇ ਪਾਰਖੂਆਂ ਦੀ ਰਾਏ ਸੀ ਕਿ ਖਾਲਸਾ ਫੌਜ ਨਾਲ, ਯੂਰਪ ਦੇ ਕਿਸੇ ਦੇਸ ਦੀ ਕ੍ਵੈਦਦਾਨ ਫ਼ੌਜ, ਬਰਾਬਰੀ ਨਾ ਸੀ ਕਰ ਸਕਦੀ । ਕਈ ਸਿਆਣਿਆਂ ਦਾ ਇਹ ਵੀ ਕਹਿਣਾ ਹੈ ਕਿ ਵੈਨਤੂਰਾ ਦੀ ਸਫ਼ਲਤਾ ਦਾ ਮੂਲ ਕਾਰਨ ਇਹ ਸੀ ਕਿ ਕੁਦਰਤ ਨੇ ਸਿਖਾਂ ਨੂੰ ਸਿਖ ਲੈਣ ਦਾ ਗੁਣ, ਹੋਰਨਾਂ ਲੋਕਾਂ ਤੋਂ ਬਹੁਤ ਵਧੀਕ ਬਖ਼ਸ਼ਿਆ ਹੈ ਅਤੇ ਇਹ ਬਖ਼ਸ਼ਸ਼ ਇਨ੍ਹਾਂ ਵਿਚ ਪੀੜ੍ਹੀਓਂ ਪੀੜ੍ਹੀ ਚਲੀ ਆਉਂਦੀ ਹੈ ਕਿ ਸਿਖਲਾਈ ਦਾ ਕੰਮ ਭਾਵੇਂ ਕਿੰਨਾ ਕਠਨ ਕਿਉਂ ਨਾ ਹੋਵੇ ਇਹ ਝਟ ਪਟ ਇਸ ਨੂੰ ਬੜੀ ਸਫ਼ਾਈ ਨਾਲ ਗ੍ਰਹਣ ਕਰ ਲੈਂਦੇ ਹਨ* ।

ਵੈਨਤੂਰਾ ਬਾਰੇ ਭੁਲ ਦੀ ਸੋਧ

ਬੈਰਨ ਹੂਗਲ, ਆਸਟਰੀਅਨ ਸੈਲਾਨੀ, ਆਪਣੇ ਸਫਰਨਾਮੇ ਵਿਚ ਲਿਖਦਾ ਹੈ ਕਿ ਵੈਨਤੂਰਾ ਨੂੰ ਮਹਾਰਾਜਾ ਰਣਜੀਤ ਸਿੰਘ ਨੇ ੧੮੩੫-੩੭ ਵਿਚ ਲਾਹੌਰ ਦਾ 'ਕਾਜ਼ੀ' ਚੀਫ਼ ਜੱਜ ਅਤੇ ਗਵਰਨਰ ਨੀਯਤ ਕੀਤਾ ਇਸ ਤਰ੍ਹਾਂ ਇਸ ਦੀ ਕੁਰਸੀ ਸ਼ੇਰਿ ਪੰਜਾਬ ਦੇ ਦਰਬਾਰ ਵਿਚ ਤੀਜੇ

---

*ਖਾਲਸੇ ਦੇ ਇਸ ਗੁਣ ਬਾਰੇ ਨਾ ਕੇਵਲ ਕਈ ਨਾਮੀ ਲੇਖਕਾਂ ਦੀ ਇਹ ਰਾਏ ਹੈ ਸਗੋਂ ਮੌਜੂਦਾ ਸਮੇਂ ਦੇ ਵੱਡੇ ਵੱਡੇ ਅੰਗ੍ਰੇਜ਼ ਅਫ਼ਸਰਾਂ ਦਾ ਵੀ ਇਹੀ ਕਹਿਣਾ ਹੈ ਕਿ ਸਿਖਲਾਈ ਦੇ ਕੰਮ ਵਿਚ ਸਿਖ ਸ਼ਦਾ ਮੋਹਰੀ ਰਹਿੰਦੇ ਹਨ ।

ਦਰਜੇ ਪਰ ਸੀ । ਅਰਥਾਤ ਪਹਿਲੀ ਕੁਰਸੀ ਸ਼ਾਹਜ਼ਾਦਾ ਖੜਗ ਸਿੰਘ, ਦੂਜੀ ਕੰਵਰ ਸ਼ੇਰ ਸਿੰਘ ਅਤੇ ਤੀਜੀ ਵੈਨਤੂਰਾ ਦੀ ਸੀ* ।

ਹੂਗਲ ਦੀਆਂ ਲਿਖਤਾਂ ਵਿਚ ਵੈਨਤੂਰਾ ਬਾਰੇ ਕਈ ਗੱਲਾਂ ਨਿਰਮੂਲ ਲਿਖੀਆਂ ਮਿਲਦੀਆਂ ਹਨ ਜਿਹਾ ਕਿ ਉਸ ਦਾ ਖਾਲਸਾ ਫ਼ੌਜ ਦਾ ਕਮਾਂਡਰ ਇਨਚੀਫ ਹੋਣਾ, ਲਾਹੌਰ ਦਾ ਕਾਜ਼ੀ ਤੇ ਗਵਰਨਰ ਰਹਿਣਾ ਤੇ ਮਹਾਰਾਜੇ ਦੇ ਦਰਬਾਰ ਵਿਚ ਉਸ ਦੀ ਤੀਜੀ ਕੁਰਸੀ ਹੋਣੀ, ਇਨ੍ਹਾਂ ਚਾਰੇ ਗੱਲਾਂ ਨੂੰ ਖਾਲਸਾ ਦਰਬਾਰ ਦੀਆਂ ਲਿਖਤਾਂ ਦੀ ਰੋਸ਼ਨੀ ਵਿਚ ਪਰਖਿਆਂ, ਅਸੱਤ ਸਾਬਤ ਹੁੰਦੀਆਂ ਹਨ ।

(੧) ਵੈਨਤੂਰਾ ਕਦੇ ਵੀ ਲਾਹੌਰ ਦਾ ਕਾਜ਼ੀ ਨੀਯਤ ਨਹੀਂ ਰਿਹਾ। ਸੰਨ ੧੮੩੦ ਤੋਂ ੧੮੪੦ ਤਕ ਮੁਫ਼ਤੀ ਨਿਜ਼ਾਮੋਦੀਨ ਲਾਹੌਰ ਦੇ ਕਾਜ਼ੀ ਦੇ ਅਹੁਦੇ ਪਰ ਨੀਯਤ ਰਿਹਾ† ।

(੨,੩) ਲਾਹੌਰ ਦੀ ਗਵਰਨਰੀ ਅਤੇ ਖਾਲਸਾ ਫ਼ੌਜ ਦਾ ਕਮਾਂਡਰ ਇਨਚੀਫ ਦਾ ਅਹੁਦਾ ਕਦੇ ਵੀ ਵੈਨਤੂਰਾ ਨੂੰ ਨਹੀਂ ਸੀ ਮਿਲਿਆ ਜੇ ਕਦੇ ਹੂਗਲ ਦੀ ਇਹ ਲਿਖਤ ਠੀਕ ਹੁੰਦੀ ਤਾਂ ਜ਼ਰੂਰੀ ਸੀ ਕਿ ਖਾਲਸਾ ਦਰਬਾਰ ਰੀਕਾਰਡ ਯਾ ਪੰਜਾਬ ਗਵਰਨਮਿੰਟ ਰੀਕਾਰਡ ਵਿਚ ਜ਼ਰੂਰੀ ਇਸ ਬਾਰੇ ਕਿਤੇ ਕੋਈ ਲਿਖਤ ਮੌਜੂਦ ਹੁੰਦੀ । ਇਨ੍ਹਾਂ ਦੋਵਾਂ ਰੀਕਾਰਡਾਂ ਵਿਚ ਐਸੀ ਕੋਈ ਲਿਖਤ ਨਹੀਂ ਮਿਲਦੀ । ਇਹ ਕਦੀ ਵੀ ਨਹੀਂ ਸੀ ਹੋ ਸਕਦਾ ਕਿ ਇਕ ਯੂਰਪੀਨ ਨੂੰ ਖਾਲਸਾ ਫ਼ੌਜ ਦਾ ਕਮਾਂਡਰ ਇਨਚੀਫ ਯਾ ਲਾਹੌਰ ਦਾ ਗਵਰਨਰ ਨੀਯਤ ਕੀਤਾ ਗਿਆ ਹੋਵੇ ਅਤੇ ਅੰਗੇਰਜ਼ੀ ਖ਼ਬਰ-ਨਵੀਸਾਂ, ਜੇਹੜੇ ਨਿੱਕੀਆਂ ਨਿੱਕੀਆਂ ਗੱਲਾਂ ਰੋਜ਼ਾਨ੍ਹਾ ਲਿਖ ਲਿਖ ਕੇ ਡੈਰੀਆਂ ਰਾਹੀਂ ਘੱਲਦੇ ਰਹਿੰਦੇ ਸਨ ਐਨੀਆਂ ਜ਼ਰੂਰੀ ਗੱਲਾਂ ਦਾ ਜ਼ਿਕਰ ਤਕ ਨਾ ਲਿਖਦੇ ।

---

*ਹੂਗਲ ਟ੍ਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ ਸਫ਼ਾ ੩੧੭ ।

†ਦੀਵਾਨ ਅਮਰ ਨਾਥ, ਜ਼ਫ਼ਰਨਾਮਾ ਰਣਜੀਤ ਸਿੰਘ ਸਫ਼ਾ ੮; ਘਨੱਈਆ ਲਾਲ, ਤਾਰੀਖ ਲਾਹੌਰ ਪ੩; ਮੁਫਤੀ ਨੂਰ ਅਹਿਮਦ ਤਹਕੀਕਾਤੇ ਚਿਸ਼ਤੀ ਦਾ ਦੀਬਾਚਾ।

(੪) ਖਾਲਸਾ ਦਰਬਾਰ ਵਿਚ ਤੀਜੀ ਕੁਰਸੀ ਮਿਲਣੀ ਇਹ ਵੀ ਠੀਕ ਨਹੀਂ । ਦਰਬਾਰ ਵਿਚ ਸ਼ਾਹਜ਼ਾਦਾ ਖੜਗ ਸਿੰਘ ਤੇ ਸ਼ੇਰ ਸਿੰਘ ਦੇ ਬਾਅਦ ਤੀਜੀ ਕੁਰਸੀ ਕੰਵਰ ਨੌ-ਨਿਹਾਲ ਸਿੰਘ ਦੀ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਆਂ ਪੰਜ ਤਸਵੀਰਾਂ ਵਖੋ ਵੱਖ ਸਮਿਆਂ ਦੀਆਂ ਮਿਲਦੀਆਂ ਹਨ, ਇਨ੍ਹਾਂ ਵਿਚੋਂ ਤਿੰਨ ਪੰਜਾਬ ਗਵਰਮਿੰਟ ਰੀਕਾਰਡ ਆਫ਼ਿਸ ਵਿਚ ਹਨ ਅਤੇ ਦੋ ਮੇਰੇ ਪਾਸ ਮੌਜੂਦ ਹਨ । ਇਨ੍ਹਾਂ ਪੰਜਾਂ ਵਿਚ ਸਭੇ ਯੂਰਪੀਨ ਆਫ਼ੀਸਰ ਸ਼ੇਰਿ ਪੰਜਾਬ ਦੇ ਸਾਹਮਣੇ ਖੜੋਤੇ ਹੋਏ ਦਰਸਾਏ ਗਏ ਹਨ* । ਇਨ੍ਹਾਂ ਸਾਰਿਆਂ ਵਾਕਿਆਤਾਂ ਨੂੰ ਵਿਚਾਰਿਆਂ ਹੂਗਲ ਦੀਆਂ ਇਹ ਚਾਰੇ ਗੱਲਾਂ ਨਿਰਮੂਲ ਸਿਧ ਹੁੰਦੀਆਂ ਹਨ ।

ਵੈਨਤੂਰਾ ਦਾ ਛੁਟੀ ਜਾਣਾ

ਵੈਨਤੂਰਾ ਨੂੰ ਮਹਾਰਾਜਾ ਸਾਹਿਬ ਦੀ ਨੌਕਰੀ ਵਿਚ ਹੁਣ ੧੫ ਸਾਲ ਹੋ ਗਏ ਸਨ । ਦੂਜਾ ਇਹ ਚਾਹੁੰਦਾ ਸੀ ਕਿ ਆਪਣੀ ਲੜਕੀ ਵਿਕਟੋਰੀਆ ਨੂੰ ਵਿਦਿਆ ਪ੍ਰਾਪਤੀ ਲਈ ਯੂਰਪ ਲੈ ਜਾਏ । ਇਸ ਇਛਾ ਅਨੁਸਾਰ ਇਸ ਨੇ ਸੰਨ ੧੯੩੭ ਵਿਚ ਸ਼ੇਰਿ ਪੰਜਾਬ ਤੋਂ ਦੋ ਸਾਲ ਦੀ ਛੁਟੀ ਮੰਗੀ ਜੋ ਪ੍ਰਵਾਨ ਕੀਤੀ ਗਈ ।

ਵੈਨਤੂਰਾ ਲਗ ਪਗ ਦੋ ਸਾਲ ਯੂਰਪ ਵਿਚ ਰਿਹਾ । ਛੁਟੀ ਦੇ ਛੇਕੜਲੇ ਦਿਨਾਂ ਵਿਚ ਉਸ ਨੂੰ ਸ਼ੇਰਿ ਪੰਜਾਬ ਦੀ ਬੀਮਾਰੀ ਦਾ ਪਤਾ ਲਗਾ ਤਾਂ ਇਹ ਬਹੁਤ ਛੇਤੀ ਵਲੈਤ ਤੌਂ ਪੰਜਾਬ ਪਰਤ ਆਇਆ । ਲਾਹੌਰ ਪਹੁੰਚਦਿਆਂ ਹੀ ਇਸ ਨੂੰ ਪਿਸ਼ਾਵਰ ਵਲ ਜਾਣ ਦਾ ਹੁਕਮ ਮਿਲਿਆ । ਕਿਉਂਕਿ ਇਨ੍ਹਾਂ ਦਿਨਾਂ ਵਿਚ ਹੀ ਤ੍ਰੈਗਡਾ ਸਮਝੌਤੇ† ਅਨੁਸਾਰ ਅਫ਼ਗਾਨਿਸਤਾਨ ਪਰ ਚੜ੍ਹਾਈ ਦੀਆਂ ਤਿਆਰੀਆਂ ਹੋ ਰਹੀਆਂ ਹਨ ।

---

*ਇਹ ਚਿੱਤਰ ਮਹਾਰਾਜੇ ਸਾਹਿਬ ਦੇ ਸਮੇਂ ਦੇ ਹਨ ।

†ਇਹ ਸਮਝੌਤਾ ਮਹਾਰਾਜਾ ਰਣਜੀਤ ਸਿੰਘ, ਈਸਟ ਇੰਡੀਆ ਕੰਪਨੀ ਅਤੇ ਸ਼ਾਹ ਸ਼ੁਜਾ, ਸਾਬਕ ਵਾਲੀਏ ਕਾਬਲ ਦੇ ਵਿਚ ਹੋਇਆ ਸੀ ।

ਸ਼ੇਰਿ ਪੰਜਾਬ ਦਾ ਚਲਾਣਾ

ਵੈਨਤੂਰਾ ਪਿਸ਼ਾਵਰ ਵਿਚ ਹੀ ਸੀ ਕਿ ਮਹਾਰਾਜਾ ਰਣਜੀਤ ਸਿੰਘ ੨੭ ਜੂਨ ਸੰਨ ੧੮੩੯ ਨੂੰ ਲਾਹੌਰ ਵਿਚ ਕਮਰਕਸਾ ਕਰ ਗਏ । ਇਸੇ ਸਾਲ ਦੇ ਅਖੀਰ ਪਰ ਵੈਨਤੂਰਾ ਨੂੰ ਪਿਸ਼ਾਵਰ ਤੋਂ ਬਦਲਾਕੇ ਲਾਹੌਰ ਬੁਲਾਇਆ ਗਿਆ । ਇਸ ਸਮੇਂ ਵੈਨਤੂਰਾ ਨੂੰ ਇਸ ਪਹਾੜੀ ਇਲਾਕੇ ਦੇ ਬਕਾਏ ਦੀ ਵਸੂਲੀ ਅਤੇ ਅਗੇ ਲਈ ਚੰਗੇ ਪ੍ਰਬੰਧ ਦੀ ਸਫ਼ਲਤਾ ਦੇ ਬਦਲੇ, ਕੰਵਰ ਨੌ-ਨਿਹਾਲ ਸਿੰਘ ਨੇ 'ਸਰਦਾਰ ਮੰਡੀ' (Count of Mandi) ਦਾ ਖ਼ਿਤਾਬ ਦਿਤਾ ।

ਮਹਾਰਾਜਾ ਖੜਗ ਸਿੰਘ ਤੇ ਨੌ-ਨਿਹਾਲ ਸਿੰਘ ਦੇ ਬਾਅਦ ਜ਼ਦ ਮਹਾਰਾਜਾ ਸ਼ੇਰ ਸਿੰਘ, ਖ਼ਾਲਸਾ ਰਾਜ ਦੇ ਤਖ਼ਤ ਪਰ ਬੈਠਾ ਤਾਂ ਵੈਨਤੂਰਾ ਪਰ ਫੇਰ ਮੇਹਰਬਾਨੀ ਦੀ ਨਜ਼ਰ ਹੋਣ ਲਗੀ ।

ਪਿਸ਼ਾਵਰ ਜਾਣ ਤੋਂ ਵੈਨਤੂਰਾ ਦਾ ਘਬਰਾਉਣਾ

ਸੰਨ ੧੮੪੧ ਵਿਚ ਵੈਨਤੂਰਾ ਨੂੰ ਪਤਾ ਲਗਾ ਕਿ ਇਸ ਨੂੰ ਮੁੜ ਪਿਸ਼ਾਵਰ ਭੇਜਿਆ ਜਾਏਗਾ । ਇਸ ਬਦਲੀ ਪਰ ਉਹ ਐਸਾ ਘਬਰਾਇਆ ਕਿ ਇਸ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿਤਾ । ਮਹਾਰਾਜਾ ਸ਼ੇਰ ਸਿੰਘ ਨੇ ਇਸ ਲੋੜ ਦੇ ਸਮੇਂ ਇਹ ਅਸਤੀਫ਼ਾ ਮਨਜ਼ੂਰ ਨਾ ਕੀਤਾ ਅਤੇ ਇਸ ਨੂੰ ਬੜਾ ਹੌਸਲਾ ਦਿਵਾਇਆ ਪਰ ਵੈਨਤੂਰੇ ਦਾ ਮਨ ਐਨਾ ਢਿਲਕ ਗਿਆ ਸੀ ਕਿ ਉਸ ਨੇ ਇਕ ਵੀ ਨਾ ਸੁਣੀ ।

ਅੰਗਰੇਜ਼ੀ ਇਲਾਕੇ ਵਿਚ ਭਜ ਜਾਣਾ

ਵੈਨਤੂਰੇ ਦੇ ਅਸਤੀਫ਼ੇ ਦੇ ਨਾ-ਮਨਜ਼ੂਰ ਹੋਣ ਪਰ ਉਹ ੧੪ ਦਿਨਾਂ ਦੀ ਛੁਟੀ ਲਈ ਦਰਖ਼ਾਸਤ ਦੇ ਕੇ ਰਾਤੋ ਰਾਤ ਖ਼ਾਲਸਾ ਰਾਜ ਤੋਂ ਨਿਕਲਕੇ ਅੰਗਰੇਜ਼ੀ ਇਲਾਕੇ ਵਿਚ ਲੁਧਿਆਣੇ ਜਾ ਪੁਜਾ । ਇਥੇ ਇਸ ਨੇ ਆਪਣਾ ਸਾਮਾਨ, ਹਾਥੀ, ਘੋੜੇ, ਕਿਸ਼ਤੀ ਅਤੇ ਘਰ ੮੦੦੦੦) ਰੁਪਏ ਪਰ ਅੰਗਰੇਜ਼ੀ ਸਰਕਾਰ ਪਾਸ ਵੇਚ ਦਿਤਾ । ਇਸ ਰਕਮ ਤੋਂ ਛੁਟ ਵੈਨਤੂਰਾ

ਪੰਜ ਲੱਖ ਰੁਪਿਆ ਹੋਰ ਆਪਣੇ ਨਾਲ ਲੈ ਕੇ ਪਹਿਲਾਂ ਕੁਝ ਸਮਾਂ ਸ਼ਿਮਲੇ ਰਿਹਾ ਤੇ ਇਸ ਦੇ ਬਾਅਦ ਜਨਵਰੀ ੧੮੪੫ ਨੂੰ ਕਲਕੱਤੇ ਤੋਂ ਜਹਾਜ਼ ਚੜ੍ਹ ਕੇ ਫ਼ਰਾਂਸ ਜਾ ਪੁਜਾ ਅਤੇ ਪੈਰਸ ਵਿਚ ਇਕ ਘਰ ਖ੍ਰੀਦ ਕੇ ਉਥੇ ਰਹਿਣ ਲਗਾ । ਪਿਛੇ ਜਾ ਕੇ ਸੰਨ ੧੮੫੨ ਦੇ ਅਖੀਰ ਪਰ ਵੈਨਤੂਰਾ ਤੇ ਉਸ ਦੀ ਲੜਕੀ ਦੀ ਜਾਗੀਰ, ਈਸਟ ਇੰਡੀਆ ਕੰਪਨੀ ਦੇ ਕੋਰਟ ਆਫ਼ ਡਾਇਰੈਕਟਰਾਂ ਨੇ ੨੪੦੦੦ ਪੌਂਡ ਪਰ ਉਸ ਤੋਂ ਖਰੀਦ ਲਈ । ਉਪਰੋਕਤ ਰਕਮ ਤੋਂ ਵਖ ਉਹਨਾਂ ੩੦੦ ਪੌਂਡ ਸਾਲਾਨਾ ਪੈਨਸ਼ਨ ਵੀ ਉਸ ਲਈ ਪ੍ਰਵਾਨ ਕੀਤੀ* ।

ਵੈਨਤੂਰਾ ਦਾ ਆਚਰਨ

ਵੈਨਤੂਰਾ ਬਾਰੇ ਸਾਡਾ ਮੁਦਤ ਤਕ ਖਿਆਲ ਰਿਹਾ ਕਿ ਖਾਲਸਾ ਰਾਜ ਦੇ ਬਿਦੇਸ਼ੀ ਕਾਰਿੰਦਿਆਂ ਵਿਚੋਂ ਇਸ ਦਾ ਆਚਰਨ ਸਾਰਿਆਂ ਤੋਂ ਚੰਗਾ ਸੀ, ਪਰ ਜਿਉਂ ਜਿਉਂ ਅਸੀਂ ਵਧ ਖੋਜ ਪੜਤਾਲ ਕਰਦੇ ਗਏ ਤਿਉਂ ਤਿਉਂ ਅਸੀਂ ਆਪਣੇ ਪਹਿਲੇ ਬਣਾਏ ਹੋਏ ਖਿਆਲਾਂ ਨੂੰ ਬਦਲਣ ਲਈ ਬੇ-ਵਸ ਹੁੰਦੇ ਗਏ ।

ਵੈਨਤੂਰਾ ਬਾਰੇ ਅਸੀਂ ਇਹ ਗੱਲ ਦੁਖਤ ਹਿਰਦੇ ਨਾਲ ਲਿਖਣ ਲਈ ਮਜਬੂਰ ਹਾਂ ਕਿ ਖਾਲਸਾ ਰਾਜ ਵਿਚ ਐਨੀ ਇਜ਼ਤ ਤੇ ਲੱਖਾਂ ਰੁਪਿਆਂ ਦਾ ਮਾਲੀ ਲਾਭ ਪ੍ਰਾਪਤ ਕਰਦੇ ਹੋਇਆਂ ਵੀ ਉਹ ਆਪਣੇ ਮਾਲਕ ਦੀ ਪੂਰਨ ਵਫ਼ਾਦਾਰੀ ਤੇ ਨਿਮਕ ਹਲਾਲੀ ਵਿਚ ਤਤਪਰ ਨਹੀਂ ਸੀ ਰਿਹਾ । ਉਹ ਵੀ ਕਈ ਹੋਰਨਾਂ ਬਦੇਸ਼ੀ ਕਾਰਿੰਦਿਆਂ ਦੀ ਤਰ੍ਹਾਂ ਖਾਲਸਾ ਦਰਬਾਰ ਦੀਆਂ ਖੁਫ਼ੀਆ ਖਬਰਾਂ, ਈਸਟ ਇੰਡੀਆ ਕੰਪਨੀ ਦੇ ਕਰਮਚਾਰੀਆਂ ਨੂੰ ਪਹੁੰਚਾਉਂਦਾ ਰ੍ਹਿੰਦਾ ਸੀ† ।

ਇਸ ਤੋਂ ਛੁਟ ਪੁਰਾਤਨ ਲਿਖਤਾਂ ਤੋਂ ਇਕ ਥਾਂ ਇਹ ਲਿਖਤ ਵੀ

---

*ਜਰਨਲ ਆਫ਼ ਦੀ ਪੰਜਾਬ ਹਿਸਟਾਰੀਕਲ ਸੁਸਾਇਟੀ, ਜਿਲਦ ੬, ਸਫ਼ਾ ੧੫੨ ।

†ਮੇਜਰ ਬੀ. ਡੀ. ਬਾਸੂ, ਰਾਈਜ਼ ਆਫ਼ ਦੀ ਕ੍ਰਿਸਚੀਅਨ ਪਾਵਰ ਇਨ ਇੰਡੀਆ, ਸਫ਼ਾ ੮੫੪ ।

ਮਿਲਦੀ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਵੈਨਤੂਰਾ ਨੇ ਗੋਰਮਿੰਟ ਅੰਗਰੇਜ਼ੀ ਨੂੰ ਆਪਣੀ ਖਿਦਮਤ, ਮੈਕਗ੍ਰੀਗਰ ਤੇ ਵੱਡ, ਪੁਲੀਟੀਕਲ ਏਜੰਟ, ਲੁਧਿਆਣਾ ਰਾਹੀਂ ਪੇਸ਼ ਕੀਤੀ ਸੀ †।

ਇਸ ਸਿਲਸਿਲੇ ਵਿਚ ਮਿਸਟਰ ਕੁਰੀ‡, ਫਾਰਨ ਸੈਕ੍ਰੇਟਰੀ, ਗਵਰਨਮਿੰਟ ਹਿੰਦ, ਆਪਣੀ ਇਕ ਚਿਠੀ ਵਿਚ ਜੇਹੜੀ ਉਸ ਨੇ ੧੯ ਜਨਵਰੀ ਸੰਨ ੧੮੪੫ ਨੂੰ ਮੇਜਰ ਬ੍ਰਾਡ ਫੁਟ, ਪੁਲੀਟੀਕਲ ਏਜੰਟ ਲੁਧਿਆਣੇ ਨੂੰ ਲਿਖੀ ਉਸ ਵਿਚ ਉਹ ਲਿਖਦਾ ਹੈ ''ਮੈਂ ਦੋ ਤਿੰਨ ਲੰਮੀਆਂ ਮੁਲਾਕਾਤਾਂ ਜਰਨੈਲ ਵੈਨਤੂਰਾ ਨਾਲ ਕੀਤੀਆਂ ਹਨ, ...ਇਸ ਬ੍ਰਿਧ ਫਰਾਂਸੀਸੀ ਦੀ ਇਛਾ ਹੈ ਕਿ ਉਹ ਸਰ ਹੈਨਰੀ ਹਾਰਡਿੰਗ, ਗਵਰਨਰ ਜਨਰਲ, ਨੂੰ ਮਿਲਕੇ ਬਹੁਮੁੱਲੀ ਵਾਕਫ਼ੀ ਉਸਨੂੰ ਦੇਵੇ*। ਇਹਾ ਹੀ ਕਾਰਨ ਸੀ ਜਿਥੇ ਵੈਨਤੂਰਾ ਦਾ ਸਾਮਾਨ ਅਤੇ ਜਾਗੀਰ ਆਦਿ ਕੰਪਨੀ ਨੇ ਇਸ ਨੂੰ ਮਾਲੀ ਲਾਭ ਪਹੁੰਚਾਨ ਲਈ ਮਹਿੰਗੇ ਮੁਲ ਤੋਂ ਖਰੀਦ ਲਈ, ਉਥੇ ਨਾਲ ਹੀ ਉਸਨੂੰ ਚੋਖੀ ਪੈਨਸ਼ਨ ਵੀ ਦਿਤੀ, ਜੇਹੜੀ ਉਸ ਨੂੰ ਮਰਦੇ ਦਮ ਤਕ ਮਿਲਦੀ ਰਹੀ**।

---

†ਨਰਿੰਦ੍ਰਾ ਕਿਸ਼ਨ ਸਿਨਾਹ, ਰਣਜੀਤ ਸਿੰਘ, ਸਫ਼ਾਂ ੧੫੪।

‡ਮਿਸਟਰ ਕੁਰੀ ਪਿਛੋਂ ਸਰ ਫ੍ਰੈਡਰਿਕ ਕੁਰੀ ਦੇ ਨਾਮ ਨਾਲ ਪ੍ਰਸਿਧ ਹੋਇਆ। ਇਹ ਸੰਨ ੧੮੨੦ ਵਿਚ ਈਸਟ ਇੰਡੀਆ ਕੰਪਨੀ ਦੀ ਨੌਕਰੀ ਦੇ ਸਿਲਸਿਲੇ ਵਿਚ ਹਿੰਦ ਵਿਚ ਆਇਆ। ਪਹਿਲਾਂ ਇਹ ਸਦਰ ਕੋਰਟ ਦੀ ਜੱਜੀ ਪਰ ਕੰਮ ਕਰਦਾ ਰਿਹਾ। ਫਿਰ ਸੰਨ ੧੮੪੨-੪੬ ਤਕ ਗਵਰਨਰ ਜਨਰਲ ਦੀ ਕੌਂਸਲ ਵਿਚ ਫਾਰਨ ਸੈਕ੍ਰੇਟਰੀ, ਬਿਦੇਸ਼ੀ ਮਾਮਲਿਆਂ ਦਾ ਸਕੱਤ੍ਰ ਰਿਹਾ। ਸਿੱਖਾਂ ਦੀ ਪਹਿਲੀ ਲੜਾਈ ਸਮੇਂ ਇਹ ਸਰ ਹੈਨਰੀ ਹਾਰਡਿੰਗ ਦੇ ਨਾਲ ਸੀ। ਸਭਰਾਂਵ ਦੀ ਲੜਾਈ ਦੇ ਬਾਅਦ ਕੁਰੀ ਨੇ ਹੀ ਸੁਲ੍ਹਾ ਦੇ ਅਹਿਦਨਾਮੇ ਦੀਆਂ ਸ਼ਰਤਾਂ ਦਾ ਖਰੜਾ ਤਿਆਰ ਕੀਤਾ ਸੀ। ਕੁਰੀ ਨੂੰ ਇਸ ਸੇਵਾ ਦੇ ਬਦਲੇ ਸੰਨ ੧੮੭੦ ਵਿਚ ਬੈਰੋਨੈਟ ਦਾ ਖਿਤਾਬ ਮਿਲਿਆ। ਸੰਨ ੧੮੪੮ ਵਿਚ ਸਰ ਹੈਨਰੀ ਲਾਰੰਸ ਦੀ ਥਾਂ ਇਹ ਲਾਹੌਰ ਦਾ ਰੈਜ਼ੀਡੰਟ ਨੀਯਤ ਹੋਇਆ।

*ਮੇਜਰ ਬੀ. ਡੀ. ਬਾਸੂ, ਰਾਈਜ ਆਫ ਦੀ ਕ੍ਰਿਸਚੀਅਨ ਪਾਵਰ ਇਨ ਇੰਡੀਆ ਸਫ਼ਾ ੮੭੩।

**ਗ੍ਰੀ ਅਤੇ ਗੈਰਟ, ਯੂਰਪੀਅਨ ਅਡਵੈਂਚਰ ਸਫ਼ਾ ੧੧੬।

ਇਸ ਤੋਂ ਛੁਟ ਮਿਸਟਰ ਬਾਰ ਅਤੇ ਜੇਮਜ਼ ਪੀਅਰਸ ਇਸ ਦੇ ਆਚਰਨ ਪਰ ਵਧੇਰੀ ਰੋਸ਼ਨੀ ਇਨ੍ਹਾਂ ਅੱਖਰਾਂ ਵਿਚ ਪਾਂਦੇ ਹਨ। ਉਹ ਲਿਖਦੇ ਹਨ–ਜਰਨੈਲ ਵੈਨਤੂਰਾ ਦੇ ਜ਼ਮਾਨਖਾਨੇ ਵਿਚ, ੪੦,੫੦ ਪਹਾੜੀ ਜ਼ਨਾਨੀਆਂ ਸਨ, ਜਿਨ੍ਹਾਂ ਨੂੰ ਉਸ ਨੇ ਵੱਡੀਆਂ ਰਕਮਾਂ ਖ਼ਰਚ ਕੇ ਖਰੀਦਿਆ ਸੀ, ਆਦਿ ‡।

ਵਿਆਹਤਾ ਇਸਤ੍ਰੀ ਤੋਂ ਵੱਖ ਹੋਣਾ

ਵੈਨਤੂਰਾ ਦੀ ਆਪਣੀ ਵਿਆਹਤਾ ਇਸਤ੍ਰੀ, ਜਿਸ ਨਾਲ ਇਸਦਾ ਵਿਆਹ ਸੰਨ ੧੮੨੫ ਵਿਚ ਹੋਇਆ ਸੀ, ਇਸ ਦੀਆਂ ਉਪਰ ਲਿਖੀਆਂ ਅਖਲਾਕੀ ਕਮਜ਼ੋਰੀਆਂ ਨੂੰ ਹੋਰ ਵਧੇਰਾ ਸਮਾਂ ਨਾ ਸਹਾਰ ਸਕੀ। ਅਤੇ ਛੇਕੜ ਵੈਨਤੂਰਾ ਤੋਂ ਵਖ ਹੋ ਕੇ, ਲੁਧਿਆਣੇ, ਅਮਰੀਕਨ ਪ੍ਰੈਸਬਟੀਰੀਅਨ ਮਿਸ਼ਨਰੀਆਂ ਕੋਲ ਦੁਖੀ ਹੋ ਕੇ ਜਾ ਰਹੀ। ਵੈਨਤੂਰਾ ਦੇ ਸਦਾ ਲਈ ਵਲੈਤ ਚਲੇ ਜਾਣ ਦੇ ਬਾਅਦ ਵੀ ਉਹ ੨੯ ਸਾਲ ਲੁਧਿਆਣੇ ਹੀ ਰਹੀ।

ਸਰ ਕਲਾਡ ਵੈਡ ਨੇ ਵੈਨਤੂਰਾ ਨੂੰ ਮਜਬੂਰ ਕਰਕੇ, ਉਸ ਅਭਾਗੀ ਤੀਵੀਂ ਦੇ ਗੁਜ਼ਾਰੇ ਲਈ ਕੋਈ ਥੋੜ੍ਹੀ ਜੇਹੀ ਰਕਮ ਉਸ ਨੂੰ ਦਿਵਾ ਦਿੱਤੀ। ਇਹ ਦੁਖਿਆਰੀ, ਬੜੀ ਗ਼ਰੀਬੀ ਤੇ ਕਸ਼ਟ ਦੀ ਹਾਲਤ ਵਿਚ, ੧੦ ਜੁਲਾਈ ਸੰਨ ੧੮੭੩ ਨੂੰ ੭੦ ਸਾਲ ਦੀ ਉਮਰ ਵਿਚ ਮਰ ਗਈ ਅਤੇ ਉਥੋਂ ਦੇ ਹੀ ਕਬਰਿਸਤਾਨ ਵਿਚ ਦਫ਼ਨਾਈ ਗਈ। ਇਸ ਦੀ ਕਬਰ ਦੀ ਸਲੀਬ ਉਥੇ ਅਜੇ ਤਕ ਮੌਜੂਦ ਹੈ।

ਵੈਨਤੂਰਾ ਦਾ ਅੰਤ

ਵੈਨਤੂਰਾ ੩ ਅਪ੍ਰੈਲ ਸੰਨ ੧੮੪੮ ਨੂੰ ਪਲੂਰਸੀ ਦੀ ਬੀਮਾਰੀ ਨਾਲ ਕਈ ਦਿਨ ਬਿਮਾਰ ਰਹਿ ਕੇ ਸੰਸਾਰ ਤੋਂ ਕੂਚ ਕਰ ਗਿਆ*।

---

‡ਬਾਰਜ਼, ਜਰਨਲ ਆਫ਼ ਜਰਨੀ ਫਰਾਮ ਦਿਲੀ ਟੂ ਪਿਸਾਵਰ ਸਫ਼ਾ ੭੮; ਪੀਅਰਜ ਗਾਰਡਨਰ, ਸਫ਼ਾ ੩੧੧।

*ਬਕਲੈਂਡ ਡਿਕਸ਼ਨਰੀ ਆਫ ਇੰਡੀਅਨ ਬਾਏ ਗਰਾਫੀਸ, ਸਫ਼ਾ ੪੩੫।



ਜਰਨੈਲ ਅਵੀਤਾਬੀਲ ਗਵਰਨਰ ਪਿਸ਼ਾਵਰ ਦੀ ਗਵਰਨਰੀ ਸਮੇਂ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ ਹੋਤੀ







ਜਨਰਲ ਆਵੀਤਾਬੀਲ (ਅਬੂਤਬੇਲਾ)

(AVITABILE)

ਨਾਮ	ਕੌਮੀਅਤ	ਸਮਾਂ	ਤਲਬ
ਜਨਰਲ ਆਵੀਤਾਬੀਲ	ਇਟਾਲੀਅਨ	ਫਰਵਰੀ ੧੮੨੭ ੧੮੪੩	੫੦੦੦

ਜਨਮ

ਆਵੀਤਾਬੀਲ ਦਾ ਜਨਮ ੨੫ ਅਕਤੂਬਰ ਸੰਨ ੧੭੯੧ ਨੂੰ ਇਗਰੋਲੋ (ਇਟਲੀ) ਵਿਚ ਹੋਇਆ। ਇਹ ਆਪਣੇ ਪਿਤਾ ਦੇ ਘਰ ਪੰਜਵਾਂ ਬਾਲ ਸੀ। ੧੬ ਸਾਲ ਦੀ ਉਮਰ ਵਿਚ ਇਸ ਪਹਿਲਾਂ ਇਟਲੀ ਦੀ ਮਲੇਸ਼ੀਆਂ ਫ਼ੌਜ ਵਿਚ ਤਿੰਨ ਸਾਲ ਨੌਕਰੀ ਕੀਤੀ। ਸੰਨ ੧੮੧੦ ਵਿਚ ਜੋਜ਼ਫ ਬੋਨਾਪਾਰਟ, ਵਾਲੀਏ ਨੈਪਲਜ਼ ਦੀ ਤੋਪਖਾਨਾ ਫ਼ੌਜ ਵਿਚ ਗੋਲਨਦਾਜ਼ ਭਰਤੀ ਹੋਇਆ। ਇਟਲੀ ਦੀ ਇਹ ਫ਼ੌਜ ਨਿਪੋਲੀਅਨ ਬੋਨਾਪਾਰਟ ਦੀ ਸਹਾਇਕ ਫ਼ੌਜ ਸੀ, ਇਸ ਲਈ ਇਸ ਨੂੰ ਕਈ ਮੈਦਾਨਾਂ ਵਿਚ ਲੜਨਾ ਪਿਆ।

ਚੂੰਕਿ ਆਵੀਤਾਬੀਲ ਬੜੇ ਹੀਏ ਅਤੇ ਕਠੋਰ ਚਿਤ ਦਾ ਬੰਦਾ ਸੀ ਇਸ ਲਈ ਇਹ ਛੇਤੀ ਹੀ ਸਾਧਾਰਣ ਗੋਲਨਦਾਜ਼ ਤੋਂ ਉੱਨਤੀ ਕਰਦਾ ਹੋਇਆ ਕਪਤਾਨ ਦੇ ਅਹੁਦੇ ਪਰ ਪਹੁੰਚ ਗਿਆ।

ਨਿਪੋਲੀਅਨ, ਸੰਨ ੧੮੧੫ ਦਿਆਂ ਸੰਗਰਾਮਾਂ ਵਿਚ ਹਾਰ ਖਾ ਕੇ ਤਬਾਹ ਹੋ ਗਿਆ ਜਿਸ ਦੇ ਕਾਰਨ ਸੈਂਕੜੇ ਨੌਜੁਵਾਨਾਂ ਨੂੰ ਉਪਜੀਵਕਾ ਦੀ ਭਾਲ ਵਿਚ ਦੂਰ ਦੂਰ ਦੇਸਾਂ ਵਿਚ ਰਟਨ ਕਰਨਾ ਪਿਆ।

ਤੈਹਰਾਨ ਵਿਚ

ਇਸ ਸਿਲਸਿਲੇ ਵਿਚ ਆਵੀਤਾਬੀਲ ਵੀ ਆਪਣੀ ਮਾਤ-ਭੂਮੀ

ਨੂੰ ਤਿਆਗਕੇ ਤੈਹਰਾਨ (ਈਰਾਨ) ਜਾ ਪੁਜਾ। ਆਵੀਤਾਬੀਲ ਨੂੰ ਤੈਹਰਾਨ ਆਇਆਂ ਅਜੇ ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਇਸ ਨੂੰ ਮੁਹੰਮਦ ਅਲੀ ਮਿਰਜ਼ਾ ਨੇ, ਨਵੀਂ ਖੜੀ ਕੀਤੀ ਰਜਮੰਟ ਦਾ ਕਰਨੈਲ ਨੀਯਤ ਕਰ ਦਿਤਾ। ਇਹ ਫ਼ੌਜ ਉਹ ਆਪਣੇ ਭਾਈ ਅਬਾਸ ਮਿਰਜ਼ਾ ਅਤੇ ਪਿਤਾ ਫ਼ਤਹ ਅਲੀ ਸ਼ਾਹ ਦੇ ਟਾਕਰੇ ਲਈ ਤਿਆਰ ਕਰ ਰਿਹਾ ਸੀ।

ਆਵੀਤਾਬੀਲ ਨੇ ਅਜੇ ਇਸ ਫ਼ੌਜ ਦੀ ਸਿਖ਼ਲਾਈ ਦਾ ਕੰਮ ਆਰੰਭਿਆ ਹੀ ਸੀ ਕਿ ਮੁਹੰਮਦ ਅਲੀ ਮਿਰਜ਼ਾ ਨੇ ਅਬਾਸ ਅਲੀ ਪਰ ਹੱਲਾ ਬੋਲ ਦਿਤਾ। ਜਿਸ ਵਿਚ ਉਹ ਆਪ ਇਕ ਗੋਲੀ ਲੱਗਣ ਨਾਲ ਮੈਦਾਨ ਜੰਗ ਵਿਚ ਮਰ ਗਿਆ।

ਇਸ ਦੇ ਕਤਲ ਹੋ ਜਾਣ ਦੇ ਨਾਲ ਹੀ ਆਵੀਤਾਬੀਲ ਦੇ ਜੀਵਨ ਦੀਆਂ ਸਾਰੀਆਂ ਆਸਾਂ ਪਰ ਪਾਣੀ ਫਿਰ ਗਿਆ। ਅਰਥਾਤ ਇਹ ਰਜਮੰਟ ਟੁਟ ਗਈ ਅਤੇ ਆਵੀਤਾਬੀਲ ਵੇਲਹਾ ਹੋ ਗਿਆ।

ਫ਼ਤਹ ਅਲੀ ਸ਼ਾਹ ਦੀ ਫ਼ੌਜ

ਆਵੀਤਾਬੀਲ ਜਦ ਮੁਹੰਮਦ ਅਲੀ ਮਿਰਜ਼ਾ ਦੀ ਫ਼ੌਜ ਨੂੰ ਸਿਖਲਾਈ ਕਰਾਂਦਾ ਹੁੰਦਾ ਸੀ ਤਾਂ ਫ਼ਤਹ ਅਲੀ ਸ਼ਾਹ ਨੇ ਇਸ ਬਾਰੇ ਕਈ ਗੱਲਾਂ ਸੁਣੀਆਂ ਸਨ, ਹੁਣ ਜਦ ਇਹ ਵੇਹਲਾ ਹੋ ਗਿਆ ਤਾਂ ਸ਼ਾਹ ਨੇ ਇਸ ਨੂੰ ਆਪਣੇ ਪਾਸ ਬੁਲਾ ਕੇ ਆਪਣੀ ਫ਼ੌਜ ਵਿਚ, ਉਸੇ ਅਹੁਦੇ ਪਰ ਨੌਕਰ ਰਖ ਲਿਆ।

ਪੰਜਾਬ ਦੀ ਖਿਚ

ਆਵੀਤਾਬੀਲ ਜਿਨ੍ਹੀਂ ਦਿਨੀਂ ਈਰਾਨ ਵਿਚ ਠਹਿਰਿਆ ਹੋਇਆ ਸੀ ਤਾਂ ਉਸਨੇ ਕਈ ਸੈਲਾਨੀਆਂ ਤੇ ਸੁਦਾਗਰਾਂ ਤੋਂ ਵੈਨਤੂਰਾ ਅਤੇ ਐਲਾਰਡ ਦੀ ਇਜ਼ਤ ਤੇ ਤਲਬ ਬਾਰੇ ਬਹੁਤ ਕੁਝ ਸੁਣਿਆ ਸੀ ਮਲੂਮ ਹੁੰਦਾ ਹੈ ਕਿ ਵੈਨਤੂਰਾ ਇਸਦਾ ਕੁਝ ਜਾਣੂ ਸੀ* ਸੋ ਆਵੀਤਾਬੀਲ ਨੇ

---

*ਜਰਨਲ ਆਫ ਦੀ ਪੰਜਾਬ ਹਿਸਟਾਰੀਕਲ ਸੁਸਾਇਟੀ, ਜਿਲਦ ੬; ਸਫਾ ੧੫੦।

ਇਕ ਖਤ ਵੈਨਤੂਰਾ ਨੂੰ ਆਪਣੇ ਇਕ ਨੌਕਰ ਦੇ ਹਥੀਂ ਲਾਹੌਰ ਭੇਜਿਆ। ਇਸ ਵਿਚ ਬਿਨੇ ਕੀਤੀ ਗਈ ਸੀ ਕਿ ਉਸ ਦਾ ਇਹ ਖਤ ਸ਼ੇਰਿ ਪੰਜਾਬ ਦੀ ਸੇਵਾ ਵਿਚ ਰਖ ਕੇ ਮਹਾਰਾਜਾ ਸਾਹਿਬ ਤੋਂ ਉਸ ਲਈ ਨੌਕਰੀ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਜਾਏ ਅਤੇ ਇਸਦਾ ਉਤਰ ਉਸ ਨੂੰ ਈਰਾਨ ਭੇਜੇ ।

ਆਵੀਤਾਬੀਲ ਦਾ ਖਤ ਮਹਾਰਾਜਾ ਦੀ ਹਜ਼ੂਰੀ ਵਿਚ

ਵੈਨਤੂਰਾ ਨੇ ਜਦ ਆਵੀਤਾਬੀਲ ਦਾ ਉਹ ਬੇਨਤੀ ਪਤ੍ਰ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਪੇਸ਼ ਕੀਤਾ ਤੇ ਨੌਕਰੀ ਬਾਰੇ ਜ਼ਬਾਨੀ ਗਲ ਬਾਤ ਕੀਤੀ ਤਾਂ ਸਰਕਾਰ ਨੇ ਇਸਦਾ ਉਤ੍ਰ, ਆਪਣੇ ਸਦੀਵੀ ਸੁਭਾਵ ਅਨੁਸਾਰ, ਉਹੀ ਦਿਤਾ ਜਿਸ ਦੀ ਕਿਸੇ ਸੁਚੱਜੇ ਹੁਕਮਰਾਨ ਤੋਂ ਆਸ ਹੋ ਸਕਦੀ ਹੈ। ਅਰਥਾਤ ਮਹਾਰਾਜਾ ਨੇ ਫੁਰਮਾਇਆ ਕਿ ਬਿਨਾਂ ਕਿਸੇ ਦੇ ਗੁਣ ਤੇ ਕੰਮ ਦੇ ਦੇਖੇ ਦੇ, ਕੋਈ ਕਿਸ ਤਰ੍ਹਾਂ ਉਸ ਨੂੰ ਨੌਕਰੀ ਦੇ ਦੇਣ ਦਾ ਭਰੋਸਾ ਦਿਵਾ ਸਕਦਾ ਹੈ । ਜੇ ਕਦੇ ਉਸ ਦੀ ਨੌਕਰੀ ਕਰਨ ਦੀ ਇੱਛਾ ਹੈ ਅਤੇ ਉਹ ਆਪਣੇ ਅੰਦਰ ਯੋਗਤਾ ਦੇਖਦਾ ਹੈ ਤਾਂ ਉਸ ਨੂੰ ਲਿਖ ਭੇਜੇ ਕਿ ਉਹ ਆਪਣੀ ਜ਼ਿੰਮੇਵਾਰੀ ਪਰ ਲਾਹੌਰ ਆ ਜਾਏ । ਉਸ ਦੇ ਹੁਨਰ ਨੂੰ ਦੇਖਣ ਦੇ ਉਪਰੰਤ ਯੋਗ ਫ਼ੈਸਲਾ ਕੀਤਾ ਜਾਏਗਾ ।

ਆਵੀਤਾਬੀਲ ਨੇ ਇਸ ਉਤ੍ਰ ਦੇ ਪਹੁੰਚਦੇ ਹੀ ਸਣੇ ਆਪਣੇ ਇਕ ਹੋਰ ਸਾਥੀ ਦੇ ਜਿਸ ਦਾ ਨਾਮ ਕੋਰਟ ਸੀ ਪੰਜਾਬ ਵੱਲ ਕੂਚ ਦੀਆਂ ਤਿਆਰੀਆਂ ਆਰੰਭ ਦਿਤੀਆਂ ।

ਕਾਬਲ ਵਿਚ

ਉਹ ਦੋਵੇਂ ਅਫ਼ਗਾਨਿਸਤਾਨ ਦੇ ਰਾਹ ਮੰਜਲੋ ਮੰਜਲ ਕਈ ਮਹੀਨਿਆਂ ਦੇ ਸਫ਼ਰ ਦੇ ਬਾਅਦ ਕਾਬਲ ਪਹੁੰਚ ਗਏ । ਇਨ੍ਹਾਂ ਦੇ ਕਾਬਲ ਪਹੁੰਚਦਿਆਂ ਉਥੋਂ ਦੇ ਖੁਫੀਆ ਖਬਰ-ਨਵੀਸ ਨੇ ੨੫ ਦਸੰਬਰ ਸੰਨ

੧੮੨੬ ਦੀ ਰਪੋਟ ਵਿਚ ਲਿਖਿਆ ਹੈ ਕਿ ਅੱਜ ਦੋ ਫ਼ਰਾਂਸੀਸੀ ਲਾਹੌਰ ਜਾਂਦੇ ਹੋਏ ਕਾਬਲ ਪੂਜੇ ਹਨ । ਇਹ ਦੋਵੇਂ ਅਫ਼ਸਰ ਮਾਲੂਮ ਹੁੰਦੇ ਹਨ, ਇਨ੍ਹਾਂ ਵਿਚੋਂ ਇਕ ਕਰਨੈਲ ਹੈ । ਇਥੇ ਇਨ੍ਹਾਂ ਨਾਲ ਚੰਗਾ ਵਰਤਾਵ ਕੀਤਾ ਗਿਆ ਹੈ* । ਕੁਝ ਦਿਨਾਂ ਦੇ ਉਪਰੰਤ ਆਵੀਤਾਬੀਲ ਤੇ ਕੋਰਟ ਕਾਬਲ ਤੋਂ ਲਾਹੌਰ ਪਹੁੰਚ ਗਏ ।

ਖਾਲਸਾ ਦਰਬਾਰ ਵਿਚ ਹਾਜ਼ਰੀ

ਹੁਣ ਜਦ ਇਹ ਸ਼ੇਰ ਪੰਜਾਬ ਦੇ ਦਰਬਾਰ ਵਿਚ ਹਾਜ਼ਰ ਹੋਏ ਤਾਂ ਨਿਯਮ ਅਨੁਸਾਰ ਮਹਾਰਾਜਾ ਸਾਹਿਬ ਵਲੋਂ ਇਨ੍ਹਾਂ ਦੀ ਕੌਮੀਅਤ ਬਾਰੇ ਪੁਛ ਗਿਛ ਆਰੰਭੀ ਗਈ । ਜਦ ਇਸ ਗੱਲ ਦੀ ਪੂਰੀ ਪੂਰੀ ਤਸੱਲੀ ਹੋ ਗਈ ਕਿ ਇਹ ਅੰਗ੍ਰੇਜ਼ ਨਹੀਂ ਹਨ, ਇਟਾਲੀਅਨ ਹਨ, ਤਦ ਸ਼ੇਰਿ ਪੰਜਾਬ ਨੇ ਇਨ੍ਹਾਂ ਦੋਵਾਂ ਨੂੰ ਨੌਕਰ ਰਖ ਲਿਆ । ਆਵੀਤਾਬੀਲ ਨੂੰ ਪੈਦਲ ਫ਼ੌਜ ਵਿਚ ਕੰਮ ਦਿਤਾ ਅਤੇ ਪਹਿਲਾਂ ਪਹਿਲਾਂ ੭੦੦ ਰੁਪਿਆ ਮਹੀਨਾ ਇਸ ਦੀ ਤਲਬ ਨੀਯਤ ਕੀਤੀ† । ਖਾਲਸਾ ਰੀਕਾਰਡਾਂ ਦੇ ਵਿਚਾਰਿਆਂ ਪਤਾ ਲਗਦਾ ਹੈ ਕਿ ਇਕ ਸਾਲ ਦੀ ਨੌਕਰੀ ਦੇ ਬਾਅਦ ਆਵੀਤਾਬੀਲ ਦੀ ਤਲਬ ੧੨੦੦ ਰੁਪਿਆ ਮਹੀਨਾ ਤਕ ਵਧਾਈ ਗਈ ਸੀ । ਇਸੇ ਤਰ੍ਹਾਂ ਲਿਖਤਾਂ ਤੋਂ ਇਹ ਵੀ ਪਤਾ ਚਲਦਾ ਹੈ ਕਿ ਆਵੀਤਾਬੀਲ ਖਾਲਸਾ ਫ਼ੌਜ ਵਿਚ ਕੇਵਲ ਦੋ ਸਾਲ ਦੇ ਲਗ ਭਗ ਰਿਹਾ‡ ।

---

*ਪੰਜਾਬ ਰੀਕਾਰਡ, ਜਿਲਦ ੬, ਚਿਠੀ ੨੭੦ ।

†ਮਿਸਟਰ ਕੋਰਟ ਦਾ ਸਮਾਚਾਰ ਅਗੇ ਜਾਕੇ ਉਸ ਦੇ ਆਪਣੇ ਜੀਵਨ ਵਿਚ ਲਿਖਿਆ ਜਾਏਗਾ ।

‡ਆਵੀਤਾਬੀਲ ਦੀ ਫ਼ੌਜ ਦਾ ਕੈਂਪ, ਛਾਵਣੀ ਉਥੇ ਸੀ ਜਿਥੇ ਅੱਜ ਕਲ ਲਾਹੌਰ ਦਾ ਵੱਡਾ ਰੇਲ ਦਾ ਸਟੇਸ਼ਨ ਹੈ । ਇਹ ਨੌਲੱਖਾ ਛਾਵਣੀ ਦੇ ਨਾਮ ਪਰ ਪ੍ਰਸਿੱਧ ਸੀ । ਇਸ ਦੇ ਲਾਗੇ ਹੀ ਬੁਧੂ ਦੇ ਆਵੇ ਦੇ ਬਲੰਦ ਟਿੱਬੇ ਪਰ ਜਿਸ ਦੀ ਉਚਾਈ ੧੦੦ ਗਜ਼ ਅਤੇ ਚੌੜਾਈ ੪੦੦ ਗਜ਼ ਸੀ, ਆਵੀਤਾਬੀਲ ਨੇ ਆਪਣੇ ਵਸੇਵੇ ਲਈ ਸ਼ਾਨਦਾਰ ਘਰ ਵਸਾਇਆ ਸੀ । ਇਸੇ ਘਰ ਨਾਲ ਖਾਲਸਾ ਰਾਜ ਸਮੇਂ ਦੇ ਇਤਿਹਾਸ ☞

ਜਸਰੋਟੇ ਜਾਣਾ

ਸੰਨ ੧੮੨੯ ਵਿਚ ਆਵੀਤਾਬੀਲ, ਫ਼ੌਜ ਨਾਲ ਪ੍ਰਹਿਲੀ ਵਾਰ ਛਾਵਣੀ ਤੋਂ ਬਾਹਿਰ, ਜਸਰੋਟੇ ਦੇ ਰਾਜਾ ਤੋਂ ਬਾਕੀ ਰਹਿੰਦੀ ਬਾਜ਼-ਗੁਜ਼ਾਰੀ ਦੀ ਵਸੂਲੀ ਲਈ ਭੇਜਿਆ ਗਿਆ। ਇਸ ਰਾਜਾ ਨੇ ਆਪਣੇ ਅਹਿਦਨਾਮੇ ਦੀ ਕੋਈ ਸ਼ਰਤ ਵੀ ਨਾ ਪੂਰੀ ਕੀਤੀ, ਇਸ ਲਈ ਆਵੀਤਾਬੀਲ ਨੂੰ ਹੁਕਮ ਦਿਤਾ ਗਿਆ ਕਿ ਉਹ ਰਾਜਾ ਦੇ ਇਲਾਕੇ ਪਰ ਕਬਜ਼ਾ ਕਰ ਲਏ। ਪਰ ਇਹ ਗੱਲ ਅਫ਼ਸੋਸ ਨਾਲ ਲਿਖਣੀ ਪੈਂਦੀ ਹੈ ਕਿ ਇਸ ਪਹਿਲੀ ਮੁਹਿੰਮ ਵਿਚ ਉਹ ਸਫ਼ਲਤਾ, ਜਿਸ ਦੀ ਆਸ ਮਹਾਰਾਜਾ ਉਸ ਤੋਂ ਰਖਦੇ ਸਨ, ਉਹ ਪੂਰੀ ਨਾ ਹੋ ਸਕੀ। ਸ਼ੇਰਿ ਪੰਜਾਬ ਜੋ ਆਪਣੇ ਹਰ ਇਕ ਜ਼ਿਮੇਂਵਾਰ ਕਰਮਚਾਰੀ ਦੀ ਕਰਣੀ ਆਪਣੀ ਦ੍ਰਿਸ਼ਟੀ ਗੋਚਰੀ ਰਖਿਆ ਕਰਦੇ ਸਨ, ਆਵੀਤਾਬੀਲ ਦੀ ਇਸ ਪਹਿਲੀ ਕਾਰ ਨੂੰ ਦੇਖ ਕੇ ਇਸ ਤੋਂ ਡਾਢੇ ਨਿਰਾਸ ਹੋ ਗਏ, ਅਤੇ ਚਾਹੁੰਦੇ ਸਨ ਕਿ ਇਸ ਨੂੰ ਨੌਕਰੀ ਤੋਂ ਵੱਖ ਕਰ ਦਿਤਾ ਜਾਏ। ਪਰ ਇਨ੍ਹਾਂ ਦਿਨਾਂ ਵਿਚ ਸੰਜੋਗ ਨਾਲ, ਗੁਜਰਾਤ ਦੇ ਪਰਗਨੇ ਤੇ ਖਾਰੀਆਂ ਆਦਿ ਦੇ ਇਲਾਕੇ ਦੇ ਮੁਸਲਮ ਜ਼ਿਮੇਵਾਰਾਂ ਦੀਆਂ, ਗਰੀਬ ਵਸਨੀਕਾਂ ਪਰ ਆਪ-ਹੁਦਰੇਪਨ ਦੀਆਂ ਕਈ ਰਪੋਟਾਂ ਦਰਬਾਰ ਵਿਚ ਪਹੁੰਚੀਆਂ ਸਨ। ਇਸ ਤੋਂ ਛੁਟ ਮਹਾਰਾਜਾ ਸਾਹਿਬ ਇਸ ਇਲਾਕੇ ਦੇ ਪਹਿਲੇ ਕਾਰਦਾਰ ਦੇ ਪ੍ਰਬੰਧ ਤੋਂ ਖ਼ੁਸ਼ ਨਹੀਂ ਸਨ। ਇਸ ਲਈ ਹੁਣ ਜਦ ਦਰਬਾਰ ਵਿਚ ਵਜ਼ੀਰਾਬਾਦ ਦੀ ਨਿਜ਼ਾਮਤ

☞ ਦਾ ਬੜਾ ਸੰਬੰਧ ਰਿਹਾ ਹੈ। ਇਸੇ ਥਾਂ ਅੱਜ ਕਲ ਸਿਖ ਨੈਸ਼ਨਲ ਕਾਲਜ, ਬਣਿਆ ਹੈ। ਆਵੀਤਾਬੀਲ ਦੇ ਇਸ ਘਰ ਬਾਰੇ ਪ੍ਰਸਿੱਧ ਯਾਤਰੂ ਮੈਸਨ, ਆਪਣੇ ਸਫ਼ਰਨਾਮੇ ਵਿਚ ਇਸ ਤਰ੍ਹਾਂ ਲਿਖਦਾ ਹੈ-''ਲਾਹੌਰ ਸ਼ਹਿਰ ਦੇ ਪੂਰਬ ਵਲ ਆਵੀਤਾਬੀਲ ਅਤੇ ਕੋਰਟ ਦੀ ਛਾਵਣੀਆਂ ਹਨ ਇਨ੍ਹਾਂ ਦੇ ਲਾਗੇ ਹੀ ਆਵੀਤਾਬੀਲ ਦਾ ਬੜਾ ਸ਼ਾਨਦਾਰ ਘਰ ਹੈ, ਇਹ ਇਟਾਲੀਅਨ ਨਮੂਨੇ ਦੇ ਘਰਾਂ ਵਾਂਗ ਉਸਾਰਿਆ ਗਿਆ ਹੈ, ਜਿਸ ਵਿਚ ਰੰਗ ਬਰੰਗੀ ਬੜੀ ਬਰੀਕ ਚਿਤ੍ਰਕਾਰੀ ਦਾ ਕੰਮ ਕੀਤਾ ਹੋਇਆ ਹੈ।

(ਮੈਸਨਜ਼ ਜਰਨੀਜ਼ ਇਨ ਬਿਲੋਚਿਸਤਾਨ ਐਂਡ ਪੰਜਾਬ, ਜਿਲਦ ੧, ਸਫ਼ਾ ੪੧੪)।

ਪਰ ਕਿਸੇ ਨਵੇਂ ਕਰਮਚਾਰੀ ਦੇ ਭੇਜੇ ਜਾਣੇ ਲਈ ਵੀਚਾਰ ਹੋ ਰਹੀ ਸੀ ਤਾਂ ਆਵੀਤਾਬੀਲ ਨੇ ਆਪਣੇ ਮਿੱਤਰ ਵੈਨਤੂਰਾ ਨੂੰ ਆਖਿਆ ਕਿ ਉਹ ਸਰਕਾਰ ਦੀ ਹਜ਼ੂਰੀ ਵਿਚ ਉਸ ਦਾ ਨਾਮ ਇਸ ਕੰਮ ਲਈ ਪੇਸ਼ ਕਰੇ। ਸੋ ਵੈਨਤੂਰਾ ਨੇ ਸ਼ੇਰਿ ਪੰਜਾਬ ਦੀ ਸੇਵਾ ਵਿਚ ਬਿਨੈ ਕੀਤੀ ਕਿ ਉਸ ਸੁਣਿਆ ਸੀ ਜੋ ਆਵੀਤਾਬੀਲ, ਈਰਾਨ ਵਿਚ ਮੁਲਕੀ ਪ੍ਰਬੰਧ ਕਰਨ ਵਿਚ ਚੰਗਾ ਸਫ਼ਲ ਰਿਹਾ ਸੀ। ਜੇ ਸਰਕਾਰ ਕ੍ਰਿਪਾ ਕਰੇ ਤੇ ਗੁਜਰਾਤ ਅਤੇ ਵਜ਼ੀਰਾਬਾਦ ਦੇ ਇਲਾਕੇ ਦੀ ਇਹ ਸੇਵਾ ਆਵੀਤਾਬੀਲ ਨੂੰ, ਪ੍ਰੀਖਿਆ ਦੇ ਤੌਰ ਪਰ ਸੌਂਪ ਦੇਣ ਤਾਂ ਮੈਨੂੰ ਆਸ ਹੈ ਜੋ ਇਹ ਇਸ ਨੂੰ ਸਰਕਾਰ ਦੀ ਇੱਛਾ ਅਨੁਸਾਰ ਯੋਗਤਾ ਨਾਲ ਚਲਾ ਲਏਗਾ।

ਵਜ਼ੀਰਾਬਾਦ ਦੀ ਗਵਰਨਰੀ

ਮਹਾਰਾਜਾ ਸਾਹਿਬ ਆਪਣੇ ਯੂਰਪੀਨ ਨੌਕਰਾਂ ਵਿਚੋਂ ਵੈਨਤੂਰਾ ਦੀ ਰਾਏ ਵਲ ਵਧੇਰਾ ਧਿਆਨ ਦੇਂਦੇ ਸਨ, ਸੋ ਇਸ ਦੇ ਕਹੇ ਨੂੰ ਮੰਨ ਕੇ ਸਰਕਾਰ ਨੇ ਆਵੀਤਾਬੀਲ ਨੂੰ ਫ਼ੌਜੀ ਕੰਮ ਤੋਂ ਹਟਾ ਕੇ, ਮੁਲਕੀ ਪ੍ਰਬੰਧ ਪਰ, ਵਜ਼ੀਰਾਬਾਦ ਦੇ ਇਲਾਕੇ ਦਾ ਨਾਜ਼ਮ ਨੀਯਤ ਕਰ ਦਿੱਤਾ। ਇਹ ਗਲ ਜਨਵਰੀ ੧੮੩੦ ਦੀ ਹੈ।

ਇਸ ਵਿਚ ਸੰਦੇਹ ਨਹੀਂ ਕਿ ਇਸ ਅਹੁਦੇ ਪਰ ਇਸ ਨੂੰ ਕੁਝ ਸਫ਼ਲਤਾ ਹੋਈ, ਪਰ ਇਹ ਕਾਮਯਾਬੀ ਉਸ ਨੂੰ ਯੋਗਤਾ ਯਾ ਹਕੂਮਤ ਦੇ ਚਲਾਣ ਦੇ ਹੁਨਰ ਨਾਲ ਨਾ ਸੀ ਹੋਈ, ਸਗੋਂ ਇਸ ਦਾ ਮੂਲ ਕਾਰਨ ਇਸ ਦੀ ਪੱਥਰ-ਦਿਲੀ ਸੀ।

ਡਾਕਟਰ ਵੂਲਫ ਨਾਲ ਮੇਲ

ਆਵੀਤਾਬੀਲ ਦੀ ਵਜ਼ੀਰਬਾਦ ਦੀ ਹਕੂਮਤ ਦਾ ਢੰਗ ਦੇਖ ਕੇ ਡਾਕਟਰ ਵੂਲਫ* ਪ੍ਰਸਿੱਧ ਯਾਤਰੂ ਨੇ ਆਪਣੇ ਸਫ਼ਰਨਾਮੇ ਵਿਚ ਇਸ

*ਜੂਸਫ ਵੂਲਫ ਸੰਨ ੧੭੯੫ ਵਿਚ ਫਲਸਤੀਨ ਦੇ ਇਕ ਯਹੂਦੀ ਘਰਾਣੇ ਵਿਚ ਜਨਮਿਆਂ, ੧੮੧੨ ਵਿਚ ਯਹੂਦੀ ਮਤ ਤਿਆਗ ਕੇ ਈਸਾਈ ਹੋ ☞

ਤ੍ਹਾਂ ਨੋਟ ਦਿੱਤੇ ਹਨ:-ਉਸ (ਵੂਲਫ) ਨੇ ਵਜ਼ੀਰਾਬਾਦ ਵਿਚ, ਆਵੀਤਾਬੀਲ ਦੇ ਘਰ ਨਿਵਾਸ ਕੀਤਾ। ਉਹ ਇਟਾਲੀਅਨ ਹੈ। ਉਹ ਫ਼ਰਾਂਸੀਸੀ, ਇਟਾਲੀਅਨ, ਫਾਰਸੀ ਤੇ ਹਿੰਦੁਸਤਾਨੀ ਲਿਪੀਆਂ ਬੜੀ ਸੁਖੈਨਤਾ ਨਾਲ ਬੋਲਦਾ ਹੈ। ਇਹ ਵਜ਼ੀਰਾਬਾਦ ਦੇ ਇਲਾਕੇ ਦਾ ਗਵਰਨਰ ਹੈ। ਇਸ ਨੇ ਇਸ ਸ਼ਹਿਰ ਨੂੰ ਚੋਖਾ ਰਮਣੀਕ ਬਣਾਇਆ ਹੈ। ਸ਼ਹਿਰ ਦੀਆਂ ਗਲੀਆਂ ਤੇ ਸੜਕਾਂ ਸਾਫ ਰਹਿੰਦੀਆਂ ਹਨ। ਇਸ ਨੇ ਆਪਣੀ ਸਵਾਰੀ ਲਈ ਇਕ ਸ਼ਾਨਦਾਰ ਗੱਡੀ ਬਨਵਾਈ ਹੈ। ਇਸ ਦਾ ਨਿੰਵਾਸ-ਅਸਥਾਨ ਮਹੱਲ ਦੀ ਤਰ੍ਹਾਂ ਹੈ। ਆਵੀਤਾਬੀਲ, ਦੇਖਣ ਵਿਚ ਬੜਾ ਖ਼ੁਸ਼ ਰਹਿਣਾ ਤੇ ਬਿਲਾਸੀ ਸੁਭਾ ਦਾ ਮਨੁੱਖ ਹੈ। ਇਸ ਨੇ ਮੈਨੂੰ ਆਖਿਆ ਕਿ ਕਮਰੇ ਦੇ ਅੰਦਰ ਆ ਕੇ ਮੇਰੇ ਫ਼ਰਿਸ਼ਤਿਆਂ ਦਾ ਦਰਸ਼ਨ ਕਰ ਲੈ ਤਾਕਿ ਤੂੰ ਨਿਹਾਲ ਹੋ ਜਾਏਂ। ਉਹ ਜਦ ਮੈਨੂੰ ਆਪਣੇ ਸੌਣ ਦੇ ਕਮਰੇ ਵਿਚ ਲੈ ਗਿਆ ਤਾਂ ਮੈਂ ਕੀ ਦੇਖਦਾ ਹਾਂ ਜੋ ਕਮਰੇ ਦੀਆਂ ਕੰਧਾਂ, ਨਾਚੀਆਂ ਦੀਆਂ ਮੂਰਤਾਂ ਨਾਲ ਭਰੀਆਂ ਹੋਈਆਂ ਸਨ।

ਇਥੇ ਉਹ ਮੈਨੂੰ ਜ਼ਰਾ ਉਪਰਾਮ ਦੇਖ ਕੇ, ਖਿੜ ਖਿੜਾ ਕੇ ਹਸ ਪਿਆ। ਫਿਰ ਇਕ ਦਿਨ ਆਵੀਤਾਬੀਲ ਮੈਨੂੰ ਆਪਣੇ ਨਾਲ ਹਾਥੀ ਪਰ ਸਵਾਰ ਕਰਾ ਕੇ ਬਾਹਰ ਲੈ ਗਿਆ ਇਥੇ ਉਸ ਨੇ ਮੈਨੂੰ ਉਹ ਥਾਵਾਂ ਵੀ ਦਸੀਆਂ ਜਿਥੇ ਉਸ ਨੇ ਕਈ ਫਾਂਸੀਆਂ ਗੱਡੀਆਂ ਹੋਈਆਂ ਸਨ।

☞ ਗਿਆ ਇਹ ਕਈ ਭਾਸ਼ਾਵਾਂ ਦਾ ਪੰਡਿਤ ਸੀ, ਜਿਹਾ ਕਿ ਲਿਟਨ, ਗ੍ਰੀਕ, ਇਬਰਾਨੀ, ਅਰਬੀ, ਸੀਰੀਅਨ ਅਤੇ ਫਾਰਸੀ ਵਿਚ ਉਹ ਖੁਲ੍ਹਾ ਬੋਲ ਤੇ ਲਿਖ ਪੜ੍ਹ ਸਕਦਾ ਸੀ। ਇਹ ਚਰਚ ਆਫ ਇੰਗਲੈਂਡ ਵਲੋਂ ਯਹੂਦੀਆਂ ਅਤੇ ਮੁਸਲਮਾਨਾਂ ਵਿਚ ਈਸਾਈਅਤ ਦਾ ਪ੍ਰਚਾਰ ਕਰਨ ਲਈ ਮਿਸ਼ਨਰੀ, ਨੀਯਤ ਕੀਤਾ ਗਿਆ ਸੀ। ਇਸ ਸਿਲਸਿਲੇ ਵਿਚ ਇਸ ਨੇ ਦੂਰ ਦੂਰ ਦੇਸ਼ਾਂ ਦੇ ਸਫਰ ਕੀਤੇ। ਇਹ ਹਾਜੀ ਦੇ ਰੂਪ ਵਿਚ ਖ਼ੁਰਾਸਾਨ, ਬੁਖਾਰਾ ਤੇ ਅਫ਼ਗਾਨਿਸਤਾਨ ਤੋਂ ਹੁੰਦਾ ਹੋਇਆ ਸੰਨ ੧੮੩੨ ਵਿਚ ਪੰਜਾਬ ਆਇਆ ਸੀ ਜਿਥੇ ਇਹ ਵਜ਼ੀਰਾਬਾਦ ਵਿਚ ਆਵੀਤਾਬੀਲ ਨੂੰ ਮਿਲਿਆ।

ਵੂਲਫ ਨੇ ਆਪਣੀ ਇਸ ਯਾਤਰਾ ਦੀ ਵਿਥਿਆ ਸਫ਼ਰਨਾਮੇ ਦੇ ਰੂਪ ਵਿਚ ਸੰਨ ੧੮੬੦ ਵਿਚ ਪ੍ਰਕਾਸ਼ਤ ਕਰਵਾਈ। ਵੂਲਫ ੨ ਮਈ ੧੮੬੨ ਨੂੰ ਮਰ ਗਿਆ।

ਇਨ੍ਹਾਂ ਵਿਚੋਂ ਕਈਆਂ ਪਰ ਕਈ ਅਪਰਾਧੀ ਲਟਕ ਰਹੇ ਸਨ । ਮੈਨੂੰ ਆਵੀਤਾਬੀਲ ਨੇ ਆਖਿਆ ਇਥੇ ਉਹ ਇਸ ਤਰ੍ਹਾਂ ਦੀ ਸਭਿਅਤਾ ਖਿਲਾਰ ਰਿਹਾ ਹੈ* ।

ਆਵੀਤਾਬੀਲ ਪਿਸ਼ਾਵਰ ਵਿਚ

ਸੰਨ ੧੮੩੭ ਈ: ਜਦ ਬਹਾਦਰ ਸਰਦਾਰ ਹਰੀ ਸਿੰਘ ਨਲੂਆ ਖੌਾਲਸਾ ਰਾਜ ਦੀ ਸੇਵਾ ਕਰਦਾ ਹੋਇਆ ਆਪਾ ਵਾਰ ਗਿਆ ਤਾਂ ਪਿਸ਼ਾਵਰ ਦੇ ਇਲਾਕੇ ਵਿਚ ਕਤਲ ਤੇ ਡਕੇਤੀਆਂ ਵਧ ਗਈਆਂ† ਤਾਂ ਇਥੋਂ ਪਰਜਾ ਦੀ ਰਖਵਾਲੀ ਤੇ ਸ਼ਾਂਤੀ ਕਾਇਮ ਰੱਖਣ ਲਈ ਮਹਾਰਾਜਾ ਸਾਹਿਬ ਨੇ, ਆਵੀਤਾਬੀਲ ਨੂੰ ਗਵਰਨਰੀ ਦੇ ਅਹੁਦੇ ਪਰ ਪਿਸ਼ਾਵਰ ਬਦਲ ਦਿਤਾ । ਇਸ ਦਾ ਨਾਮ ਪਠਾਣਾਂ ਵਿਚ 'ਆਬੂਤਾਬੇਲਾ' ਦੇ ਨਾਮ ਪਰ ਪ੍ਰਸਿੱਧ ਹੈ । ਇਹ ਸੰਨ ੧੮੩੮ ਤੋਂ ੧੮੪੨ ਤਕ ਪਿਸ਼ਾਵਰ ਦਾ ਗਵਰਨਰ ਰਿਹਾ‡ ।

ਪਿਸ਼ਾਵਰ ਪਹੁੰਚ ਕੇ ਆਵੀਤਾਬੀਲ ਨੇ ਆਪਣਾ ਨਿਵਾਸ ਗੋਰਖ ਹਟੜੀ** ਵਿਚ ਰਖਿਆ । ਉਸ ਨੇ ਖਾਲਸੇ ਦੇ ਖਜ਼ਾਨੇ ਵਿਚੋਂ ਬਹੁਤ


---

*ਵੂਲਫਜ ਟ੍ਰੈਵਲਜ਼ ਜਿਲਦ ੨ ਸਫਾ ੬੧ ।

†ਇਹ ਵਾਰਦਾਤਾਂ ਵਧੇਰੀਆਂ ਗੈਰ ਇਲਾਕੇ ਦੇ ਕਬਾਇਲੀ ਲੋਕ, ਬਾਹਰੋਂ ਆ ਕੇ ਪਿਸ਼ਾਵਰ ਵਿਚ ਕਰਦੇ ਸਨ ਅਤੇ ਲੋਕਾਂ ਨੂੰ ਲੁਟਦੇ ਸਨ ।

‡ਪਿਸ਼ਾਵਰ ਡਿਸਟ੍ਰਿਕ ਗਜ਼ਟੀਅਰ (੧੮੩੧) ਸਫਾ ੨੧੮ ।

**ਗੋਰਖ ਹਟੜੀ ਦਾ ਖਾਲਸੇ ਦੇ ਕਬਜੇ ਵਿਚ ਆਣ ਸਮੇਂ ਇਸ ਦੀ ਬਣਾਵਟ ਇਸ ਤਰ੍ਹਾਂ ਦਸੀ ਗਈ ਹੈ : ਗੋਰਖ ਹਟੜੀ ਇਕ ਕਿਲ੍ਹੇ ਦੀ ਤਰ੍ਹਾਂ ਸੁਰਖਿਤ ਥਾਂ ਹੈ। ਇਸ ਦੀ ਹਰ ਇਕ ਬਾਹੀ ੨੦੦ ਗਜ਼ ਲੰਮੀ ਤੇ ੨੦੦ ਗੰਜ ਚੋੜੀ ਹੈ । ਚੌਗਿਰਦੇ ਦੀਆਂ ਕੰਧਾਂ ਦੀ ਉਚਾਈ ੧੦ ਗਜ਼ ਹੈ । ਇਸ ਵਿਚ ਦੋ ਬੜੇ ਆਲੀਸ਼ਾਨ ਦਰਵਾਜ਼ੇ ਹਨ ਇਕ ਪੂਰਬ ਤੇ ਦੂਜਾ ਪੱਛਮ ਵਲ ਹੈ ਇਨ੍ਹਾਂ ਦੀ ਉਚਾਈ ਐਨੀ ਬਲੰਦ ਹੈ ਕਿ ਉਚੇ ਤੋਂ ਉਚਾ ਹਾਥੀ ਸਣੇ ਅੰਬਾਰੀ ਦੇ ਖੁਲ੍ਹਾ ਇਸ ਵਿਚੋਂ ਲੰਘ ਜਾਂਦਾ ਹੈ । ਇਸ ਵਿਚ ਪਾਣੀ ਦੀ ਵਰਤੋਂ ਲਈ ਚਾਰ ਖੂਹ ਹਨ । ਇਕ ਮੰਦਰ, ਮਸਜਦ ਤੇ ਗੁਰਦੁਆਰਾ ਹੈ । ਖਾਲਸਾ ਰਾਜ ਸਮੇਂ ਇਸ ਦਾ ਨਾਮ ਗੋਰਖ-ਹਟੜੀ ਸੀ । ਪਿਛੇ ਜਾ ☞



ਗੋਰਖਟੜੀ ਦਾ ਦਰਵਾਜ਼ਾ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ
ਹੋਤੀ







ਸਾਰਾ ਧਨ ਖਰਚ ਕੇ ਇਸ ਦੇ ਅੰਦਰ ਹੋਰ ਕਈ ਕਮਰੇ ਬਣਵਾਏ । ਇਹ ਨਵੀਂ ਉਸਾਰੀ ਪੂਰਬ ਦੇ ਵੱਡੇ ਦਰਵਾਜ਼ੇ ਵਲ ਕੀਤੀ ਗਈ ਸੀ ।

ਆਵੀਤਾਬੀਲ ਨੇ ਪਿਸ਼ਾਵਰ ਵਿਚ ਪਹੁੰਚ ਕੇ ਇਸ ਇਲਾਕੇ ਵਿਚ ਸ਼ਾਂਤ ਵਰਤਾਣ ਲਈ ਜੇਹੜਾ ਢੰਗ ਵਰਤਿਆ ਉਹ ਅਸੀਂ ਉਸ ਦੇ ਆਪਣਿਆਂ ਸ਼ਬਦਾਂ ਵਿਚ ਏਥੇ ਦੇਂਦੇ ਹਾਂ–''ਜਦ ਮੈਂ ਪਿਸ਼ਾਵਰ ਦੀ ਪਹਿਲੀ ਵਾਰ ਦੇਖ ਭਾਲ ਲਈ ਨਿਕਲਿਆ ਤਾਂ ਇਸ ਤੋਂ ਥੋੜਾ ਸਮਾਂ ਪਹਿਲਾਂ ਮੈਂ ਸ਼ਹਿਰ ਦੇ ਪ੍ਰਸਿੱਧ ਦਰਵਾਜ਼ਿਆਂ ਤੇ ਫ਼ਸੀਲ ਦੇ ਨਾਲ ਫ਼ਾਂਸੀ ਲਈ ਕਾਠ ਦੇ ਥੰਮ ਖੜੇ ਕਰਵਾ ਕੇ ਉਨ੍ਹਾਂ ਨਾਲ ਰੱਸੇ ਲਟਕਾ ਦਿਤੇ ਸਨ । ਮੇਰੇ ਇਸ ਅਨੋਖੇ ਪ੍ਰਬੰਧ ਨੂੰ ਦੇਖਕੇ, ਇਥੋ ਦੇ ਵਸਨੀਕ ਮਸਖ਼ਰੀਆਂ ਕਰਦੇ ਸਨ ਤੇ ਕਹਿੰਦੇ ਸਨ ਕਿ ਇਸ ਨਵੇਂ ਫ਼ਰੰਗੀ ਹਾਕਮ ਦਾ, ਇਹ ਕੀ ਸ਼ੁਦਾਈ-ਪੁਣਾ ਹੈ । ਇਸ ਕਰੜੇ ਇਲਾਕੇ ਦੇ ਲੋਕਾਂ ਪਰ ਤੋਪਾਂ ਅਤੇ ਤਲਵਾਰਾਂ ਨਾਲ ਹਕੂਮਤ ਕੀਤੀ ਜਾਂਦੀ ਹੈ, ਨਾਕਿ ਰੱਸਿਆਂ ਅਤੇ ਲਕੜੀ ਦੇ ਥੰਮਾਂ ਨਾਲ ।''

''ਇਹ ਫ਼ਰਾਂਸੀਆਂ ਜਦ ਨੀਯਤ ਥਾਵਾਂ ਪਰ ਤਿਆਰ ਹੋ ਗਈਆਂ ਤਾਂ ਪਿਸ਼ਾਵਰ ਦੇ ਲੋਕਾਂ ਨੇ ਅਗਲੀ ਸਵੇਰ-ਸਾਰ, ਇਨ੍ਹਾਂ ਫ਼ਾਂਸੀਆਂ ਦਿਆਂ ਰੱਸਿਆਂ ਨਾਲ ਪੰਜਾਹ ਹਤਿਆਰਿਆਂ ਤੇ ਗੁੰਡਿਆਂ ਨੂੰ ਲਟਕਦਾ ਡਿਠਾ। ਇਹ ਸਿਲਸਿਲਾ ਮੈਂ ਉਦੋਂ ਤਕ ਜਾਰੀ ਰਖਿਆ ਜਦ ਤਕ ਖ਼ੂਨੀਆਂ ਤੇ

☞ ਕੇ ਇਸ ਵਿਚ ਥੋੜ੍ਹੀ ਜਿਹੀ ਬਦਲੀ ਹੋ ਗਈ ਅਤੇ ਇਹ ਗੋਰਖ-ਹਟੜੀ ਤੋਂ ਗੋਰਖਖਟੜੀ ਬਣ ਗਈ । ਅੱਜ ਕਲ ਇਸੇ ਨਾਮ ਨਾਲ ਪ੍ਰਸਿੱਧ ਹੈ । ਇਸ ਦੇ ਪੱਛਮੀ ਦਰਵਾਜ਼ੇ ਦੇ ਬਾਹਰ ਇਕ ਸ਼ਿਲਾ-ਲੇਖ ਹੈ ਜਿਸ ਪਰ ਇਹ ਲੇਖ ਉਕਰਤ ਹੈ-''ਆਵੀਤਾਬੀਲ ਗਵਰਨਰ ਪਿਸ਼ਾਵਰ ਦੇ ਰਹਿਣ ਦੀ ਥਾਂ ਸੰਨ ੧੮੩੮ ਤੋਂ ੧੮੪੨ ਤਕ ।'' ਅੰਗਰੇਜ਼ੀ ਵਿਚ ਇਹ ਲਿਖਤ ਹੈ:-

Residence of General Avitabile Governor of Peshawar1838-1842

ਅੱਜ ਕਲ ਇਸ ਥਾਂ ਪਿਸ਼ਾਵਰ ਦੀ ਤਾਸੀਲ ਹੈ ਤੇ ਕੁਝ ਹਿਸਾ ਈਸਾਈ ਮਿਸ਼ਨਰੀਆਂ ਪਾਸ ਹੈ ।

ਡਾਕੂਆਂ ਦਾ ਅੰਤ ਨਾ ਸੀ ਹੋ ਗਿਆ ।

"ਇਸ ਦੇ ਉਪਰੰਤ ਮੈਂ ਝੂਠੀਆਂ ਗੱਪਾਂ ਤੇ ਦੰਤ ਕਥਾਵਾਂ ਖਿਲਾਰਨ ਵਾਲਿਆਂ ਵਲ ਧਿਆਨ ਦਿੱਤਾ । ਇਹ ਲੋਕਾਂ ਨੂੰ ਨਿਰਮੂਲ ਕਹਾਣੀਆਂ ਸੁਣਾ ਸੁਣਾ ਕੇ ਭੈ-ਭੀਤ ਕਰਦੇ ਸਨ । ਇਨ੍ਹਾਂ ਲਈ ਮੈਂ ਇਹ ਸਜ਼ਾ ਯੋਗ ਸਮਝੀ ਕਿ ਉਨ੍ਹਾਂ ਦੀਆਂ ਜੀਭਾਂ ਕਟਵਾ ਦਿੱਤੀਆਂ ।

"ਇਨ੍ਹਾਂ ਦਿਨਾਂ ਵਿਚ ਇਥੇ ਇੱਕ 'ਫੱਟ-ਬੰਨ੍ਹ' ਆਇਆ ਉਹ ਕਹਿੰਦਾ ਫਿਰਦਾ ਸੀ ਕਿ ਉਹ ਵੱਢੀਆਂ ਹੋਈਆਂ ਜੀਭਾਂ ਨੂੰ ਮੁੜ ਨਰੋਵਾ ਕਰਕੇ ਬੋਲਣ ਯੋਗ ਕਰ ਸਕਦਾ ਹੈ । ਉਸ ਨੂੰ ਮੈਂ ਉਸੇ ਦਿਨ ਬੰਦੀ ਵਿਚ ਪਾ ਕੇ ਆਪਣੇ ਸਾਹਮਣੇ ਉਸ ਦੀ ਜ਼ਬਾਨ ਮੁੱਢ ਵਿਚੋਂ ਕਟਵਾ ਦਿੱਤੀ । ਇਸਦੇ ਉਪਰੰਤ ਪਿਸ਼ਾਵਰ ਵਿਚ ਸਭ ਤਰ੍ਹਾਂ ਸ਼ਾਂਤ ਵਰਤ ਗਈ।"*

ਪੁਰਾਣੀਆਂ ਲਿਖਤਾਂ ਦੇ ਵਾਚਿਆਂ ਪਤਾ ਮਿਲਦਾ ਹੈ ਕਿ ਹੱਤਿਆ ਦੀਆਂ ਘਟਨਾਵਾਂ ਬੰਦ ਕਰਾਨ ਲਈ ਆਵੀਤਾਬੀਲ ਨਾ ਕੇਵਲ ਫ਼ਾਂਸੀ ਦੀ ਸਜ਼ਾ ਤੋਂ ਕੰਮ ਲੈਂਦਾ ਸਗੋਂ ਕਦੇ ਕਦੇ ਉਹ ਇੱਕ ਹੋਰ ਅਸਚਰਜ ਢੰਗ ਵੀ ਵਰਤਦਾ ਹੁੰਦਾ ਸੀ ਜੇਹੜਾ ਅੱਜ ਕਲ ਦੇ ਸਮੇਂ ਬੜਾ ਕਰੜਾ ਦਿਸਦਾ ਹੈ । ਉਹ ਇਸ ਤਰ੍ਹਾਂ ਸੀ ਕਿ ਜਿਸ ਦੋਸ਼ੀ ਨੇ ਕਿਸੇ ਆਦਮੀ ਨੂੰ ਕਤਲ ਕੀਤਾ ਹੁੰਦਾ ਸੀ ਤਾਂ ਆਵੀਤਾਬੀਲ ਦੇ ਹੁਕਮ ਨਾਲ, ਹਤਿਆਰੇ ਨੂੰ ਇੱਕ ਖੁਲ੍ਹੇ ਪਿੜ ਵਿਚ ਲੈ ਜਾਇਆ ਜਾਂਦਾ ਸੀ, ਉਸ ਦਿਨ ਸਾਰਿਆਂ ਬਜ਼ਾਰਾਂ ਵਿਚ ਮਨਾਦੀ ਕਰਵਾ ਦਿੱਤੀ ਜਾਂਦੀ, ਹਜ਼ਾਰਾ ਦਰਸ਼ਕਾਂ ਨੂੰ ਉਥੇ ਇਕੱਠਾ ਕੀਤਾ ਜਾਂਦਾ । ਫਿਰ ਇਨ੍ਹਾਂ ਦੇ ਸਾਹਮਣੇ, ਜ਼ਮੀਨ ਵਿਚ ਟੋਵਾ ਖੁਦਵਾ ਕੇ ਉਸ ਵਿਚ ਦੋਸ਼ੀ ਨੂੰ ਨਾਫ਼ ਤਕ ਦਬ ਦਿਤਾ ਜਾਂਦਾ ਇਸ ਸਮੇਂ ਮਕਤੂਲ ਦੇ ਸੰਬਧੀਆਂ ਨੂੰ ਹੁਕਮ ਦੇਂਦਾ ਕਿ ਉਹ ਜਿਸ ਤਰ੍ਹਾਂ ਚਾਹੁਣ, ਇਸ ਦੋਸ਼ੀ ਨੂੰ ਆਪਣੇ ਹੱਥੀਂ ਮਾਰ ਕੇ ਆਪਣਾ ਬਦਲਾ ਮੁਕਾ ਲੈਣ ।

---

*ਕਾਟਨਜ਼ ਲਾਈਫ਼ ਆਫ਼ ਆਵਾਤਾਬੀਲ, ਸਫ਼ਾ ੨੪੫-੪੬ ।

ਮੌਜੂਦਾ ਸਮੇਂ ਭਾਵੇਂ ਇਹ ਸਜ਼ਾ ਬੇਤਰਸੀ ਦੀ ਸਮਝੀ ਜਾਏ, ਪਰ ਲਿਖਿਆ ਹੈ ਕਿ ਉਸ ਸਮੇਂ ਖਿਦੋਸ਼ੀ ਪਰਜਾ ਨੂੰ, ਨਿਰਦਈ ਹਤਿਆਰਿਆਂ ਦੇ ਹਥੋਂ ਸੁਰਖਿਤ ਰਖਣ ਲਈ ਆਵੀਤਾਬੀਲ ਦਾ ਇਹ ਤਰੀਕਾ ਬੜਾ ਸਫ਼ਲ ਸਾਬਤ ਹੋਇਆ ਸੀ ।

ਇਸ ਬਾਰੇ ਮਿਸਟਰ ਮੈਕਸਨ, ਅੰਗ੍ਰੇਜ਼ੀ ਐਸਿਸਟੰਟ ਪੁਲਟੀਕਲ ਏਜੰਟ ਦੀ ਇਕ ਚਿੱਠੀ ਜੇਹੜੀ ਉਸ ਨੇ ਪਿਸ਼ਾਵਰ ਤੋਂ ਲੁਧਿਆਣੇ ਭੇਜੀ, ਇਸ ਸਜ਼ਾ ਦਾ ਪੂਰਾ ਪੂਰਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ :-

'ਇਥੇ ਪਿਸ਼ਾਵਵ ਵਿਚ ਕੁਝ ਦਿਨ ਹੋਏ ਇਕ ਹੱਤਿਆ ਦੀ ਘਟਨਾ ਹੋਈ ਸੀ । ਇਸ ਦਾ ਬਦਲਾ ਪੂਰਾ ਕਰਨ ਲਈ, ਆਵੀਤਾਬੀਲ ਨੇ ਉਸ ਦੋਸ਼ੀ ਨੂੰ ਇਕ ਖੁਲ੍ਹੇ ਪਿੜ ਵਿਚ ਲੈ ਜਾਣ ਦਾ ਹੁਕਮ ਦਿਤਾ। ਉਥੇ ਉਸ ਦੇ ਕਪੜੇ ਉਤਰਵਾ ਦਿਤੇ ਗਏ । ਫਿਰ ਦੋਸ਼ੀ ਦਾ ਅੱਧਾ ਧੜ, ਨਾਫ਼ ਤੋਂ ਹੇਠਲਾ ਭਾਗ, ਧਰਤੀ ਵਿਚ ਪੂਰ ਦਿਤਾ ਗਿਆ । ਬਾਹਰ ਰਹਿੰਦੇ ਉਪਰਲੇ ਧੜ ਨੂੰ ਲਾਲ ਰੰਗ ਨਾਲ ਰੰਗਵਾ ਦਿੱਤਾ । ਇਸ ਦੇ ਉਪਰੰਤ ਕਤਲ ਕੀਤੇ ਗਏ ਆਦਮੀ ਦੀ ਮਾਂ ਨੂੰ, ਆਵੀਤਾਬੀਲ ਨੇ ਆਪਣੇ ਸਾਹਮਣੇ ਬੁਲਾ ਕੇ ਆਗਿਆ ਦੇ ਦਿਤੀ, ਕਿ ਉਹ ਮਾਈ ਆਪਣੇ ਪੁਤ ਦੀ ਮੌਤ ਦਾ ਬਦਲਾ ਇਸ ਦੋਸ਼ੀ ਤੋਂ ਜਿਸ ਤਰ੍ਹਾਂ ਚਾਹੇ ਲੈ ਲਏ । ਇਹ ਹੁਕਮ ਸੁਣ ਕੇ ਕਤਲ ਕੀਤੇ ਗਏ ਆਦਮੀ ਦੀ ਮਾਂ ਨੇ ਹੱਥ ਵਿਚ ਖੰਜਰ ਫੜਕੇ ਦੋਸ਼ੀ ਨੂੰ ਨਾ ਕੇਵਲ ਕਈ ਛੁਰੇ ਮਾਰਕੇ, ਮੌਤ ਦੇ ਘਾਟ ਉਤਾਰ ਦਿਤਾ, ਸਗੋਂ ਆਪਣੇ ਪੁਤ ਦੇ ਹਤਿਆਰੇ ਦੇ ਫ਼ੱਟਾਂ ਤੋਂ ਵਗ ਰਹੀਆਂ ਰੱਤ ਦੀਆਂ ਧਾਰਾਂ ਤੋਂ ਦੋ ਬੁਕਾਂ, ਗਰਮ ਗਰਮ ਲਹੂ ਦੀਆਂ ਭਰਕੇ ਉਸ ਨੇ ਇਸ ਵੱਡੇ ਇਕੱਠ ਦੇ ਸਾਹਮਣੇ ਪੀ ਲਈਆਂ ਅਤੇ ਇਸ ਤਰ੍ਹਾਂ ਆਪਣੇ ਮਨ ਦੀ ਧੁਖ ਰਹੀ ਜੁਆਲਾ ਬੁਝਾਈ ।*

*ਕੈਪਟਨ ਮੈਕਸਨ ਐਸਿਸਟੰਟ ਪੁਲਟੀਕਲ ਏਜੰਟ ਦੀ ਚਿੱਠੀ ਤ੍ਰੀਕ ੨੬ ਮਾਰਚ ੧੮੪੧; ਮਿਸਟਰ ਚੋਪੜਾ, ਦੀ ਪੰਜਾਬ ਐਜ਼ੇ ਸਾਵਰਨ ਸਟੇਟ, ਸਫ਼ਾ ੧੮੭।

ਸ਼ੇਰਿ ਪੰਜਾਬ ਵਲੋਂ ਆਵੀਤਾਬੀਲ ਨੂੰ ਸਖ਼ਤੀ ਤੋਂ ਰੋਕਣਾ

ਮਾਲੂਮ ਹੁੰਦਾ ਹੈ ਕਿ ਸ਼ੇਰਿ ਪੰਜਾਬ ਨੇ, ਆਵੀਤਾਬੀਲ ਦੀ ਐਨੀ ਕਰੜਾਈ ਦੇ ਵਰਤਾਵ ਨੂੰ ਪਸੰਦ ਨਾ ਕੀਤਾ। ਸਰਕਾਰ ਨੂੰ ਜਦ ਉਸ ਦੀਆਂ ਇਨ੍ਹਾਂ ਕਰੜਾਈਆਂ ਦਾ ਪਤਾ ਲਗਾ ਤਾਂ ਆਪ ਨੇ ਉਸੇ ਦਿਨ ਉਸ ਨੂੰ ਇਕ ਜ਼ਰੂਰੀ ਫੁਰਮਾਨ ਭੇਜਿਆ ਜਿਸ ਵਿਚ ਆਵੀਤਾਬੀਲ ਨੂੰ ਜ਼ਰੂਰੀ ਸੂਚਨਾ ਦਿੱਤੀ ਗਈ ਸੀ ਕਿ ਆਪ ਦਾ ਕੰਮ ਕੇਵਲ ਮਨੁੱਖਾਂ ਨੂੰ ਫਾਹੇ ਲਾਣਾ ਨਹੀਂ, ਸਗੋਂ ਆਪ ਦਾ ਜ਼ਰੂਰੀ ਤੇ ਮੁਖ ਫ਼ਰਜ਼ ਇਲਾਕੇ ਦੇ ਲੋਕਾਂ ਨਾਲ ਮੇਲ ਮਿਲਾਪ ਵਧਾਣਾ, ਉਨ੍ਹਾਂ ਦੀ ਭਲਿਆਈ ਦਾ ਧਿਆਨ ਰੱਖਣਾ ਅਤੇ ਉਨ੍ਹਾਂ ਨਾਲ ਚੰਗਾ ਵਰਤਾਵ ਕਰਨਾ ਹੈ। ਇਹ ਫੁਰਮਾਨ ਇਨ੍ਹਾਂ ਸ਼ਬਦਾਂ ਨਾਲ ਪੂਰਾ ਹੋਇਆ ਸੀ।

ਆਬਾਦੀ ਮੁਲੱਗ ਮੁਕੱਦਮ ਦਾਰਨੋ
ਦਹਸਨ ਸਗੋਗ ਖੁਦ ਰਿਆਇਆ ਰਾਜ਼ੀ ਵ ਆਬਾਦ ਸਾਜ਼ਨੋ*

ਇਸ ਦੇ ਨਾਲ ਇਹ ਵੀ ਲਿਖਿਆ ਕਿ ਆਪ ਲਈ ਜ਼ਰੂਰੀ ਹੈ ਕਿ ਆਪਣੇ ਕੀਤੇ ਹੋਏ ਸੰਗੀਨ ਮਾਮਲਿਆਂ ਦੇ ਫ਼ੈਸਲੇ ਅਤੇ ਮਾਲੀਏ ਦੀ ਵਸੂਲੀ ਤੇ ਬਕਾਏ ਦੀਆਂ ਰਪੋਟਾਂ ਸਾਡੇ ਮੁਲਾਹਜ਼ੇ ਲਈ ਸਾਨੂੰ ਭੇਜਿਆ ਕਰੋ।†

ਮਹਾਰਾਜਾ ਨੇ ਆਵੀਤਾਬੀਲ ਦੇ ਫ਼ੈਸਲੇ ਰੱਦ ਕਰਨੇ

ਇਸ ਦੇ ਉਪਰੰਤ, ਆਵੀਤਾਬੀਲ ਦੀ ਕਰਣੀ ਦੀਆਂ ਰਪੋਟਾਂ, ਜਦ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਪੇਸ਼ ਹੋਣ ਲਗੀਆਂ ਤਾਂ ਸਰਕਾਰ

---

*ਸ਼ੇਰਿ ਪੰਜਾਬ ਦੇ ਇਹ ਸ਼ਬਦ ਅਕਸਰ ਆਪਣੇ ਗਵਰਨਰਾਂ ਅਤੇ ਜ਼ਿੰਮੇਵਾਰਾਂ ਨੂੰ ਫੁਰਮਾਨਾਂ ਵਿਚ ਲਿਖੇ ਜਾਂਦੇ ਸਨ। (ਜਨਰਲ ਆਫ਼ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ, ਜਿਲਦ ੭ ਸਫ਼ਾ ੮੫)

†ਸੋਹਨ ਲਾਲ, ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ।

ਨੇ ਉਸਦੇ ਕਈ ਫ਼ੈਸਲੇ ਨਿਯਮਾਂ ਦੀ ਕਸਵੱਟੀ ਪਰ ਪੂਰੇ ਉਤਰਦੇ ਨਾ ਡਿੱਠੇ ਤਾਂ ਮਹਾਰਾਜਾ ਸਾਹਿਬ ਨੇ ਐਸਿਆਂ ਫ਼ੈਸਲਿਆਂ ਨੂੰ ਨਾ ਕੇਵਲ ਰੱਦ ਹੀ ਕਰ ਦਿਤਾ, ਸਗੋਂ ਕੁਝਕੁ ਮਾਮਲਿਆਂ ਵਿਚ ਉਸ ਤੋਂ ਤਾਵਾਨ ਦਾ ਰੁਪਿਆ ਵੀ ਵਸੂਲ ਕਰਕੇ ਫਰਿਆਦੀਆਂ ਨੂੰ ਦਿਵਾ ਦਿਤਾ । ਇਸ ਤਰ੍ਹਾਂ ਦੀਆਂ ਕਈ ਨਜ਼ੀਰਾਂ ਵਿਚੋਂ ਅਸੀਂ ਇਥੇ ਇਕ ਦੇ ਦੇਂਦੇ ਹਾਂ:-

ਪਿਸ਼ਾਵਰ ਦੇ ਵਸਨੀਕ ਭਾਈ ਰਾਮ ਚੰਦ ਦਾ ਘਰ ਆਵੀਤਾਬੀਲ ਨੇ ਧੱਕੇ ਨਾਲ ਢਵਾ ਕੇ ਫੌਜ ਦੇ ਹਾਤੇ ਵਿਚ ਮਿਲਾ ਲੈਣ ਦਾ ਹੁਕਮ ਦਿਤਾ ਸੀ । ਰਾਮ ਚੰਦ ਨੇ ਸ਼ੇਰਿ ਪੰਜਾਬ ਪਾਸ ਜਾ ਕੇ ਪੁਕਾਰ ਕੀਤੀ ਅਤੇ ਪੁਛ ਪੜਤਾਨ ਦੇ ਉਪਰੰਤ ਜਦ ਫਰਿਆਦ ਠੀਕ ਸਾਬਤ ਹੋਈ, ਤਾਂ ਸਰਕਾਰ ਨੇ ਨਾ ਕੇਵਲ ਉਸ ਦੇ ਇਸ ਅਨਿਆਈ ਕੰਮ ਪਰ ਨਾਰਾਜ਼ਗੀ ਹੀ ਪ੍ਰਗਟ ਕੀਤੀ, ਸਗੋਂ ਆਵੀਤਾਬੀਲ ਨੂੰ ਹੁਕਮ ਦਿਤਾ ਕਿ ਭਾਈ ਰਾਮ ਚੰਦ ਨੂੰ ਉਸੇ ਥਾਂ ਪਰ ਉਸੇ ਤਰ੍ਹਾਂ ਦਾ ਨਵਾਂ ਘਰ ਉਸਰਵਾ ਦੇਵੇ ।

ਸਰਕਾਰ ਦੇ ਇਸ ਫੁਰਮਾਨ ਦੀ ਪਾਲਨਾ ਬਹੁਤ ਛੇਤੀ ਕੀਤੀ ਗਈ । ਇਸ ਘਰ ਦੀ ਨੀਵੀਂ ਉਸਾਰੀ ਪਰ ੧੫੦੦੦ ਰੁਪਿਆ ਖ਼ਰਚ ਆਇਆ ਸੀ ਜੇਹੜਾ ਆਵੀਤਾਬੀਲ ਦੀ ਤਲਬ ਵਿਚੋਂ ਕਟਿਆ ਗਿਆ।

ਇਸੇ ਤਰ੍ਹਾਂ ਸ਼ੇਖ ਸਿਕੰਦਰ ਸ਼ਾਹ ਦੇ ਪੁੱਤਰ ਸ਼ੇਖ ਬੁਧਾਹਾਂ ਦੀ ਜ਼ਮੀਨ ਕਿਸੇ ਸਰਕਾਰੀ ਖਿਦਮਤ ਵਿਚ ਗ਼ਫ਼ਲਤ ਕਰਨ ਦੇ ਦੋਸ਼ ਵਿਚ ਆਵੀਤਾਬੀਲ ਨੇ ਜ਼ਬਤ ਕਰ ਲਈ ਸੀ । ਸ਼ੇਖ ਸਾਹਿਬ ਨੇ ਜਦ ਮਹਾਰਾਜਾ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਇਹ ਮਾਮਲਾ ਸਰਕਾਰ ਤਕ ਪਹੁੰਚਾਇਆ, ਤਾਂ ਮਹਾਰਾਜਾ ਸਾਹਿਬ ਨੇ ਇਸ ਮਾਮਲੇ ਬਾਰੇ ਸਾਰੇ ਕਾਗ਼ਜ ਆਪਣੇ ਪਾਸ ਮੰਗਵਾ ਲਏ । ਸਾਰੀ ਮਿਸਲ ਦੀ ਪੜਚੋਲ ਦੇ ਬਾਅਦ ਮਹਾਰਾਜਾ ਸਾਹਿਬ ਨੇ ਆਵੀਤਾਬੀਲ ਦਾ ਕੀਤਾ ਫ਼ੈਸਲਾ ਅਨਿਆਈ ਸਮਝਕੇ ਇਕ ਜ਼ਰੂਰੀ ਫੁਰਮਾਨ ਸ਼ੇਖ ਬੁਧਾਹਾਂ ਨੂੰ ਲਿਖ ਦਿਤਾ, ਜਿਸ ਵਿਚ ਹੁਕਮ ਦਿਤਾ ਗਿਆ ਸੀ ਕਿ ਸ਼ੇਖ ਸਾਹਿਬ ਦੀ

ਇਹ ਜ਼ਬਤ ਕੀਤੀ ਗਈ ਜਾਗੀਰ ਸ਼ੀਘਰ ਉਸ ਨੂੰ ਮੁੜ ਦਿਤੀ ਜਾਏ*।

ਆਵੀਤਾਬੀਲ ਦੇ ਅਧਿਕਾਰ ਘਟਾਏ ਗਏ

ਮਾਲੂਮ ਹੁੰਦਾ ਹੈ ਕਿ ਇਸ ਤਰ੍ਹਾਂ ਦੀ ਝਾੜ ਆਦਿ ਦੇ ਬਾਅਦ ਵੀ ਜਦ ਆਵੀਤਾਬੀਲ ਦੇ ਆਪ-ਹੁਦਰਾਪਨ ਤੇ ਕਰੜੇ ਵਰਤਾਵ ਦੀਆਂ ਮੁੜ ਕੁਝ ਖ਼ਬਰਾ ਮਹਾਰਾਜਾ ਸਾਹਿਬ ਨੂੰ ਪਹੁੰਚੀਆਂ, ਤਦ ਸਰਕਾਰ ਨੇ ਉਸ ਦੇ ਬਹੁਤ ਸਾਰੇ ਅਧਿਕਾਰ ਘਟਾ ਦਿਤੇ । ਖ਼ਾਸ ਕਰ ਫ਼ਾਂਸੀ ਦੀ ਸਜ਼ਾ ਦੇ ਅਧਿਕਾਰ ਉਸ ਤੋਂ ਖੋਹ ਕੇ ਇਕ ਕੌਂਸਲ ਦੇ ਹੱਥ ਸੌਂਪ ਦਿਤੇ। ਅਰਥਾਤ ਹੁਣ ਆਵੀਤਾਬੀਲ ਆਪਣੇ ਆਪ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਸੀ ਦੇ ਸਕਦਾ ਅਤੇ ਨਾ ਹੀ ਉਹ ਕਿਸੇ ਸੰਗੀਨ ਮੁਕੱਦਮੇ ਦਾ ਫ਼ੈਸਲਾ ਆਪ ਕਰ ਸਕਦਾ ਸੀ ।

ਕੌਂਸਲ ਦਾ ਨੀਯਤ ਕਰਨਾ

ਸ਼ੇਰਿ ਪੰਜਾਬ ਨੇ ਹੁਕਮ ਦਿਤਾ ਕਿ ਕਤਲ ਤੇ ਡਕੇਤੀ ਆਦਿ ਦੇ ਮੁਕੱਦਮਿਆਂ ਵਿਚ, ਆਵੀਤਾਬੀਲ ਨਾਲ ਕੌਂਸਲ (ਜ਼ੇਵਰੀ) ਬੈਠਿਆ ਕਰੇ, ਜਿਸ ਵਿਚ ਸ਼ਹਿਰ ਦੇ ਦੋ ਸਿਖ, ਦੋ ਮੁਸਲਮਾਨ ਤੇ ਦੋ ਹਿੰਦੂ ਪਤਵੰਤੇ ਲਏ ਜਾਣ । ਹੁਣ ਮੌਤ ਦੀ ਸਜ਼ਾ ਇਨ੍ਹਾਂ ਛੇਆਂ ਮੁਖੀਆਂ ਦੀ ਸਹਿਮਤ ਰਾਏ ਤੋਂ ਬਿਨਾਂ ਨਹੀਂ ਸੀ ਦਿਤੀ ਜਾ ਸਕਦੀ ।

ਆਵੀਤਾਬੀਲ ਨੂੰ ਇਸ ਕੌਂਸਲ ਨਾਲ ਮਿਲਕੇ ਅਦਾਲਤ ਦਾ ਕੰਮ ਕਰਦਿਆਂ ਉਸ ਸਮੇਂ ਕਈ ਯੂਰਪੀਨ ਅਫ਼ਸਰਾਂ ਨੇ ਡਿੱਠਾ । ਇਨ੍ਹਾਂ ਵਿਚੋਂ ਸਰ ਹੈਨਰੀ ਡੋਰਿੰਡ ਦਾ ਨਾਮ ਖਾਸ ਜ਼ਿਕਰ ਯੋਗ ਹੈ ।

ਇਸ ਬਾਰੇ ਆਪ ਨੇ ਇਸ ਤਰ੍ਹਾਂ ਲਿਖਿਆ ਹੈ:-

---

*ਮਹਾਰਾਜਾ ਰਣਜੀਤ ਸਿੰਘ ਦਾ ਇਹ ਫੁਰਮਾਨ ਸ਼ੇਖ ਬੰਧਾਹ ਦੀ ਸੰਤਾਨ ਪਾਸ ਅੱਜ ਤਕ ਮੌਜੂਦ ਹੈ, ਜਿਸ ਦੇ ਦੇਖਣੇ ਦਾ ਸਮਾਂ ਲੇਖਕ ਨੂੰ ਮਿਲਿਆ ਹੈ ।

''ਮੈਂ ਅੱਜ ਆਵੀਤਾਬੀਲ ਨੂੰ ਪਿਸ਼ਾਵਰ ਵਿਚ ਮਿਲਣ ਗਿਆ ਤਾਂ ਉਸ ਸਮੇਂ ਉਹ ਕੌਂਸਲ ਨਾਲ ਮਿਲ ਕੇ ਮੁਕੱਦਮਾ ਸੁਣ ਰਿਹਾ ਸੀ । ਇਸ ਕੌਂਸਲ ਵਿਚ ਦੋ ਸਿਖ, ਦੋ ਮੁਸਲਮਾਨ ਤੇ ਦੋ ਹਿੰਦੂ ਸ਼ਾਮਲ ਸਨ।''*

ਡੋਰਿੰਡ ਦੀ ਅਸਲ ਲਿਖਤ ਇਹ ਹੈ:-

"I called upon Avitabile and found him employed in giving decisions with his judges around him. Two Kazis, Two Sikhs and Two Hindus formed his conclavo."

ਸ਼ੇਰਿ ਪੰਜਾਬ ਨੇ ਬਹੁਤ ਛੇਤੀ ਆਵੀਤਾਬੀਲ ਨੂੰ ਆਪ-ਹੁਦਰੀ ਤੋਂ ਬੜੀ ਹੱਦ ਤੀਕ ਰੋਕ ਦਿੱਤਾ ।

ਹੋਰ ਸੁਧਾਰ

ਆਵੀਤਾਬੀਲ ਨੇ ਜਦ ਪਹਿਲਾਂ ਪਹਿਲ ਪਿਸ਼ਾਵਰ ਦੇ ਇਲਾਕੇ ਦੀ ਗਵਰਨਰੀ ਦਾ ਕੰਮ ਅਰੰਭਿਆ ਤਾਂ ਇਸ ਦੇ ਫ਼ੈਸਲਿਆਂ ਦੀ ਕੋਈ ਇਛਾ-ਵਾਰੀ (ਰੀਕਾਰਡ) ਨਹੀਂ ਸੀ ਰਖੀ ਜਾਂਦੀ । ਇਸ ਬਾਰੇ ਵੀ ਮਹਾਰਾਜਾ ਸਾਹਿਬ ਨੇ ਇਕ ਜ਼ਰੂਰੀ ਫੁਰਮਾਨ ਦੁਵਾਰਾ ਉਸ ਨੂੰ ਹੁਕਮ ਦਿਤਾ ਕਿ ਅਗੇ ਨੂੰ ਸਭ ਫ਼ੈਸਲੇ ਲਿਖਤੀ ਕੀਤੇ ਜਾਣ ਅਤੇ ਜ਼ਰੂਰੀ ਤੇ ਸੰਗੀਨ ਫ਼ੈਸਲਿਆਂ ਦਾ ਉਤਾਰਾ ਸਰਕਾਰ ਨੂੰ ਲਾਹੌਰ ਭੇਜਿਆ ਜਾਇਆ ਕਰੇ† ।

ਇਸੇ ਤਰ੍ਹਾਂ ਹਰ ਇਕ ਫਰਿਆਦੀ ਨੂੰ ਲਿਖਤੀ ਬਿਨੈ ਪੱਤਰ ਦੇਣ ਦਾ ਫੁਰਮਾਨ ਜਾਰੀ ਹੋਇਆ । ਇਨ੍ਹਾਂ ਦਰਖਾਸਤਾਂ ਲਈ ਇਕ ਸੰਦੂਕ ਗੋਰਖਟੜੀ ਦੇ ਦਰਵਾਜ਼ੇ ਦੇ ਨਾਲ ਲਟਕਦਾ ਰਿਹਾ ਕਰੇ, ਜਿਸ ਵਿਚ

---

*ਲਾਈਫ਼ ਆਫ਼ ਸਰ ਹੈਨਰੀ ਡੋਰਿੰਡ, ਸਫ਼ਾ ੬੩ ।

†ਅਖਬਾਰਾਤ ਏ ਸਿਖਾਂ, ਜਿਲਦ ੧, ਸਫ਼ਾ ੨੭, ਪੰਜਾਬ ਯੂਨੀਵਰਸਟੀ ਲਾਇਬਰੇਰੀ, ਲਾਹੌਰ ।

ਫ਼ਰਿਆਦੀ ਆਪਣੀਆਂ ਸ਼ਿਕਾਇਤਾਂ ਲਿਖਵਾਕੇ ਪਾਇਆ ਕਰਨ । ਦਰਖ਼ਾਸਤ ਪਰ ਕੋਈ ਕੋਰਟ ਫ਼ੀਸ ਨਾ ਲਈ ਜਾਏ । ਇਹ ਸੰਦੂਕ ਰੋਜ਼ਾਨਾ ਕੌਂਸਲ ਦੀ ਹਾਜ਼ਰੀ ਵਿਚ ਖੁਲ੍ਹਿਆ ਕਰੇ । ਉਨ੍ਹਾਂ ਦਰਖਾਸਤਾਂ ਪਰ ਤੁਰਤ ਫੁਰਤ ਲਿਖਤੀ ਫ਼ੈਸਲਾ ਕੀਤਾ ਜਾਇਆ ਕਰੇ ਤਾਕਿ ਫ਼ਰਿਆਦੀ, ਕਚੈਹਰੀ ਵਿਚ ਨਾ ਰੁਲਦੇ ਰਿਹਾ ਕਰਨ ।

ਆਵੀਤਾਬੀਲ ਨੇ ਮਹਾਰਾਜਾ ਸਾਹਿਬ ਦੇ ਫ਼ੁਰਮਾਨ ਅਨੁਸਾਰ ਉਪਰੋਕਤ ਤਰੀਕਾ ਵਰਤਨਾ ਆਰੰਭ ਦਿਤਾ । ਇਸ ਤਰੀਕੇ ਦੀ ਵਰਤੋਂ ਬਾਰੇ ਕਾਲਨ ਮੈਕੰਜੀ ਨੇ ਉਸ ਸਮੇਂ ਪਿਸ਼ਾਵਰ ਵਿਚ ਆਪ ਦੇਖਕੇ ਇਸ ਤਰ੍ਹਾਂ ਲਿਖਿਆ:- "ਮੈਂ ਅੱਜ ਦਿਨ ਦਾ ਖਾਣਾ ਆਵੀਤਾਬੀਲ ਨਾਲ-ਗੋਰਖਟੜੀ ਵਿਚ ਖਾਦਾ । ਇਸ ਸਮੇਂ ਮੈਂ ਡਿਠਾ ਕਿ ਬੜਾ ਬਕਸ ਉਥੇ ਦਰਵਾਜ਼ੇ ਨਾਲ ਲਟਕਿਆ ਹੋਇਆ ਸੀ । ਇਸ ਵਿਚ ਫ਼ਰਿਆਦੀ ਆਪਣੀਆਂ ਦਰਖ਼ਾਸਤਾਂ ਪਾਂਦੇ ਸਨ । ਇਸ ਸੰਦੂਕ ਦੇ ਜੰਦਰੇ ਦੀਆਂ ਕੁੰਜੀਆਂ ਆਵੀਤਾਬੀਲ ਦੇ ਆਪਣੇ ਪਾਸ ਸਨ* ।

ਆਵੀਤਾਬੀਲ ਪਰ ਖਾਲਸੇ ਦੀ ਬੇਪਰਤੀਤੀ

ਵੱਡੀ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸੈਂਕੜੇ ਮਨੁੱਖਾਂ ਨੂੰ ਨਿੱਕੀ ਨਿੱਕੀ ਗੱਲ ਲਈ ਫਾਹੇ ਲਾ ਦੇਣ ਵਾਲੇ ਆਵੀਤਾਬੀਲ ਦਾ ਜ਼ਰਾ ਜਿੰਨਾ ਰੋਅਬ ਵੀ ਖਾਲਸਾ ਨਹੀਂ ਸੀ ਮੰਨਦਾ । ਉਸ ਵਿਚ ਖਾਲਸਾ ਫ਼ੌਜ ਨੂੰ ਆਪਣੇ ਵਸੀਕਾਰ ਵਿਚ ਰਖਣ ਦੀ ਮੂਲੋਂ ਸਮਰਥਾ ਨਹੀਂ ਸੀ । ਖ਼ਾਸ ਕਰ ਇਸਦੇ ਪਿਸ਼ਾਵਰ ਵਿਚ ਗਵਰਨਰੀ ਦੇ ਛੇਕੜਲੇ ਦੋ ਸਾਲਾਂ ਸਮੇਂ ਇਸਦਾ ਕੋਈ ਅਸਰ ਖਾਲਸੇ ਦੇ ਮਨਾਂ ਪਰ ਨਹੀਂ ਸੀ ਰਿਹਾ ।

ਉਸ ਸਮੇਂ ਦੀਆਂ ਘਟਨਾਵਾਂ ਨੂੰ ਵਿਚਾਰਿਆਂ ਖਾਲਸਾ ਫ਼ੌਜ ਅਤੇ ਆਵੀਤਾਬੀਲ ਦੇ ਵਿਚਾਲੇ ਬੇ-ਰਸੀ ਦੇ ਕਈ ਹੋਰਨਾਂ ਕਾਰਨਾਂ ਤੋਂ ਛੁਟ

*ਕਾਟਨਜ਼ ਲਾਈਫ਼ ਆਫ਼ ਆਵੀਤਾਬੀਲ, ਸਫ਼ਾ ੫੩੯ ।

ਕੁਝ ਕਾਰਨ ਇਹ ਸਨ :

(੧) ਇਨ੍ਹੀਂ ਦਿਨੀਂ ਪਿਸ਼ਾਵਰ ਵਿਚ ਠਹਿਰੇ ਹੋਏ ਅੰਗ੍ਰੇਜ਼ ਅਫਸਰਾਂ ਨਾਲ ਆਵੀਤਾਬੀਲ ਦੇ ਬਹੁਤੇ ਵਧੇ ਹੋਏ ਮੇਲ-ਮਿਲਾਪ ਨੂੰ ਖਾਲਸਾ ਵੱਡੀ ਸ਼ੱਕੀ ਨਜ਼ਰ ਨਾਲ ਦੇਖਦਾ ਸੀ ।

(੨) ਆਵੀਤਾਬੀਲ ਦਾ ਅੰਗ੍ਰੇਜ਼ਾਂ ਦੀ ਸਹਾਇਤਾ ਲਈ ਉਨ੍ਹਾਂ ਨੂੰ ਧੜਾ ਧੜ ਰੁਪਿਆ ਹੁਦਾਰਾ ਦੇਈ ਜਾਣਾ ਜਿਸ ਦੀ ਗਿਣਤੀ ਦਸ ਲੱਖ ਤਕ ਪਹੁੰਚ ਗਈ ਸੀ* ।

(੩) ਖਾਲਸਾ ਫ਼ੌਜ ਦੀ ਇਕ ਵੱਡੀ ਸ਼ਕਾਇਤ ਇਹ ਸੀ ਕਿ ਜਦ ਉਹ ਆਵੀਤਾਬੀਲ ਤੋਂ ਆਪਣੀ ਤਲਬ ਮੰਗਦੇ ਸਨ ਤਾਂ ਕਹਿੰਦਾ ਸੀ ਕਿ ਖ਼ਜ਼ਾਨੇ ਵਿਚ ਰੁਪਿਆ ਨਹੀਂ, ਪਰ ਆਪਣੇ ਲਈ ਰੁਪਿਆ ਬਟੋਰਣ ਵਿਚ ਸਦਾ ਤਤਪਰ ਰਹਿੰਦਾ ਸੀ† ।

(੪) ਚੌਥੀ ਸ਼ਕਾਇਤ ਖ਼ਾਲਸਾ ਫ਼ੌਜ ਦੀ ਇਹ ਸੀ ਕਿ ਸੰਨ ੧੮੪੧ ਵਿਚ ਮਹਾਰਾਜਾ ਸ਼ੇਰ ਸਿੰਘ ਨੇ ਲਾਹੌਰ ਦੀ ਫ਼ੌਜ ਦੀ ਤਲਬ ਇਕ ਰੁਪਿਆ ਮਹੀਨਾ ਵਧਾਈ ਸੀ, ਪਰ ਪਿਸ਼ਾਵਰ ਦੀ ਫ਼ੌਜ ਨੂੰ ਕੇਵਲ

*ਸੰਨ ੧੮੩੯ ਵਿਚ ਕਾਬਲ ਪਰ ਚੜ੍ਹਾਈ ਸਮੇਂ ਅਤੇ ਸੰਨ ੧੮੪੨ ਵਿਚ ਕਾਬਲ ਵਿਚ ਅੰਗ੍ਰੇਜ਼ੀ ਫ਼ੌਜ ਦੀ ਤਬਾਹੀ ਸਮੇਂ, ਖਾਲਸੇ ਦੀ ਆਗਿਆ ਨਾਲ ਪਿਸ਼ਾਵਰ ਵਿਚ ਕੁਝ ਅੰਗ੍ਰੇਜ਼ ਅਫ਼ਸਰ ਠਹਿਰੇ ਹੋਏ ਸਨ, ਜੋ ਅਫ਼ਗਾਨਿਸਤਾਨ ਵਿਚ ਦੂਜੀ ਵਾਰ ਗਈ ਹੋਈ ਅੰਗ੍ਰੇਜ਼ੀ ਫ਼ੌਜ ਲਈ, ਰਸਦ ਦੇ ਮਾਇਆ ਭੇਜਦੇ ਰਹਿੰਦੇ ਸਨ । ਕਾਬਲ ਵਿਚ ਅੰਗ੍ਰੇਜ਼ਾਂ ਨੂੰ ਰੁਪਏ ਦੀ ਬੜੀ ਲੋੜ ਸੀ, ਆਵੀਤਾਬੀਲ ਨੇ ਦਸ ਲੱਖ ਰੁਪਿਆ ਇਸ ਸਮੇਂ ਅੰਗ੍ਰੇਜ਼ਾਂ ਨੂੰ ਕਰਜ਼ਾ ਦੇ ਕੇ ਵਲੈਤ ਵਿਚ ਆਪਣੇ ਨਾਮ ਦੀਆਂ ਹੁੰਡੀਆਂ ਲਿਖਵਾ ਲਈਆਂ ਸਨ, ਤਾਕਿ ਓਥੇ ਉਸ ਨੂੰ ਸੌਖਾ ਹੀ ਇਹ ਰੁਪਿਆ ਮਿਲ ਜਾਏ ।

†ਆਵੀਤਾਬੀਲ ਦੇ ਇਕੱਠੇ ਕੀਤੇ ਰੁਪਏ ਬਾਰੇ ਵੱਖੋ ਵੱਖ ਰਾਇਆਂ ਹਨ । ਕੋਈ ੮ ਲੱਖ ਰੁਪਿਆ ਅਤੇ ਕੋਈ ੧੦ ਲੱਖ ਦਸਦਾ ਹੈ । ਮੇਜਰ ਹਾਵੇਲਾਕ ਇਸ ਦੀ ਗਿਣਤੀ ੮ ਲੱਖ ਲਿਖਦਾ ਹੈ । (ਦੇਖੋ ਵਾਰਜ਼ ਇਨ ਅਫ਼ਗਾਨਿਸਤਾਨ ਜਿਲਦ 2 ਸਫਾ ੧੯੭) । ਮੇਜਰ ਪੀਅਰਜ ਇਹ ਰਕਮ ੧੦ ਲੱਖ ਦੱਸਦਾ ਹੈ (ਪੀਅਰਜ਼, ਗਾਰਡਨਰ ਸਫਾ ੩੨੪)

ਅੱਠ ਆਨੇ ਮਹੀਨਾ ਤਰੱਕੀ ਮਿਲੀ । ਫ਼ੌਜ ਇਸ ਕਮੀ ਦਾ ਜ਼ਿੰਮੇਂਵਾਰ ਆਵੀਤਾਬੀਲ ਨੂੰ ਠਹਿਰਾਂਦੀ ਸੀ ।

(੫) ਪਿਸ਼ਾਵਰ ਵਿਚ ਕੁਝ ਅੰਗ੍ਰੇਜ਼ ਉਸ ਸਮੇਂ ਐਸੇ ਵੀ ਸਨ ਜਿਨ੍ਹਾਂ ਦਾ ਖ਼ਿਆਲ ਹੋ ਗਿਆ ਸੀ ਕਿ ਉਥੇ, ਖਾਲਸੇ ਵਲੋਂ ਆਵੀਤਾਬੀਲ ਹੀ ਹਰ ਇਕ ਮਾਮਲੇ ਦਾ ਕਰਤਾ-ਧਰਤਾ ਹੈ । ਕੇਵਲ ਉਸ ਨਾਲ ਮਿਤ੍ਰਤਾ ਦਾ ਸਬੰਧ ਰੱਖਣਾ ਕਾਫੀ ਹੈ । ਹੋਰ ਕਿਸੇ ਦੀ ਕੋਈ ਲੋੜ ਨਹੀਂ, ਉਪਰੋਕਤ ਖਿਆਲ ਦੀ ਤਾਈਦ ਬਾਰਨਸ ਦੀ ਲਿਖਤ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੁੰਦੀ ਹੈ । ਜਿੱਥੇ ਉਹ ਲਿਖਦਾ ਹੈ. ਆਵੀਤਾਬੀਲ ਦੀ ਸ਼ਹਾਨਾ ਪ੍ਰਾਹੁਣ-ਚਾਰੀ ਅਤੇ ਹੋਰ ਸਭ ਤਰ੍ਹਾਂ ਦੀ ਸਹਾਇਤਾ, ਹਰ ਇਕ ਅੰਗ੍ਰੇਜ਼ ਨੂੰ ਪਿਸ਼ਾਵਰ ਵਿਚ ਸਦਾ ਉਸ ਤੋਂ ਪ੍ਰਾਪਤ ਹੁੰਦੀ ਰਹਿੰਦੀ ਹੈ*।

ਆਵੀਤਾਬੀਲ ਪਰ ਉਸਦੀ ਆਪਣੀ ਫ਼ੌਜ ਦਾ ਹੱਲਾ

ਅੰਗ੍ਰੇਜ਼ਾ ਦੇ ਉਪ੍ਰੋਕਤ ਭਰਮ ਨੂੰ ਦੂਰ ਕਰਨ ਲਈ ਪਿਸ਼ਾਵਰ ਵਿਚ ਉਨ੍ਹੀਂ ਦਿਨੀਂ ਕਈ ਕੌੜੀਆਂ ਘਟਨਾਵਾਂ ਦੇਖਣ ਵਿਚ ਆਈਆਂ ਜਿਨ੍ਹਾਂ ਵਿਚੋਂ ਇਕ ਇਹ ਸੀ ਕਿ ਖਾਲਸਾ ਫ਼ੌਜ ਦੇ ਕੁਝ ਜੋਸ਼ੀਲੇ ਨੌਜਵਾਨਾਂ, ਅੰਗਰੇਜ਼ੀ ਖਜ਼ਾਨੇ ਪਰ ਹੱਲਾ ਬੋਲਕੇ, ਤਿੰਨ ਲੱਖ ਰੁਪਿਆ ਨਕਦ ਲੁਟ ਲਿਆ, ਇਸ ਦੇ ਨਾਲ ਹੀ ਅੰਗਰੇਜ਼ੀ ਕਮਸਰੀਟ ਦੇ ਗੁਦਾਮਾਂ ਵਿਚੋਂ ਬਹੁਤ ਸਾਰਾ ਸਾਮਾਨ ਲੁਟ ਕੇ ਆਪਣੇ ਅਧਿਕਾਰ ਵਿਚ ਕਰ ਲਿਆ ਬਾਕੀ ਰਹਿੰਦੇ ਨੂੰ ਅੱਗ ਲਾ ਕੇ ਫੂਕ ਦਿਤਾਂ ।

ਇਨ੍ਹਾਂ ਉਪਰੋਕਤ ਸ਼ਕਾਇਤਾਂ ਤੋਂ ਛੁਟ ਇਨ੍ਹਾਂ ਸਾਲਾਂ ਵਿਚ ਆਵੀਤਾਬੀਲ ਦਾ ਰੋਜ਼ਾਨਾ† ਜੀਵਨ ਇੱਨਾ ਨੀਵਾਂ ਹੋ ਗਿਆ ਸੀ ਕਿ ਉਹ ਹੁਣ ਬਿਨਾ ਸ਼ਰਮ ਦੇ, ਸਭ ਦੇ ਸਾਹਮਣੇ ਸਭਿਆਚਾਰ ਵਿਰੁਧ ਕੰਮ ਕਰਨ ਲਗ ਪਿਆ ਸੀ । ਜਿਸ ਦੇ ਕਾਰਨ ਫ਼ੌਜ ਵਿਚ ਉਸ ਦਾ ਉੱਕਾ

---

*ਬਾਰਨਸ ਕਾਬਲ, ਸਫਾ ੧੨੪-੧੨੫ ।

†ਪੰਜਾਬ ਰੀਕਾਰਡਜ਼ ਜਿਲਦ ੪੦, ਚਿਠੀ ੯੬ ।

ਕੋਈ ਰੋਅਬ ਨਹੀਂ ਸੀ ਮੰਨਦਾ* ।

ਇਸ ਤਰ੍ਹਾਂ ਫ਼ੌਜ ਦੇ ਮਨ ਵਿਚ ਰੋਜ਼ਾਨਾ ਆਵੀਤਾਬੀਲ ਲਈ ਘ੍ਰਿਣਾਂ ਵਧਦੀ ਗਈ । ਇਸ ਦਾ ਫਲ ਇਹ ਹੋਇਆ ਕਿ ੨ ਮਈ ਸੰਨ ੧੮੪੧ ਦੇ ਦਿਨ ਫ਼ੌਜ ਦੇ ਕੁਝ ਜੁਵਾਨਾਂ ਗੋਰਖਟੜੀ ਪਰ ਜਿਥੇ ਆਵੀਤਾਬੀਲ ਰਹਿੰਦਾ ਸੀ ਹੱਲਾ ਬੋਲ ਦਿਤਾ ਅਤੇ ਬੜੇ ਜੋਸ਼ ਨਾਲ ਆਪਣੀ ਬਕਾਇਆ ਤਲਬ ਦੀ ਉਸ ਤੋਂ ਮੰਗ ਕੀਤੀ । ਇਸ ਸਮੇਂ ਫ਼ੌਜੀਆਂ ਖੁਲ੍ਹਮ-ਖੁਲ੍ਹਾ ਉਸ ਨੂੰ ਕਹਿ ਦਿਤਾ ਕਿ ਸਾਨੂੰ ਤੇਰੀਆਂ ਸਭ ਕਰਤੂਤਾਂ ਦਾ ਪਤਾ ਹੈ ਜੇ ਹੁਣ ਸਾਡੀਆਂ ਤਲਬਾਂ ਦੇਣ ਵਿਚ ਕੁਝ ਵੀ ਟਾਲ-ਮਟੋਲਾ ਕਰੇਂਗਾ ਤਾਂ ਤੇਰੀ ਓਥੇ ਹੀ ਅਲਖ ਮੁਕਾ ਕੇ ਤੈਨੂੰ ਜੀਊਂਦਾ ਹੀ ਅੱਗ ਵਿਚ ਭਸਮ ਕਰ ਦਿਆਂਗੇ । ਇਸੇ ਤਰ੍ਹਾਂ ਕਈ ਹੋਰ ਬਚਨ ਕੁਬਚਨ ਹੋਏ ਆਦਿ ।

ਆਵੀਤਾਬੀਲ ਨੇ ਜਦ ਫ਼ਜ ਦੇ ਸਿਪਾਹੀਆ ਦੀਆਂ ਅੱਖਾਂ ਬਦਲੀਆਂ ਹੋਈਆਂ ਡਿਠੀਆਂ ਤਾਂ ਉਹ ਉਨ੍ਹਾਂ ਅਗੇ ਉਸ ਵਕਤ ਝੁਕ ਗਿਆ ਅਤੇ ਉਨ੍ਹਾਂ ਨੂੰ ਤਲਬ ਵੰਡ ਦਿਤੀ ।

ਪਿਸ਼ਾਵਰ ਤੋਂ ਨਿਕਲਣ ਦੇ ਯਤਨ

ਉਸ ਦਿਨ ਤਾਂ ਇਹ ਖ਼ਤਰਾ ਟਲ ਗਿਆ ਪਰ ਆਵੀਤਾਬੀਲ ਨੂੰ ਆਪਸੀ ਰਖਿਆ ਅਗੇ ਲਈ ਵਡੇ ਖ਼ਤਰੇ ਵਿਚ ਦਿਸੀ । ਇਸ ਤੋਂ ਬਚਣ ਲਈ ਉਸ ਨੇ ਤਿੰਨ ਤਰੀਕੇ ਵਰਤੇ । ਪਹਿਲਾ ਇਹ ਸੀ ਕਿ ਉਸ ਨੇ ਪਿਸ਼ਾਵਰ ਸ਼ਹਿਰ ਅਤੇ ਗੋਰਖਟੜੀ ਦੇ ਦਰਵਾਜ਼ੇ ਬੰਦ ਕਰਵਾ ਦਿਤੇ । ਕਈ ਦਿਨਾਂ ਤਕ ਕਿਸੇ ਨੂੰ ਵੀ ਸ਼ਹਿਰ ਦੇ ਅੰਦਰ ਯਾ ਬਾਹਰ ਨਹੀਂ ਸੀ ਜਾਣੇ ਦਿਤਾ ਜਾਂਦਾ ।

ਦੂਜਾ-ਉਸ ਆਪਣੀ ਰਖਿਆ ਲਈ, ਸਿਕੰਦਰ ਖਾਨ ਤੇ ਫਤਹਿ

---

*ਅੰਗਰੇਜ਼ੀ ਖਬਰ-ਨਵੀਸ ਦਾ ਖਤ, ਮਈ ਸੰਨ ੧੮੪੧, ਪੰਜਾਬ ਰੀਕਾਰਡਜ਼।

ਦੀਨ ਮੁਹੰਮਦ, ਚਮਕਨੀ ਵਾਲਿਆਂ ਨੂੰ ਆਪਣੇ ਪਾਸ ਬੁਲਵਾਇਆ। ਇਹ ਦੋਵੇਂ ਇਸ ਦੇ ਗੂੜ੍ਹੇ ਮਿੱਤਰ ਸਨ, ਇਨ੍ਹਾਂ ਦੀ ਰਾਹੀਂ ਉਸ ਨੇ ਬਹੁਤ ਸਾਰੇ ਪਠਾਣ ਭਰਤੀ ਕਰਵਾਕੇ, ਗੋਰਖਟੜੀ ਦੇ ਚੁਗਿਰਦੇ ਉਨ੍ਹਾਂ ਦਾ ਪਹਿਰਾ ਲਗਵਾ ਦਿਤਾ।

ਤੀਜਾ ਆਵੀਤਾਬੀਲ ਨੇ ਉਸ ਦਿਨ ਤੋਂ ਮਹਾਰਾਜ ਸ਼ੇਰ ਸਿੰਘ ਦੀ ਹਜ਼ੂਰੀ ਵਿਚ, ਦਰਖਾਸਤਾਂ ਭੇਜਣੀਆਂ ਆਰੰਭ ਦਿਤੀਆਂ ਕਿ ਜਿੰਨਾ ਛੇਤੀ ਹੋ ਸਕੇ ਮੇਰੀ ਥਾਂਏ, ਪਿਸ਼ਾਵਰ ਕਿਸੇ ਹੋਰ ਨੂੰ ਭੇਜਕੇ ਮੈਨੂੰ ਆਪਣੇ ਪਾਸ ਲਾਹੌਰ ਮੰਗਵਾ ਲਵੇ।

ਆਵੀਤਾਬੀਲ ਦੇ ਪਿਸ਼ਾਵਰ ਵਿਚੋਂ ਚਲੇ ਜਾਣ ਨੂੰ ਉਥੇ ਠਹਿਰੇ ਹੋਏ ਅੰਗਰੇਜ਼ ਕਰਮਚਾਰੀਆਂ, ਆਪਣੇ ਲਈ ਵੱਡਾ ਹਾਨੀਕਾਰਕ ਸਮਝਿਆ। ਇਸ ਲਈ ਉਨ੍ਹਾਂ ਆਪਣੇ ਵਲੋਂ ਬੜਾ ਯਤਨ ਕੀਤਾ ਕਿ ਕਿਸੇ ਤਰ੍ਹਾਂ, ਆਤੀਵਾਬੀਲ ਨੂੰ ਪ੍ਰੇਰ ਕੇ ਕੁਝ ਸਮੇਂ ਲਈ ਹੋਰ ਪਿਸ਼ਾਵਰ ਵਿਚ ਰਹਿਣ ਲਈ, ਉਸ ਨੂੰ ਮਨਾ ਲਿਆ ਜਾਏ ਇਸ ਬਾਰੇ ਕਪਤਾਨ ਮੈਕਸਨ ਲਿਖਦਾ ਹੈ:–"ਮੈਂ ਆਪਣੇ ਵਲੋਂ ਹਰ ਇਕ ਤਰ੍ਹਾਂ ਯਤਨ ਕੀਤਾ ਹੈ ਕਿ ਕਿਸੇ ਤਰ੍ਹਾਂ ਆਵੀਤਾਬੀਲ ਨੂੰ ਇਹ ਗਲ ਮੰਨਵਾ ਲਵਾਂ ਕਿ ਉਹ ਕੁਝ ਚਿਰ ਲਈ ਹੋਰ ਪਿਸ਼ਾਵਰ ਵਿਚ ਠਹਿਰਣਾ ਮੰਨ ਜਾਏ। ਕਿਉਂਕਿ ਉਸ ਦਾ ਇਸ ਸਮੇਂ ਇਥੋਂ ਚਲਾ ਜਾਣਾ ਹਾਨੀਕਾਰਕ ਹੋਵੇਗਾ*।"

ਉਪਰੋਕਤ ਪ੍ਰੇਰਨਾ ਨੂੰ ਪਰਵਾਨ ਕਰਕੇ ਆਵੀਤਾਬੀਲ ਨੇ ਕੁਝ ਚਿਰ ਲਈ ਹੋਰ ਪਿਸ਼ਾਵਰ ਵਿਚ ਰਹਿਣਾ ਮੰਨ ਲਿਆ।

ਪਿਸ਼ਾਵਰ ਤੋਂ ਬੁਲਾਵਾ

ਉਧਰ ਮਹਾਰਾਜਾ ਸ਼ੇਰ ਸਿੰਘ ਨੇ ਆਵੀਤਾਬੀਲ ਅਤੇ ਫ਼ੌਜ ਦੇ ਵਿਚਾਲੇ ਵਧ ਰਹੀ ਖਿੱਚੋਤਾਨ ਅਤੇ ਕਈ ਹੋਰ ਗੱਲਾਂ ਨੂੰ ਮੁਖ ਰਖ ਕੇ

* ਪੰਜਾਬ ਰੀਕਾਰਡਜ਼ ਜਿਲਦ ੪੦ ਚਿੱਠੀ ੧੧੫।

੧੨ ਅਪਰੈਲ ਸੰਨ ੧੮੪੩ ਨੂੰ ਆਵੀਤਾਬੀਲ ਨੂੰ ਪਿਸ਼ਾਵਰ ਤੋਂ ਲਾਹੌਰ ਬੁਲਵਾ ਲਿਆ ।

ਪਿਸ਼ਾਵਰ ਦੀ ਗਵਰਨਰੀ ਸਮੇਂ ਇਸਦੇ ਕੀਤੇ ਕਈ ਅਯੋਗ ਕੰਮਾਂ ਦੇ ਕਾਰਨ ਮਹਾਰਾਜਾ ਸਾਹਿਬ ਨੇ ਲਾਹੌਰ ਵਿਚ ਉਸ ਨੂੰ ਮੁੜ ਕੋਈ ਜ਼ਿੰਮੇਂਵਾਰੀ ਦਾ ਕੰਮ ਨ ਦਿਤਾ ।

ਲਾਹੌਰ ਵਿਚ ਉਸ ਆਪਣਾ ਵਧੇਰਾ ਸਮਾਂ, ਪਿਸ਼ਾਵਰ ਦੇ ਹਿਸਾਬਾਂ ਦੇ ਚੁਕਾਣ ਅਤੇ ਆਪਣੀ ਜੈਦਾਦ ਵੇਚਣ ਦੇ ਕੰਮ ਵਿਚ ਲਾਈ ਰਖਿਆ।

ਇਨ੍ਹੀਂ ਦਿਨੀਂ ਅਰਥਾਤ ੧੫ ਸਤੰਬਰ ਸੰਨ ੧੮੪੩ ਨੂੰ ਸਰਦਾਰ ਅਜੀਤ ਸਿੰਘ ਸੰਧਾਵਾਲੀਏ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰ ਦਿਤਾ ਅਤੇ ਕਿਲ੍ਹਾ ਲਾਹੌਰ ਪਰ ਥੋੜੇ ਸਮੇਂ ਲਈ ਆਪਣਾ ਕ਼ਬਜ਼ਾ ਕਰ ਲਿਆ । ਕਿਲ੍ਹੇ ਦੀ ਬਾਹਰਲੀ ਫ਼ੌਜ ਵਿਚ ਰਾਜਾ ਹਰੀ ਸਿੰਘ ਦੇ ਨਾਲ ਆਵੀਤਾਬੀਲ ਵੀ ਸ਼ਾਮਲ ਹੋ ਗਿਆ ਸੀ* ।

ਲਾਹੌਰ ਤੋਂ ਨਿਕਲਣਾ

ਸਤੰਬਰ ਸੰਨ ੧੮੪੩ ਦੇ ਛੇਕੜਲੇ ਦਿਨਾਂ ਵਿਚ ਆਵੀਤਾਬੀਲ, ਲਾਹੌਰੋਂ ਨਿਕਲਕੇ ਸ਼ਿਮਲੇ ਜਾ ਪੁਜਾ । ਇਥੇ ਕੁਝ ਸਮਾਂ ਰਹਿਣੇ ਦੇ ਉਪਰੰਤ ਉਹ ਕੱਲਕਤੇ ਤੋਂ ਇਟਲੀ ਚਲਾ ਗਿਆ ।

ਆਵੀਤਾਬੀਲ ਦੀਆਂ ਨਾਰੀਆਂ

ਆਵੀਤਾਬੀਲ ਦੇ 'ਭਰਪੂਰ-ਹਰਮ' ਬਾਬਤ ਖੋਜ ਕਰਨ ਪਰ ਵੀ ਪੂਰਾ ਪੂਰਾ ਪਤਾ ਨਹੀਂ ਮਿਲ ਸਕਿਆ ਕਿ ਉਹ ਕਈ ਦਰਜਨ ਤੀਵੀਆਂ, ਜੇਹੜੀਆਂ ਉਸ ਨੇ ਵੱਡੀਆਂ ਵੱਡੀਆਂ ਰਕਮਾਂ ਖਰਚ ਕੇ, ਕਈ ਦੇਸਾਂ ਦੀਆਂ ਖ਼ਰੀਦੀਆਂ ਸਨ, ਉਹ ਸਭ ਕਿਧਰ ਗਈਆਂ ? ਹਾਂ ! ਸਰ ਹੈਨਰੀ

---

* ਮੌਲਾਨਾ ਮੁਹੰਮਦ ਨਕੀ ਪਿਸ਼ਾਵਰੀ ਦਾ ਸ਼ੇਰ ਸਿੰਘ ਨਾਮਾ ਪੰਨਾ ੬੭ ।

ਲਾਰੰਸ ਦੀ ਇਕ ਲਿਖਤ ਤੋਂ ਇੰਨਾ ਪਤਾ ਮਿਲਦਾ ਹੈ ਕਿ ਉਸ ਦੀ ਇਕ ਲੜਕੀ ਜਿਸ ਦੀ ਪ੍ਰਿਤਪਾਲਨਾ ਉਸ ਨੇ ਪਿਸ਼ਾਵਰ ਵਿਚ ਸ਼ਾਹਜ਼ਾਦੀਆਂ ਦੀ ਤਰ੍ਹਾਂ ਕੀਤੀ ਸੀ, ਪਿਸ਼ਾਵਰ ਛੱਡਣ ਸਮੇਂ ਉਸਨੇ ਉਸ ਅਭਾਗਣ ਕੁੜੀ ਦਾ ਵਿਆਹ ਆਪਣੇ ਇਕ ਰਸੋਈਏ ਨਾਲ ਕਰਵਾ ਦਿਤ ਸੀ, ਭਾਵੇਂ ਦਾਜ ਵਿਚ ਆਵੀਤਾਬੀਲ ਨੇ ਉਸਨੂੰ ਚੋਖੇ ਗਹਿਣੇ ਤੇ ਰੁਪਿਆ ਦਿਤਾ ਸੀ ਪਰ ਛੇਕੜ ਇਹ ਲੜਕੀ ਬੜੀ ਗਰੀਬੀ ਦਿਸ਼ਾ ਵਿਚ ਮਰ ਗਈ*।

ਆਵੀਤਾਬੀਲ ਪੰਜਾਬ ਤੋਂ ਕਈ ਬਹੁਮੁਲੀਆਂ ਸੁਗਾਤਾਂ ਸ਼ਾਹ ਇਟਲੀ ਲਈ ਆਪਣੇ ਨਾਲ ਲੈ ਗਿਆ ਸੀ। ਜਦੋਂ ਉਸਨੇ ਉਹ ਤੋਹਫੇ ਬਾਦਸ਼ਾਹ ਦੇ ਸਾਹਮਣੇ ਪੇਸ਼ ਕੀਤੇ ਤਾਂ ਉਹ ਇੰਨਾ ਪ੍ਰਸੰਨ ਹੋਇਆ ਕਿ ਇਸਦੇ ਬਦਲੇ ਸ਼ਾਹ ਨੇ, ਆਵੀਤਾਬੀਲ ਨੂੰ ਕਈ ਖਿਤਾਬ ਦਿਤੇ।

ਆਵੀਤਾਬੀਲ ਲੰਡਨ ਵਿਚ

ਆਵੀਤਾਬੀਲ ਕੁਝ ਦਿਨਾਂ ਦੇ ਬਾਅਦ ਪੈਰਸ ਗਿਆ ਅੰਤੇ ਇਥੋਂ ਹੋਂਦਾ ਹੋਇਆ ਉਹ ਲੰਡਨ ਪੁਜਾ। ਉਥੇ ਈਸਟ ਇੰਡੀਆ ਕੰਪਨੀ ਦੇ ਵਡੇ ਕਰਮਚਾਰੀਆਂ ਵਲੋਂ, ਉਸ ਦੀ ਬੜੇ ਚਾਅ ਨਾਲ ਆਉ-ਭਗਤ ਕੀਤੀ ਗਈ ਅਤੇ ਇੰਡੀਆ ਹਾਊਸ ਵਿਚ ੧੭ ਅਗਸਤ ੧੮੪੫ ਦੀ ਰਾਤ ਨੂੰ ਉਸਨੂੰ ਇਕ ਵਧੀਆ ਖਾਣਾ ਦਿਤਾ ਗਿਆ। ਇਸ ਸਮੇਂ ਆਵੀਤਾਬੀਲ ਦੀ ਉਸ ਸਹਾਇਤਾ ਦਾ, ਜੇਹੜੀ ਉਸ ਨੇ ਪਿਸ਼ਾਵਰ ਦੀ ਗਵਰਨਰੀ ਸਮੇਂ ਅੰਗ੍ਰੇਜ਼ੀ ਹਕੂਮਤ ਦੀ ਕੀਤੀ ਸੀ, ਬੜੇ ਵਿਸਥਾਰ ਨਾਲ ਜ਼ਿਕਰ ਕਰਕੇ ਉਸਦੀ ਵੱਡੀ ਸ਼ਲਾਘਾ ਕੀਤੀ ਗਈ। ਇਸ ਤੋਂ ਵੱਖ ਇਕ ਬਹੁ-ਮੁਲੀ ਸ਼ਮਸ਼ੇਰ ਜਿਸ ਪਰ ੩੦੦) ਰੁਪਿਆ ਇੰਡੀਆ ਹਾਊਸ ਵਲੋਂ ਖਰਚ ਹੋਇਆ ਸੀ, ਆਵੀਤਾਬੀਲ ਨੂੰ ਦਿਤੀ ਗਈ†।

---

*ਕਲਕੱਤਾ ਰੀਵੀਊ ਜਿਲਦ ੬ ਸਫਾ ੨੪੭।

† ਮੇਜਰ ਪੀਅਰਸ, ਗਾਰਡਨਰ, ਸਫਾ ੩੨੯।

ਲੰਡਨ ਵਿਚ ਰਹਿਣ ਦੇ ਦਿਨਾਂ ਵਿਚ ਆਵੀਤਾਬੀਲ ਨਾਲ ਡੀਊਕ ਆਫ ਵਲਿੰਗਟਨ ਨੇ ਪਿਆਰ-ਭਰੀ ਮੁਲਾਕਾਤ ਕੀਤੀ । ਆਵੀਤਾਬੀਲ, ਪਿਸ਼ਾਵਰ ਵਿਚੋਂ ਡੀਊਕ ਨੂੰ ਅਫ਼ਗਾਨਿਸਤਾਨ ਆਦਿ ਬਾਰੇ ਖ਼ੁਫ਼ੀਆ ਖ਼ਬਰਾਂ ਭੇਜਦਾ ਹੁੰਦਾ ਸੀ† ।

ਆਵੀਤਾਬੀਲ ਨੇ ਜੇਹੜਾ ਰੁਪਿਆ ਅੰਗ੍ਰੇਜ਼ਾਂ ਨੂੰ ਦਿੱਤਾ ਸੀ ਉਨ੍ਹਾਂ ਹੁੰਡੀਆਂ ਦੀ ਰਕਮ ਉਸ ਨੇ ਲੰਡਨ ਵਿਚ ਪ੍ਰਾਪਤ ਕਰ ਲਈ । ਜਿਹਾ ਕਿ ਪਾਠਕ ਪਿਛੇ ਪੜ੍ਹ ਆਏ ਹਨ ਕਿ ਇਹ ਕਰਜ਼ਾ ਦਸ ਲੱਖ ਰੁਪਿਆ ਸੀ‡ ।

ਨਵਾਂ ਘਰ ਵਸਾਣਾ ਤੇ ਉਸ ਤੋਂ ਨਿਕਲਣਾ

ਲੰਡਨ ਤੋਂ ਪਰਤ ਕੇ ਆਵੀਤਾਬੀਲ ਨੇ ਆਪਣੇ ਵਸੇਬੇ ਲਈ ਕਾਸਟਲਇਮਾਰੇ, ਨੇਪਲਜ਼ ਦੇ ਲਾਗੇ ਇਕ ਬੜਾ ਸ਼ਾਨਦਾਰ ਘਰ ਵਸਾਇਆ ਪਰ ਇਥੇ ਉਸਨੂੰ ਬਹੁਤ ਸਮਾਂ ਰਹਿਣਾ ਨਾ ਮਿਲ ਸਕਿਆ। ਇਸ ਦਾ ਕਾਰਨ ਇਹ ਸੀ ਕਿ ਆਵੀਤਾਬੀਲ ਆਪਣੇ ਢਿੱਲੇ ਆਚਰਣ ਦੀਆਂ ਵਾਦੀਆਂ ਜੇਹੜੀਆਂ ਉਹ ਇਟਲੀ ਵਿਚੋਂ, ਯੁਬਾ ਅਵਸਥਾ ਸਮੇਂ ਆਪਣੇ ਨਾਲ ਬਿਦੇਸ਼ਾਂ ਵਿਚ ਲੈ ਗਿਆ ਸੀ, ਉਹ ਇਸ ਬੁਢੇਪੇ ਸਮੇਂ ਸਾਰੀਆਂ ਜਿਉਂ ਦੀਆਂ ਤਿਉਂ ਆਪਣੇ ਨਾਲ ਆਪਣੀ ਮਾਤਰੀ-ਭੂਮੀ ਵਿਚ ਪਰਤਾ ਕੇ ਲੈ ਆਇਆ ਸੀ । ਇਥੇ ਇਸ ਨੇ ਪਰ-ਇਸਤ੍ਰੀਆਂ ਨਾਲ ਛੇੜ-ਛਾੜ ਤੇ ਅਯੋਗ ਯਾਰੀਆਂ ਲਾਣੀਆਂ ਅਰੰਭ ਦਿਤੀਆਂ ।

ਆਵੀਤਾਬੀਲ ਦਾ ਇਹ ਰਵਈਆ ਇਸ ਦੇ ਗੁਆਂਢੀ ਵਸਨੀਕਾਂ ਨੂੰ ਅਤਿ ਬੁਰਾ ਪਰਤੀਤ ਹੋਇਆ । ਇਸ ਤਰ੍ਹਾਂ ਦੀਆਂ ਕਰਤੂਤਾਂ ਤੋਂ ਤੰਗ ਆ ਕੇ ਉਥੇ ਦੇ ਲੋਕਾਂ ਨੇ ਮਿਲਕੇ, ਇਸ ਬੁਢੇ ਜਰਨੈਲ ਦੇ ਉਲਟ, ਉਸ ਇਲਾਕੇ ਦੇ ਜ਼ਿੰਮੇਵਾਰਾਂ ਨੇ ਪਰਗਨੇ ਦੇ ਹੁਕਮਰਾਨ ਪਾਸ ਸ਼ਕਾਇਤ

---

† ਯੂਰਪੀਅਨ ਅਡਵਾਂਚਰਸ ਆਫ਼ ਨਾਰਦਰਨ ਇੰਡੀਆ ਸਫ਼ਾ ੧੪੬ ।

‡ ਮੀਅਰਜ਼ ਗਾਰਡਨਰ, ਸਫਾ ੩੨੪ ।

ਕੀਤੀ । ਖੋਜ ਦੇ ਉਪ੍ਰੰਤ ਉਸ ਪਰ ਲਾਏ ਗਏ ਦੂਸ਼ਨ ਠੀਕ ਸਾਬਤ ਹੋਏ । ਜਿਸਦਾ ਸਿੱਟਾ ਇਹ ਨਿਕਲਿਆ ਕਿ ਹਕੂਮਤ ਵਲੋਂ, ਆਵੀਤਾਬੀਲ ਨੂੰ ਹੁਕਮ ਦਿਤਾ ਗਿਆ ਕਿ ਉਹ ਆਪਣਾ ਵਸੇਬਾ ਉਥੇ ਨਾ ਰਖੇ । ਲਾਚਾਰ ਆਵੀਤਾਬੀਲ ਨੂੰ ਉਹ ਘਰ ਛੱਡਣਾ ਪਿਆ ।

ਆਪਣੀ ਭਤੀਜੀ ਨਾਲ ਵਿਆਹ

ਇਥੋਂ ਕਢੇ ਜਾਣ ਦੇ ਉਪਰੰਤ ਆਵੀਤਾਬੀਲ ਨੇ ਐਗਰੋਲਾ ਨਾਮੀ ਮੁਕਾਮ ਪਰ ਇਕਲਵੰਝੇ ਇਕ ਹੋਰ ਨਵਾਂ ਘਰ ਵਸਾਵਣਾ ਆਰੰਭਿਆ। ਅਜੇ ਇਸ ਘਰ ਦੀ ਇਕੋ ਮੰਜਲ ਹੀ ਤਿਆਰ ਹੋਈ ਸੀ ਕਿ ਉਹ ਉਸ ਵਿਚ ਜਾ ਵਸਿਆ । ਉਹ ਦੂਜਾ ਘਰ ਵੀ ਆਵੀਤਾਬੀਲ ਲਈ ਸੁਹੰਢਣਾ ਨਾ ਸਾਬਤ ਹੋਇਆ ।

ਇਸ ਦੇ ਵਿਸ਼ਈ ਮਨ ਨੇ, ਇਸ ਦੇ ਜੀਵਨ ਦੇ ਅੰਤਲੇ ਦਿਨਾਂ ਵਿਚ ਉਸ ਤੋਂ ਇਕ ਐਸੀ ਘ੍ਰਿਣਤ ਭੁਲ ਕਰਵਾਈ ਜੇਹੜੀ ਇਸ ਦੀ ਤਬਾਹੀ ਦਾ ਕਾਰਨ ਬਣੀ, ਅਰਥਾਤ ਇਥੇ ਉਸ ਨੇ ਆਪਣੀ ਸਕੀ ਨੌਜਵਾਨ ਭਤੀਜੀ ਨਾਲ ਵਿਆਹ ਕਰਾ ਲਿਆ ਜਿਸ ਦੀ ਉਮਰ ਉਸ ਸਮੇਂ ਮਸੇ ਕਿਤੇ ੧੯ ਸਾਲ ਦੀ ਸੀ ।

ਜੀਵਨ ਦਾ ਕੌੜਾ ਅੰਤ

ਇਸ ਵਿਆਹ ਨੂੰ ਬਹੁਤੇ ਦਿਨ ਨਹੀਂ ਸਨ ਬੀਤੇ ਕਿ ਆਵੀਤਾਬੀਲ ਦੀ ਨਵੇਲੀ ਨਾਰ ਪਿੰਡ ਦੇ ਇਕ ਨੌਜਵਾਨ ਵਕੀਲ ਪਰ ਮੋਹਤ ਹੋ ਗਈ। ਇਹ ਅਯੋਗ ਮੇਲ ਮਿਲਾਪ ਇਥੋਂ ਤਕ ਵਧਿਆ ਕਿ ਇਹ ਸਭ ਕੁਝ ਹੁਣ ਇਸ ਬਿਰਧ ਜਰਨੈਲ ਦੀਆਂ ਅੱਖਾਂ ਦੇ ਸਾਹਮਣੇ ਹੋਣ ਲਗ ਪਿਆ। ਇਸ ਦੁਖ ਨੂੰ ਨਾ ਸਹਾਰਦਾ ਹੋਇਆ ਆਵੀਤਾਬੀਲ ਨੇ ਆਪਣੇ ਅਤਿ ਕ੍ਰੋਧੀ ਸੁਭਾਓ ਦੇ ਅਧੀਨ ਇਨ੍ਹਾਂ ਦੋਹਾਂ ਨੂੰ ਇਕ ਦਿਨ ਧਮਕੀ ਦਿਤੀ ਕਿ ਜੇ ਇਸ ਦੇ ਉਪਰੰਤ ਕਦੇ ਇਸ ਨੇ ਉਨ੍ਹਾਂ ਦੋਵਾਂ ਨੂੰ ਇਕੱਠਾ ਡਿੱਠਾ ਤਾਂ

ਉਹ ਉਨ੍ਹਾਂ ਦੋਵਾਂ ਦਾ ਅੰਤ ਕਰ ਦੇਵੇਗਾ। ਪਰ ਮਾਲੂਮ ਹੁੰਦਾ ਹੈ ਕਿ
ਉਨ੍ਹਾਂ ਦਾ ਅੰਤ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਦੋਵਾਂ ਨੇ ਮਿਲ ਕੇ ਇਸ
ਦੀ ਅਲਖ ਮੁਕਾ ਦਿਤੀ।

ਆਵੀਤਾਬੀਲ ਨੂੰ ਜ਼ੈਹਰ ਖੁਲਾਣੀ

ਕਿਹਾ ਜਾਂਦਾ ਹੈ ਕਿ ਸਰਦੀਆਂ ਦੀ ਇਕ ਠੰਢੀ ਰਾਤ ਨੂੰ ਗਰਮਾਣ
ਲਈ ਆਵੀਤਾਬੀਲ ਨੇ ਪਿਸ਼ਾਵਰੀ ਤਰੀਕੇ ਨਾਲ 'ਬਰੇ'* ਦੇ ਮਾਸ ਨੂੰ
ਭੁਨਵਾਕੇ ਕਬਾਬ ਤਿਆਰ ਕਰਵਾਏ ਅਤੇ ਰਜ ਕੇ ਖਾਦੇ।

ਉਸ ਦੇ ਨੌਕਰ ਰਾਤ ਨੂੰ ੧੧ ਵਜੇ ਉਸ ਤੋਂ ਵਿਦਾ ਹੋ ਕੇ ਲਾਗੇ
ਹੇਠ ਵਸਦੇ ਪਿੰਡ ਵਿਚ, ਆਪੋ ਆਪਣੀ ਘਰੀਂ ਚਲੇ ਗਏ। ਅਗਲੀ
ਸਵੇਰ ਨੂੰ ਲੋਅ ਲਗਨ ਤੋਂ ਪਹਿਲਾ, ਜਦ ਇਹ ਨੌਕਰ ਮੁੜ ਆਪਣੇ
ਕੰਮ ਪਰ ਆਵੀਤਾਬੀਲ ਦੇ ਪਾਸ ਪੁਜੇ ਤਾਂ ਉਹ ਇਹ ਦੇਖਕੇ ਵਚਿੱਤਰ
ਰਹਿ ਗਏ ਕਿ ਇਸ ਸਮੇਂ ਉਹ ਉੱਚਾ ਉੱਚਾ ਵਿਲ ਵਿਲਾਕੇ, ਕੂਕ ਰਿਹਾ
ਸੀ, 'ਮੈਨੂੰ ਜ਼ਹਿਰ ਦਿਤੀ ਗਈ ਹੈ ਛੇਤੀ ਜਾ ਕੇ ਡਾਕਟਰ ਨੂੰ ਬੁਲਾ
ਲਿਆਓ।' ਪਰ ਇਸ ਤੋਂ ਪਹਿਲਾਂ ਕਿ ਡਾਕਟਰ ਇਸ ਦੀ ਸਾਰ ਲਈ
ਪਹੁੰਚਦਾ, ਆਵੀਤਾਬੀਲ ਦਾ ਅੰਤ ਹੋ ਗਿਆ। ਇਹ ਘਟਨਾ ੨੮
ਮਾਰਚ ਸੰਨ ੧੮੫੦ ਦੀ ਹੈ।

ਇਹ ਗੱਲ ਅੱਜ ਤਕ ਖੁਲ੍ਹੀ ਨਹੀਂ ਕਿ ਕੀ ਠੀਕ ਆਵੀਤਾਬੀਲ
ਨੂੰ ਵਿਸ਼ ਦਿਤੀ ਗਈ ਸੀ ਅਤੇ ਜੇ ਦਿਤੀ ਗਈ ਸੀ ਤਾਂ ਕਿੰਨ ਦਿਤੀ?

ਅਸਲ ਗੱਲ ਇਹ ਹੈ, ਉਹ ਮਾਇਆ, ਜੇਹੜੀ ਉਸ ਨੇ ਕਈ
ਅਜੋਗ ਢੰਗਾਂ ਨਾਲ ਇਕੱਠੀ ਕੀਤੀ ਸੀ ਅਤੇ ਸੈਂਕੜੇ ਉਨ੍ਹਾਂ ਵਿਦੇਸ਼ੇ
ਜੀਆਂ ਦੀਆਂ ਆਹਾਂ† ਜਿਨ੍ਹਾਂ ਨੂੰ ਇਸ ਨੇ ਫਾਸੀਆਂ ਪਰ ਲਟਕਾਇਆ

---

*ਦੁੰਬੇ ਦਾ ਛੋਟਾ ਬੱਚਾ।

†ਸਾਡਾ ਇਹ ਪੱਕਾ ਵਿਸ਼ਵਾਸ਼ ਹੈ ਕਿ ਆਵੀਤਾਬੀਲ ਨੇ ਜਿਨ੍ਹਾਂ ਜਿਨ੍ਹਾਂ ਨੂੰ
ਫਾਹੇ ਲਾਇਆ ਸੀ ਉਨ੍ਹਾਂ ਵਿਚੋਂ ਕਈ ਵਿਦੇਸ਼ੇ ਸਨ।

ਸੀ ਕਾਲ ਰੂਪ ਧਾਰ ਕੇ, ਆਵੀਤਾਬੀਲ ਦਾ ਅੰਤ ਕਰ ਗਈਆਂ ।

ਇਸ ਦੀਆਂ ਅੱਖਾਂ ਮੀਟਨ ਦੀ ਢਿਲ ਸੀ ਕਿ ਉਸ ਦੀ ਜਾਇਦਾਦ ਦੇ ਝਗੜੇ ਆਰੰਭ ਹੋ ਗਏ । ਉਹ ਲੱਖਾਂ ਰੁਪਿਆਂ ਦੀ ਪੂੰਜੀ ਕਿਸੇ ਸਬੰਧੀ ਦੇ ਕੰਮ ਆਣ ਦੀ ਥਾਂ ਮੁਕੱਦਮਾ-ਬਾਜ਼ੀ ਦੀ ਭੇਟ ਹੋ ਗਈ ।

ਇਹ ਹੈ ਉਸ ਜਰਨੈਲ ਦਾ ਭਿਆਨਕ ਅੰਤ, ਜਿਸ ਦੇ ਨਾਮ ਦੀ ਧਾਂਕ ਅਜੇ ਤਕ ਪਿਸ਼ਾਵਰ ਦੇ ਇਲਾਕੇ ਵਿਚ ਧੁੰਮੀ ਹੋਈ ਹੈ ।

ਆਵੀਤਾਬੀਲ ਦੀ ਮ੍ਰਿਤ ਦੇਹ ਸਾਧਾਰਨ ਢੰਗ ਨਾਲ ਅਗਰੋਲ ਦੇ ਕਬਰਸਤਾਨ ਵਿਚ ਚੁਪ ਚਾਪ ਦੱਬੀ ਗਈ । ਉਸ ਦੀ ਕਬਰ ਪਰ ਇਹ ਲਿਖਤ ਅੰਕਤ ਹੈ:-

ਲੈਫਟੰਟ ਜਨਰਲ ਪਾਲੋ. ਡੀ. ਆਵੀਤਾਬੀਲ ।

ਜਨਮ-੨੫ ਅਕਤੂਬਰ ੧੭੯੧ ।

ਮੌਤ-੨੮ ਮਾਰਚ ੧੮੫੦ ।

----o----

ਅਲਵਾਰੀਨ

ਨਾਮ	ਕੌਮੀਅਤ	ਸਮਾਂ	ਤਲਬ.
ਅਲਵਾਰੀਨ	ਇਟਾਲੀਅਨ	੧੮੪੧	੧੫੦

ਲਾਹੌਰ ਵਿਚ ਆਣਾ

ਅਲਵਾਰੀਨ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਲਾਹੌਰ ਆਇਆ। ਨੌਕਰ ਹੋਣ ਦੇ ਥੋੜਾ ਸਮੇਂ ਬਾਅਦ ਇਹ ਮਾਰਿਆ ਗਿਆ[1]।

---

[1]ਪੀਅਰਜ, ਗਾਰਡਨਰ, ਸਫ਼ਾ ੩੫੩ ; ਰੇਨੰਗ ਫੈਮਲੀ ਆਫ਼ ਲਾਹੌਰ , ਸਫਾ ੩੯ ।

ਬੈਟੀਕ

ਨਾਮ	ਕੌਮੀਅਤ	ਸਮਾਂ	ਤਲਬ
ਬੈਟੀਕ	ਇਟਾਲੀਆਨ	੧੮੪੩	੧੫੦

ਬਾਰੂਦ ਖਾਨੇ ਵਿਚ ਨੌਕਰੀ

ਬੈਟੀਕ ਨੇ ਖਾਲਸੇ ਦੇ ਬਾਰੂਦ ਖਾਨੇ ਵਿਚ ਕੁਝ ਸਮਾਂ ਨੌਕਰੀ ਕੀਤੀ । ਮਹਾਰਾਜਾ ਸ਼ੇਰ ਸਿੰਘ ਦੀ ਹੱਤਿਆ ਦੇ ਬਾਅਦ ਪੰਡਤ ਜੱਲੇ ਨਾਲ ਬੋਲ ਕੁਬੋਲ ਹੋਣ ਦੇ ਕਾਰਨ ਪੰਡਤ ਨੇ ਇਸ ਨੂੰ ਨੌਕਰੀ ਤੋਂ ਵਖ ਕਰ ਦਿਤਾ । ਕਿਹਾ ਜਾਂਦਾ ਹੈ ਕਿ ਉਹ ਅਜੇ ਲਾਹੌਰ ਵਿਚ ਹੀ ਸੀ ਕਿ ਫਾਲਜ ਦੀ ਬੀਮਾਰੀ ਨਾਲ ਮਰ ਗਿਆ ।

---o-----

ਬਿਆਨਸ਼ੀ

ਨਾਮ	ਕੌਮੀਅਤ	ਸਮਾਂ	ਤਲਬ
ਬਿਆਨਸ਼ੀ	ਇਟਾਲੀਅ	੧੮੩੫-੩੬	੫੦੦

ਇੰਜਨੀਅਰੀ ਦੇ ਕੰਮ ਪਰ ਸੀ

ਬਿਆਨਸ਼ੀ, ਜਨਰਲ ਵੈਨਤੂਰਾ ਨਾਲ ਇਟਲੀ ਤੋਂ ਆਇਆ ਸੀ। ਇਹ ਉਸਾਰੀ ਅਤੇ ਸੜਕਾਂ ਤਿਆਰ ਕਰਨ ਦਾ ਇੰਜਨੀਅਰ ਸੀ*। ਇਸ ਨੇ ਪੰਜਾਬ ਵਿਚ ਕਈ ਸੜਕਾਂ ਬਣਵਾਈਆਂ ਸਨ । ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਪਰੀਖਿਆ ਲੈਣ ਲਈ, ਪਹਿਲੀ ਸੜਕ ਜੋ ਇਸ ਤੋਂ ਬਣਵਾਈ ਉਹ ਵੈਨਤੂਰਾ ਦੇ ਘਰ ਤੋਂ ਲੈ ਕੇ ਕਿਲ੍ਹਾ ਲਾਹੌਰ

---

*ਖਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਇਸ ਨੂੰ ਆਬਾਦਕਾਰ ਲਿਖਿਆ ਹੈ ।

ਤਕ ਸੀ । ਇਸ ਸੜਕ ਦੇ ਦੋਵਾਂ ਕਿਨਾਰਿਆਂ ਵਲ ਭਾਂਤ ਭਾਂਤ ਦੇ ਫੁੱਲ ਅਤੇ ਘਾਹ ਲਾਇਆ ਗਿਆ ਸੀ ।

ਲਾਹੌਰ ਦੀ ਠੰਡੀ ਸੜਕ*

ਲਾਹੌਰ ਦੀਆਂ ਸਾਰੀਆਂ ਸੜਕਾਂ ਵਿਚੋਂ ਇਹ ਸੜਕ ਚੌੜੀ ਅਤੇ ਰਮਣੀਕ ਸੀ, ਇਸ ਦੇ ਨਮੂਨੇ ਪਰ ਹੋਰ ਕਈ ਸੜਕਾਂ ਦੀ ਤਿਆਰੀ ਦਾ ਸ਼ੇਰਿ ਪੰਜਾਬ ਨੇ ਬਿਆਨਸ਼ੀ ਨੂੰ ਹੁਕਮ ਦਿਤਾ ।


ਮਹਾਰਾਜਾ ਸਾਹਿਬ ਉਸ ਦੇ ਕੰਮ ਪਰ ਬੜੇ ਪ੍ਰਸੰਨ ਸਨ ਪਰ ਕਰਨਾ ਕੁਦਰਤ ਦਾ ਇਹ ਹੋਇਆ ਕਿ ਅਗਲੇ ਸਾਲ (੧੮੩੬) ਵਿਚ ਉਹ ਮੌਸਮੀ ਤਾਪ (ਮਲੇਰੀਏ) ਨਾਲ ਬੀਮਾਰ ਹੋ ਗਿਆ । ਇਸ ਬੀਮਾਰੀ ਨਾਲ ਉਹ ਇੱਨਾਂ ਕਮਜ਼ੋਰ ਹੋ ਗਿਆ ਸੀ ਕਿ ਲਾਚਾਰੀ ਇਸਨੂੰ ਨੌਕਰੀ ਛੱਡ ਕੇ ਇਟਲੀ ਪਰਤ ਜਾਣਾ ਪਿਆ । ਮਹਾਰਾਜਾ ਸਾਹਿਬ ਨੂੰ ਇਸ ਇਟਾਲੀਅਨ ਦੇ ਕੰਮ ਪਰ ਬੜੀਆਂ ਆਸਾਂ ਸਨ ਪਰ ਉਹ ਸਾਰੀਆਂ ਅਧਵਾਟੇ ਹੀ ਰਹਿ ਗਈਆਂ । ਬਿਆਨਸ਼ੀ ਵਾਪਸ ਇਟਲੀ ਜਾਂਦਾ ਹੋਇਆ ਜਹਾਜ਼ ਵਿਚ ਹੀ ਮਰ ਗਿਆ ।

—:—o—:—

*'ਠੰਡੀ ਸੜਕ' ਦਾ ਸ਼ਬਦ ਰਮਣੀਕ ਸੜਕ ਲਈ, ਖਾਲਸਾ ਰਾਜ ਸਮੇਂ ਪਰਚੱਲਤ ਹੋਇਆ ਜੋ ਅੱਜ ਤੀਕ ਇਸੇ ਅਰਥ ਲਈ ਵਰਤਿਆ ਜਾਂਦਾ ਹੈ ।



ਕਰਨਲ ਐਲਾਰਡ


ਜਰਨੈਲ ਵੈਨਤੂਰਾ
ਜਰਨੈਲ ਐਲਾਰਡ
ਖਾਲਸਾ ਰਾਜ
ਦੇ
ਬਦੇਸ਼ੀ
ਕਾਰਿੰਦੇ
ਜਰਨੈਲ ਅਵੀਤਾਬੀਨ
ਜਰਨੈਲ ਕੋਰਟ
ਬਾਬਾ ਪ੍ਰੇਮ ਸਿੰਘ
ਹੋਤੀ
ਜਰਨੈਲ ਗਾਰਡਨਰ
ਜਰਨੈਲ ਫੋਲਕਸ
ਜਰਨੈਲ ਅਰਗੋਂਡ

ਫ਼ਰਾਂਸੀਸੀ ਕਾਰਿੰਦੇ

ਐਲਾਰਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਐਲਾਰਡ	ਫ਼ਰਾਂਸੀਸੀ	ਮਾਰਚ ੧੮੨੨-੩੯	੩੫੦੦

ਜਨਮ

ਐਲਾਰਡ ਦਾ ਜਨਮ ੮ ਮਾਰਚ ਸੰਨ ੧੭੮੫ ਨੂੰ ਫ਼ਰਾਂਸ ਦੇ ਇਕ ਨਿਕੇ ਜਿਹੇ ਪਿੰਡ, ਸੈਂਟ ਟ੍ਰੋਪੇਜ਼, St Tropez, ਵਿਚ ਹੋਇਆ। ਜੀਵਨ ਦੇ ਅਠਾਰਵੇਂ ਸਾਲ ਵਿਚ ਪੈਰ ਧਰਦਿਆਂ ਹੀ ਅਰਥਾਤ ਸੰਨ ੧੮੦੩ ਵਿਚ ਉਹ ਫ਼ਰਾਂਸ ਦੀ ਪ੍ਰਸਿੱਧ ਰਜਮਟ ੨੩ ਡਰੈਗੂਨਜ਼ ਵਿਚ ਭਰਤੀ ਹੋ ਗਿਆ।

ਸੰਨ ੧੮੦੭ ਵਿਚ ਐਲਾਰਡ ਨੂੰ ਸ਼ਾਹੀ ਗਾਰਡ ਵਿਚ ਕੁਆਟਰ ਮਾਸਟਰ ਦੇ ਅਹੁਦੇ ਪਰ ਬਦਲ ਦਿਤਾ ਗਿਆ। ਇਸ ਦੇ ਉਪਰੰਤ ਸੰਨ ੧੮੦੯ ਵਿਚ ਉਸ ਨੂੰ ਲਫਟੀਨੰਟ ਦੀ ਪਦਵੀ ਪਰ ਤਰੱਕੀ ਦਿਤੀ ਗਈ।

ਆਪਣੀ ਉਪਰੋਕਤ ਰਜਮਟ ਨਾਲ ਐਲਾਰਡ ਨੂੰ ਫ੍ਰਾਂਸ ਦੀਆਂ ਕਈ ਲੜਾਈਆਂ ਵਿਚ ਜਾਣ ਦਾ ਸਮਾਂ ਮਿਲਿਆ। ਸੰਨ ੧੮੧੩ ਵਿਚ ਉਹ ਕਪਤਾਨ ਦੇ ਅਹੁਦੇ ਪਰ ਪਹੁੰਚ ਗਿਆ।

ਵਾਟਰਲੂ ਦੀ ਸੰਨ ੧੮੧੪ ਦੀ ਜਗਤ ਪ੍ਰਸਿੱਧ ਲੜਾਈ ਦੇ ਬਾਅਦ ਜਦ ਐਲਾਰਡ ਦਾ ਫ਼ੌਜ ਵਿਚ ਕੋਈ ਵਸੀਲਾ ਨਾ ਰਿਹਾ ਅਤੇ

ਅਗੇ ਨੂੰ ਤਰੱਕੀ ਦੀ ਵੀ ਕੋਈ ਆਸ ਬਾਕੀ ਨਾ ਰਹੀ ਤਦ ਉਸ ਨੇ ਫ਼ੈਸਲਾ ਕਰ ਲਿਆ ਕਿ ਬਾਕੀ ਦਾ ਜੀਵਨ ਫ਼੍ਰਾਂਸ ਵਿਚ ਗੁਜ਼ਾਰਨ ਦੀ ਥਾਏਂ ਅਮਰੀਕਾ ਵਿਚ ਜਾ ਕੇ ਆਪਣੇ ਭਾਗਾਂ ਦੀ ਪਰੀਖਿਆ ਕਰੇਂ ।

ਅਮਰੀਕਾ ਦੀ ਥਾਂ ਈਰਾਨ ਪਹੁੰਚਣਾ

ਐਲਾਰਡ ਨਵੀਂ ਦੁਨੀਆਂ ਵਲ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ, ਕਿ ਸੰਜੋਗ ਨਾਲ ਉਨ੍ਹਾਂ ਦਿਨਾਂ ਵਿਚ ਹੀ ਉਸ ਨੂੰ ਵੈਨਤੂਰਾ ਮਿਲ ਪਿਆ । ਉਸ ਨਾਲ ਵਿਚਾਰਾਂ ਦੇ ਵਟਾਂਦਰੇ ਦੇ ਉਪਰੰਤ ਵੈਨਤੂਰਾ ਨੇ ਐਲਾਰਡ ਨੂੰ ਇਸ ਗੱਲ ਵਿਚ ਆਪਣੇ ਨਾਲ ਸਹਿਮਤ ਕਰ ਲਿਆ ਕਿ ਕਿਧਰੇ ਹੋਰਥੇ ਜਾਣ ਨਾਲੋਂ ਈਰਾਨ ਵਿਚ ਚੰਗੀ ਫ਼ੌਜੀ ਨੌਕਰੀ ਦੇ ਮਿਲ ਜਾਣ ਦੀ ਸੰਭਾਵਨਾ ਹੋ ਸਕਦੀ ਹੈ ।

ਇਸ ਆਸ ਨੂੰ ਮਨ ਵਿਚ ਰਖ ਕੇ, ਇਹ ਦੋਵੇਂ ਫ਼ਰਾਂਸ ਤੋਂ ਚਲ ਕੇ ਈਰਾਨ ਜਾ ਪਹੁੰਚੇ । ਇਥੇ ਸ਼ਾਹਜ਼ਾਦਾ ਅਬਾਸ ਮਿਰਜ਼ਾ, ਵਾਲੀਏ ਈਰਾਨ,* ਦੀ ਨਵੀਂ ਭਰਤੀ ਹੋ ਰਹੀ ਫ਼ੌਜ ਵਿਚ ਨੌਕਰ ਹੋ ਗਏ ।

---

*ਅਬਾਸ ਮਿਰਜ਼ਾ, ਫਤਹ ਅਲੀ ਸ਼ਾਹ, ਵਾਲੀਏ ਈਰਾਨ ਦਾ ਪੁਤ੍ਰ ਸੀ । ਇਸ ਤੋਂ ਛੁਟ ਫਤਹ ਅਲੀ ਸ਼ਾਹ ਦੇ ਹੋਰ ਵੀ ਕਈ ਪੁਤ੍ਰ ਸਨ । ਇਨ੍ਹਾਂ ਵਿਚੋਂ ਉਸ ਨੇ ਆਪਣੇ ਵੱਡੇ ਪੁਤ੍ਰ ਮੁਹੰਮਦ ਅਲੀ ਮਿਰਜ਼ਾ ਨੂੰ ਵਾਂਜ ਛਡ ਕੇ, ਨਿਕੇ ਪੁੱਤ੍ਰ ਅਬਾਸ ਮਿਰਜ਼ਾ, ਨੂੰ ਈਰਾਨ ਦੇ ਰਾਜਾ ਦਾ ਹੱਕਦਾਰ ਥਾਪਿਆ । ਪਿਤਾ ਦੇ ਇਸ ਫ਼ੈਸਲੇ ਨੂੰ ਮੁਹੰਮਦ ਅਲੀ ਮਿਰਜ਼ਾ ਨੇ ਪਰਤੱਖ ਆਪਣੀ ਹੱਕ-ਖੋਈ ਸਮਝਿਆ । ਆਪਣੇ ਹੱਕ ਦੀ ਪ੍ਰਾਪਤੀ ਲਈ ਉਸਨੇ ਫ਼ੌਜੀ ਤਾਕਤ ਦਾ ਇਕੱਠਾ ਕਰਨਾ ਆਰੰਭ ਦਿਤਾ, ਇਸ ਮੰਤਵ ਨੂੰ ਪੂਰਾ ਕਰਨ ਲਈ ਉਸ ਨੇ ਨਵੀਂ ਫ਼ੌਜ ਭਰਤੀ ਕਰਕੇ ਆਪਣੀ ਸ਼ਕਤੀ ਨੂੰ ਬਹੁਤ ਵਧਾ ਲਿਆ।

ਉਧਰ ਨਿਕੇ ਭਾਈ ਅਬਾਸ ਅਲੀ ਨੇ ਵੀ ਆਪਣੀ ਰਖਿਆ ਲਈ ਕਵਾਦਿਦਾਨ ਫ਼ੌਜ, ਦੀ ਤਿਆਰੀ ਦਾ ਫ਼ੈਸਲਾ ਕਰ ਲਿਆ । ਇਹ ਉਹੀ ਅਬਾਸ ਮਿਰਜ਼ਾ, ਹੈ ਜਿਸ ਨੇ ਫਰਵਰੀ ੧੮੩੩ ਵਿਚ ਮੋਹਨ ਲਾਲ, ਪ੍ਰਸਿਧ ਸੈਲਾਨੀ ਤੋਂ ਮਸ਼ਦ (ਈਰਾਨ) ਵਿਚ ਮਹਾਰਾਜ ਰਣਜੀਤ ਸਿੰਘ ਦੀ ਖਾਲਸਾ ਫ਼ੌਜ ਦੀ ਸ਼ਕਤੀ ਬਾਰੇ ਪੁਛ ਕੀਤੀ ਸੀ, ਜਿਸ ਦਾ ਉਤਰ ਮੋਹਨ ਲਾਲ ਨੇ ਆਪਣੇ ਸਫ਼ਰਨਾਮੇ ਵਿਚ ਇਸ ਤਰ੍ਹਾਂ ਲਿਖਿਆ ☞

ਮਾਲੂਮ ਹੁੰਦਾ ਹੈ ਕਿ ਨੌਕਰੀ ਤਾਂ ਭਾਵੇਂ ਐਲਾਰਡ ਤੇ ਵੈਨਤੂਰਾ ਨੂੰ ਈਰਾਨ ਵਿਚ ਮਿਲ ਗਈ ਸੀ, ਪਰ ਜੇਹੜੀਆਂ ਆਸਾਂ ਇਹ ਮਨ ਵਿਚ ਧਾਰ ਕੇ ਘਰੋਂ ਨਿਕਲ ਕੇ ਬਿਦੇਸ਼ ਵਿਚ ਆਏ ਸਨ, ਉਸ ਦੇ ਪੂਰੇ ਹੋਣ ਦੀ ਇਥੇ ਕੋਈ ਸੰਭਾਵਨਾ ਨਾ ਦਸੀ ।

ਯਹੂਦੀ ਸੌਦਾਗਰ ਦਾ ਮੇਲ

ਐਲਾਰਡ ਤੇ ਵੈਨਤੂਰਾ ਜਦ ਈਰਾਨ ਵਿਚ ਸਨ, ਤਾਂ ਸੰਜੋਗ ਨਾਲ ਉਹਨਾਂ ਨੂੰ ਇਕ ਦਿਨ ਇਕ ਯਹੂਦੀ ਸੌਦਾਗਰ ਮਿਲਿਆ ਜੇਹੜਾ ਨਵਾਂ ਨਵਾਂ ਖਾਲਸੇ ਦੀ ਰਾਜਧਾਨੀ, ਲਾਹੌਰ ਤੋਂ ਇਥੇ ਆਇਆ ਸੀ । ਉਸ ਨੇ ਇਹਨਾਂ ਨੂੰ ਦੱਸਿਆ ਕਿ 'ਸ਼ੇਰਿ ਪੰਜਾਬ; ਮਹਾਰਾਜਾ ਰਣਜੀਤ ਸਿੰਘ, ਕਿੰਨੇ ਦਰਿਆ-ਦਿਲ ਹਨ । ਖਾਲਸਾ ਸਲਤਨਤ ਕਿੰਨੀ ਸ਼ਾਨਦਾਰ ਹੈ । ਖਾਲਸਾ ਫ਼ੌਜ ਦੇ ਸਰਦਾਰਾਂ ਦਾ ਸ਼ਹਾਨਾ ਜੀਵਨ, ਸਰਕਾਰ ਦੇ ਗੁਣੀਆਂ ਪਰ ਬਖਸ਼ਸ਼ਾਂ ਦੇ ਮੀਂਹ ਵਸਾਉਣੇ । ਪੰਜਾਬ ਦਾ ਸੁਹਾਵਣਾ ਦੇਸ, ਇਸ ਦੀ ਮਨ-ਮੋਹਣੀ ਪਉਣ ਤੇ ਪਾਣੀ, ਫਲਾਂ ਤੇ ਫੁਲਾਂ ਨਾਲ ਲੱਦੇ ਹੋਏ ਬਾਗ । ਅਨਾਜ ਨਾਲ ਲਹਿ ਲਹਾਂਵਦੇ, ਭਰਪੂਰ ਖੇਤ । ਉਥੋਂ ਦੇ ਵਸਨੀਕਾਂ ਦੇ ਜੀਵਨ ਦੇ ਹਾਲ ਜੇਹੜੇ ਇਸ ਯਹੂਦੀ ਨੇ ਪੰਜਾਬ ਵਿਚ ਰਹਿਕੇ ਆਪਣੀ ਅੱਖੀਂ ਡਿੱਠੇ ਸਨ; ਉਹ ਸਭ ਗਿਣ ਗਿਣ ਕੇ ਇਹਨਾਂ ਨੂੰ ਸੁਣਾਏ।

ਹੈ ਕਿ ਮੈਂ ਸ਼ਾਹ ਨੂੰ ਦਸਿਆ ਕਿ ਜੇ ਕਦੇ ਸ਼ੇਰਿ ਪੰਜਾਬ ਦਾ ਇਕੋ ਜਰਨੈਲ ਸਰਦਾਰ ਹਰੀ ਸਿੰਘ ਨਲੂਆ, ਖਾਲਸਾ ਫ਼ੌਜ ਨਾਲ ਦਰਿਆ ਅਟਕ ਤੋਂ ਇਸ ਪਾਰ ਉਤਰਕੇ ਇਧਰ ਦਾ ਰੁਖ ਕਰੇ ਤਾਂ ਹਜ਼ੂਰ ਲਈ ਭਲਾਈ ਇਸੇ ਵਿਚ ਹੋਵੇਗੀ ਕਿ ਆਪ ਆਪਣੀ ਸਲਾਮਤੀ ਲਈ, ਮਸ਼ੁਦ ਖਾਲਸਾ ਫ਼ੌਜ ਲਈ ਖਾਲੀ ਕਰ ਦੇਵੋ । ਮੋਹਨ ਲਾਲ ਲਿਖਦਾ ਹੈ ਕਿ ਮੇਰੇ ਮੂੰਹ ਤੋਂ ਇਹ ਸੁਣਕੇ ਮਿਰਜਾ ਨੇ ਵਡੀ ਹੈਰਾਨਗੀ ਪ੍ਰਗਟ ਕੀਤੀ ਅਤੇ ਆਖਿਆ ਕਿ ਖੁਦਾ ਨੇ ਕਾਫ਼ਰ ਨੂੰ ਇੰਨੀ ਬਹਾਦਰ ਫ਼ੌਜ ਬਖਸ਼ੀ ਹੈ ।

(ਮੋਹਨ ਲਾਲਜ਼ ਟ੍ਰੈਵਲਜ਼, ਸਫ਼ਾ ੧੫)

ਰੂਸ ਦੇ ਸਫੀਰ ਨਾਲ ਮਿਲਣੀ

ਉਪਰੋਕਤ ਯਹੂਦੀ ਤੋਂ ਸੁਣੇ ਸਮਾਚਾਰ ਐਲਾਰਡ ਤੇ ਵੈਨਤੂਰਾ ਦੇ ਦਿਲਾਂ ਵਿਚ ਅਜੇ ਸੱਜਰੇ ਸਨ ਕਿ ਇਨ੍ਹਾਂ ਦਿਨਾਂ ਵਿਚ ਇਹਨਾਂ ਨੂੰ ਰੂਸ ਦਾ ਸਫੀਰ, ਐਮ. ਮਿਜ਼ਾਰਵਿਥ, ਮਿਲਿਆ ਅਤੇ ਖਾਲਸਾ ਰਾਜ ਦੀ ਵਿਸ਼ਾਲਤਾ ਬਾਰੇ ਜੋ ਕੁਝ ਕਮੀ ਉਸ ਯਹੂਦੀ ਤੋਂ ਬਾਕੀ ਰਹਿ ਗਈ ਸੀ ਤਾਂ ਉਹ ਕਸਰ ਇਸ ਰੂਸੀ ਨੇ ਪੂਰੀ ਕਰ ਦਿੱਤੀ । ਅਰਥਾਤ ਉਸ ਨੇ ਇਹਨਾਂ ਨੂੰ ਦੱਸਿਆ ਕਿ ਇਸ ਤਰ੍ਹਾਂ ਦਾ ਉਦਾਰਚਿਤ ਮਾਲਕ ਸੰਸਾਰ ਪਰ ਕੋਈ ਵਿਰਲਾ ਹੀ ਮਿਲੇਗਾ । ਤੁਸੀਂ ਪੰਜਾਬ ਜਾਓ ਉਥੇ ਆਪ ਨੂੰ ਮੂੰਹ ਮੰਗੀ ਤਲਬ ਅਤੇ ਯੋਗਤਾ ਅਨੁਸਾਰ ਅਹੁਦੇ ਮਿਲਨਗੇ । ਇਸਨੇ ਇਹਨਾਂ ਦੋਵਾਂ ਨੂੰ ਪੰਜਾਬ ਵੱਲ ਭੇਜਣ ਦੀ ਪੂਰੀ ਪੂਰੀ ਪ੍ਰੇਰਨਾ ਦਿੱਤੀ ।*

ਬੱਸ ਹੁਣ ਐਲਾਰਡ ਤੇ ਵੈਨਤੂਰਾ ਨੇ ਪੱਕਾ ਫੈਸਲਾ ਕਰ ਲਿਆ ਕਿ ਛੇਤੀ ਤੋਂ ਛੇਤੀ ਈਰਾਨ ਵਿਚੋਂ ਛੁਟਕਾਰਾ ਪਾ ਕੇ ਸਿਧਾ ਮਹਾਰਾਜ ਰਣਜੀਤ ਸਿੰਘ ਦੇ ਦਰਬਾਰ ਵਿਚ ਪਹੁੰਚਣਾ ਚਾਹੀਦਾ ਹੈ । ਸੋ ਇਸ ਫੈਸਲੇ ਅਨੁਸਾਰ ਥੋਹੜੇ ਦਿਨਾਂ ਦੇ ਅੰਦਰ ਅੰਦਰ ਸਫਰ ਦੀਆਂ ਸਾਰੀਆਂ ਤਿਆਰੀਆਂ ਹੋ ਗਈਆਂ । ਹੁਣ ਇਹ ਦੋਵੇਂ ਈਰਾਨ ਤੋਂ ਪੰਜਾਬ ਦੇ ਲੰਮੜੇ ਰਾਹ ਪੈ ਗਏ ।

ਖਾਲਸੇ ਦੀ ਰਾਜਧਾਨੀ ਵਿਚ

ਲਾਹੌਰ ਪਹੁੰਚਣ ਤੱਕ ਜੋ ਜੋ ਕਠਨਤਾਈਆਂ ਤੇ ਔਕੜਾਂ ਇਹਨਾਂ

*ਕਈ ਲੇਖਕਾਂ ਦਾ ਖਿਆਲ ਹੈ ਕਿ ਇਸ ਰੂਸੀ ਸਫੀਰ ਨੇ ਹੀ ਉਪਰੋਕਤ ਯਹੂਦੀ ਸੌਦਾਗਰ ਨੂੰ ਐਲਾਰਡ ਤੇ ਵੈਨਤੂਰਾ ਕੋਲ ਭੇਜਿਆ ਸੀ ਤਾਕਿ ਉਹ ਉਹਨਾਂ ਨੂੰ ਪ੍ਰੇਰਨਾ ਦੇਵੇ ਕਿ ਉਹ ਪੰਜਾਬ ਜਾਕੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੂੰ ਕਵਾਇਦਦਾਨ ਤਿਆਰ ਕਰਨ । ਉਹ ਆਪਣੇ ਇਸੇ ਭਾਵ ਨੂੰ ਦ੍ਰਿਸ਼ਟੀ ਗੋਚਰਾ ਰੱਖ ਕੇ ਇਨ੍ਹਾਂ ਨੂੰ ਮਿਲਿਆ ਸੀ । ਇਸ ਵਿਚ ਉਸ ਨੂੰ ਕਿਸੇ ਪੁਲੀਟੀਕਲ ਮਨੋਰਥ ਦੀ ਪੂਰਤੀ ਦੀ ਆਸ ਸੀ । ਅਰਥਾਤ ਰੂਸੀ ਸਫੀਰ ਦਾ ਖਿਆਲ ਸੀ ਕਿ ਸਮਾਂ ਮਿਲਣ ਪਰ ਉਹ ਇਨ੍ਹਾਂ ਯੂਰਪੀਨਾਂ ਦੀ ਰਾਹੀਂ ਅੰਗ੍ਰੇਜ਼ਾਂ ਅਤੇ ਖਾਲਸੇ ਦੇ ਮਿਤ੍ਰਤਾ ਦੇ ਸਬੰਧ ਨੂੰ ਤੁੜਾ ਕੇ ਖਾਲਸੇ ਦਾ ਰੂਸ ਨਾਲ ਮਿਲਾਪ ਕਰਾਣ ਵਿਚ ਸਫਲ ਹੋ ਜਾਏਗਾ।

ਦੇ ਸਾਹਮਣੇ ਰਾਹ ਵਿਚ ਆਈਆਂ ਉਹ ਪਾਠਕ ਵੈਨਤੂਰਾ ਦੇ ਹਾਲ ਵਿਚ ਪਿਛੇ ਪੜ੍ਹ ਆਏ ਹਨ । ਇਥੇ ਮੁੜ ਦੁਹਰਾਣ ਦੀ ਲੋੜ ਨਹੀਂ ।

੧੧ ਮਾਰਚ ਸੰਨ ੧੮੨੨ ਦੀ ਸਵੇਰ ਨੂੰ ਖ਼ਬਰਨਵੀਸ ਵਲੋਂ ਸ਼ੇਰਿ ਪੰਜਾਬ ਨੂੰ ਰਪੋਟ ਪਹੁੰਚੀ ਕਿ ਕੱਲ ਸ਼ਾਮ ਦੋ ਯਾਤਰੂ ਸ਼ਾਹਦਰੇ ਦੀ ਸਰਾਂ ਵਿਚ ਪਹੁੰਚੇ ਹਨ । ਇਹਨਾਂ ਦੇ ਕੱਪੜੇ ਤਾਂ ਈਰਾਨੀਆਂ ਵਰਗੇ ਹਨ, ਪਰ ਰੰਗ-ਰੂਪ ਤੋਂ ਫ਼ਿਰੰਗੀ ਪਰਤੀਤ ਹੁੰਦੇ ਹਨ ।

ਸ਼ੇਰਿ ਪੰਜਾਬ ਨੇ ਉਸ ਵਕਤ ਮੁਨਸ਼ੀ ਸੋਹਨ ਲਾਲ ਨੂੰ ਸ਼ਾਹਦਰੇ ਜਾਣ ਦਾ ਹੁਕਮ ਦਿੱਤਾ ਕਿ ਉਹ ਜਾ ਕੇ ਉਹਨਾਂ ਬਦੇਸ਼ੀਆਂ ਬਾਰੇ ਪੂਰੀ ਪੂਰੀ ਪੁਛ-ਗਿਛ ਕਰਕੇ ਸਰਕਾਰ ਨੂੰ ਦੱਸੇ ਕਿ ਉਹ ਕੌਣ ਹਨ, ਕਿੱਥੋਂ ਆਏ ਹਨ, ਕਿੱਥੇ ਜਾ ਰਹੇ ਹਨ ਅਤੇ ਉਹਨਾਂ ਦੀ ਕੌਮੀਅਤ ਕੀ ਹੈ ?

ਸੋਹਨ ਲਾਲ ਉਸੇ ਘੜੀ ਸ਼ਾਹਦਰੇ ਗਿਆ ਅਤੇ ਇਹਨਾਂ ਦੋਵਾਂ ਬਦੇਸ਼ੀਆਂ ਨੂੰ ਮਿਲਿਆ । ਫਿਰ ਇਹਨਾਂ ਦੋਵਾਂ ਤੋਂ ਮਹਾਰਾਜਾ ਸਾਹਿਬ ਦੀਆਂ ਉਪਰੋਕਤ ਪੁੱਛਾਂ ਬਦਲੇ ਪੂਰੀ ਵਾਕਫ਼ੀ ਪ੍ਰਾਪਤ ਕਰਕੇ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਅਤੇ ਸਾਰੇ ਸਮਾਚਾਰ ਸਰਕਾਰ ਨੂੰ ਖੋਹਲ ਕੇ ਦੱਸੇ ਕਿ ਉਹ ਦੋਵੇਂ ਮੁਸਾਫ਼ਰ ਕੁਝ ਕੁਝ ਫਾਰਸੀ ਭਾਸ਼ਾ ਬੋਲਦੇ ਹਨ, ਪਰ ਇਹਨਾਂ ਦੀ ਮਾਤਰੀ ਬੋਲੀ ਫ਼ਰਾਂਸੀਸੀ ਹੈ । ਉਹ ਈਰਾਨ ਤੋਂ ਹਿਰਾਤ, ਕੰਧਾਰ, ਕਾਬਲ ਤੇ ਪਿਸ਼ਾਵਰ ਦੇ ਰਾਹੀਂ ਇੱਥੇ ਪਹੁੰਚੇ ਹਨ । ਉਹ ਇਹ ਵੀ ਦੱਸਦੇ ਹਨ ਕਿ ਉਹ ਮਹਾਰਾਜਾ ਸਾਹਿਬ ਦੀ ਸ਼ੋਭਾ ਸੁਣ ਕੇ ਖਾਲਸਾ ਫ਼ੌਜ ਵਿਚ ਨੌਕਰੀ ਕਰਨ ਲਈ ਇਥੇ ਆਏ ਹਨ। ਉਹ ਆਪਣੇ ਆਪ ਨੂੰ ਫ਼ਰਾਂਸੀਸੀ ਦੱਸਦੇ ਹਨ । ਇਹਨਾਂ ਵਿਚੋਂ ਇਕ ਦਾ ਨਾਮ 'ਅਲੂਰ' (ਐਲਾਰਡ) ਅਤੇ ਦੂਜੇ ਦਾ 'ਵਰਤੇਰਸ' (ਵੈਨਤੂਰਾ) ਹੈ* ।

---

*ਲੁਧਿਆਣਾ ਏਜੰਸੀ ਰੀਕਾਰਡ ਜਿਲਦ ੫, ਸਫਾ ੨੪ ।

ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ

ਮੁਨਸ਼ੀ ਸੋਹਨ ਲਾਲ ਦੀ ਰਪੋਟ ਸੁਣਨ ਦੇ ਬਾਅਦ, ਸ਼ੇਰਿ ਪੰਜਾਬ ਨੇ ਮੁਨਸ਼ੀ ਸੌਧਾ ਰਾਮ ਨੂੰ ਹੁਕਮ ਦਿੱਤਾ ਕਿ ਉਹ ਆਪ ਜਾ ਕੇ ਉਹਨਾਂ ਦੋਵਾਂ ਸੈਲਾਨੀਆਂ ਨੂੰ ਦਰਬਾਰ ਵਿਚ ਹਾਜ਼ਰ ਕਰੇ ।

ਸੌਧਾ ਰਾਮ ਸ਼ਾਹਦਰੇ ਗਿਆ ਅਤੇ ਉਹਨਾਂ ਦੋਵਾਂ ਬਦੇਸ਼ੀਆਂ ਨੂੰ ਆਪਣੇ ਨਾਲ ਲੈ ਆਂਦਾ ਤੇ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਕਰ ਦਿੱਤਾ ।

ਇਸ ਦੇ ਉਪਰੰਤ ਇਹਨਾਂ ਦੇ ਜਿਸ ਤਰ੍ਹਾਂ ਪਰਤਾਵੇ ਹੋਏ ਤਲਬ ਆਦਿ ਦਾ ਫ਼ੈਸਲਾ ਹੋਇਆ ਇਹ ਵਿਥਿਆ ਪਾਠਕ ਵੈਨਤੂਰਾ ਦੇ ਜੀਵਨ ਵਿਚ ਪਿਛੇ ਪੜ੍ਹ ਆਏ ਹਨ ।

ਐਲਾਰਡ ਨੂੰ ਰਿਸਾਲਾ ਫ਼ੌਜ ਦੀ ਸਿਖਲਾਈ ਦਾ ਕੰਮ ਸੌਂਪਿਆ ਗਿਆ । ਉਹ ਪੂਰੀ ਤਨ-ਦੇਹੀ ਨਾਲ ਆਪਣੇ ਕੰਮ ਵਿਚ ਜੁਟ ਪਿਆ। ਜਿਸ ਵਿਚ ਉਸ ਨੂੰ ਕਾਫੀ ਸਫਲਤਾ ਪ੍ਰਾਪਤ ਹੋਈ ।

ਐਲਾਰਡ ਦੇ ਸਮਾਚਾਰ ਕੁਝ ਸਮੇਂ ਤਕ ਖਾਲਸਾ ਦਰਬਾਰ ਦੇ ਕਾਗ਼ਜ਼ਾਂ ਵਿਚ ਬਹੁਤ ਘੱਟ ਮਿਲਦੇ ਹਨ । ਮਾਰਚ ਸੰਨ ੧੮੩੧ ਵਿਚ ਫ਼ਰਾਂਸ ਦਾ ਪ੍ਰਸਿੱਧ ਸੈਲਾਨੀ ਜੈਕੋਮੋਂਟ, ਪੰਜਾਬ ਆਇਆ । ਉਹ ਆਪਣੀਆਂ ਚਿੱਠੀਆਂ ਵਿਚ ਜੇਹੜੀਆਂ ਉਸ ਨੇ ਲਾਹੌਰ ਤੋਂ ਫ਼ਰਾਂਸ ਭੇਜੀਆਂ, ਉਹਨਾਂ ਵਿਚ ਉਹ ਐਲਾਰਡ ਤੇ ਵੈਨਤੂਰਾ ਬਾਰੇ ਲਿਖਦਾ ਹੈ: 'ਮਹਾਰਾਜਾ ਰਣਜੀਤ ਸਿੰਘ ਇਹਨਾਂ ਨੂੰ ਬੜੀ ਇੱਜ਼ਤ ਨਾਲ ਰੱਖਦਾ ਹੈ । ਇਹਨਾਂ ਪਰ ਮਾਇਆ ਦੀ ਬਰਖਾ ਕਰਕੇ ਇਹਨਾਂ ਨੂੰ ਨਿਹਾਲ ਕਰ ਰਿਹਾ ਹੈ'†।

ਇਸ ਦੇ ਉਪਰੰਤ ਸੱਯਦ ਮੁਹੰਮਦ ਲਤੀਫ ਆਪਣੀ ਲਿਖਤ

---

†ਜੈਕੋਮੋਂਟਜ਼ ਲੈਟਰਜ਼, ਫਰਾਮ ਇੰਡੀਆ ਜਿ: ੨, ਸਫਾ ੬੪ ।

'ਹਿਸਟਰੀ ਆਫ਼ ਦੀ ਪੰਜਾਬ' ਵਿਚ ਸ਼ੇਰਿ ਪੰਜਾਬ ਅਤੇ ਲਾਰਡ ਬੈਂਟਕ ਦੀ ਸੰਨ ੧੮੩੧ ਦੀ, ਰੋਪੜ ਵਾਲੀ ਮਿਲਣੀ ਸਮੇਂ ਐਲਾਰਡ ਦੇ ਸਿਖਲਾਏ ਖਾਲਸਾ ਰਿਸਾਲਿਆਂ ਦਾ ਹਾਲ ਲਿਖਦਾ ਹੈ।

ਇਸ ਮੌਕੇ ਪਰ ਸਰਦਾਰ ਹਰੀ ਸਿੰਘ ਨਲੂਏ, ਸਰਦਾਰ ਗੁਲਾਬ ਸਿੰਘ, ਜਰਨੈਲ ਇਲਾਹੀ ਬਖ਼ਸ਼, ਜਰਨੈਲ ਐਲਾਰਡ ਅਤੇ ਵੈਨਤੂਰਾ ਨੇ ਆਪੋ ਆਪਣੇ ਫ਼ੌਜੀ ਕਰਤਬ ਐਸੇ ਕਮਾਲ ਦੇ ਦੱਸੇ ਸਨ ਕਿ ਇਨ੍ਹਾਂ ਦੇਖਣ ਵਾਲਿਆਂ ਨੂੰ ਅਚੰਬੇ ਵਿਚ ਪਾ ਦਿੱਤਾ ਸੀ* !

ਇਸੀ ਸਮੇਂ ਕਰਨਲ ਸਕਿਨਰ ਨੇ ਐਲਾਰਡ ਨੂੰ ਦੇਖ ਕੇ ਲਿਖਿਆ ਸੀ ਕਿ ਐਲਾਰਡ ਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਉਸ ਦੀ ਸਿਖਲਾਈ ਹੋਈ ਖਾਲਸਾ ਫ਼ੌਜ, ਕੰਪਨੀ ਦੀ ਫ਼ੌਜ ਦੇ ਬਰਾਬਰ ਹੈ। ਇਹ ਬੜਾ ਸਿਆਣਾ ਜਰਨੈਲ ਹੈ, ਆਦਿ†।

ਕਰੜੀਆਂ ਚੋਟਾਂ

ਐਲਾਰਡ ਨੂੰ ਨੌਕਰੀ ਸਮੇਂ ਕੁਝ ਐਸੀਆਂ ਘਟਨਾਵਾਂ ਸਾਹਮਣੇ ਆਈਆਂ ਜਿਨ੍ਹਾਂ ਦੇ ਕਾਰਨ ਉਸ ਦੇ ਜੀਵਨ ਪਰ ਬੜਾ ਡੂੰਘਾ ਅਸਰ ਪਿਆ।

ਪਹਿਲੀ ਸੱਟ

ਪਹਿਲਾਂ ਉਸਦੀ ਪਿਆਰੀ ਲੜਕੀ 'ਮੈਰੀ ਚਾਰਲੋਟ' ਦੀ ਮੌਤ ਦੀ ਘਟਨਾ ਹੈ। ਇਸ ਲੜਕੀ ਦਾ ਜਨਮ, ਐਲਾਰਡ ਦੀ ਉਸ ਇਸਤ੍ਰੀ ਦੇ ਪੇਟ ਤੋਂ ਹੋਇਆ ਸੀ ਜੇਹੜੀ ਉਸ ਨੇ ਇਲਾਕਾ ਚੰਬੇ ਦੀ ਇਕ ਪਹਾੜਨ ਪਾਨ ਦੇਈ ਨਾਮੀ, ਘਰ ਪਾ ਲਈ ਸੀ।

ਆਪਣੀ ਇਸ ਲੜਕੀ ਨਾਲ ਐਲਾਰਡ ਨੂੰ ਅਤਿ ਪਿਆਰ ਸੀ

*ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ ੪੫੫।
†ਮਿਲਟਰੀ ਮੈਮੋਇਰ, ਕਰਨਲ ਜੈਮਜ਼ ਸਕਿਨਰ, ਜਿਲਦ ੨ ਸਫਾ ੨੧੪।

ਇਹ ਬੱਚੀ ਥੋਹੜੇ ਦਿਨ ਬੀਮਾਰ ਰਹਿਕੇ ੫ ਅਪ੍ਰੈਲ ਸੰਨ ੧੮੨੭ ਦੀ ਰਾਤ ਨੂੰ ਐਸੀ ਮਿੱਠੀ ਨੀਂਦ ਸੁਤੀ ਕਿ ਮੁੜ ਕਦੇ ਵੀ ਆਪਣੀਆਂ ਰਸੀਲੀਆਂ ਅੱਖਾਂ ਨਾ ਖੋਲ੍ਹੀਆਂ ।

ਇਸ ਲੜਕੀ ਦੇ ਵਿਛੋੜੇ ਦਾ ਐਲਾਰਡ ਨੂੰ ਇੰਨਾ ਕਲੇਸ਼ ਹੋਇਆ ਕਿ ਉਹ ਕਈ ਦਿਨ ਆਪਣੇ ਕਮਰੇ ਤੋਂ ਬਾਹਰ ਨਾ ਸੀ ਨਿਕਲਿਆ ਅਤੇ ਉਸ ਨੇ ਕੁਝ ਵੀ ਖਾਨ ਪਾਨ ਨਾ ਸੀ ਕੀਤਾ* ।

ਇਸ ਬਾਗ਼ ਦਾ ਨਾਮ ਇਸ ਕੁੜੀ ਦੀ ਯਾਦਗਾਰ ਵਿਚ 'ਕੁੜੀ ਬਾਗ਼' ਪ੍ਰਸਿੱਧ ਹੋ ਗਿਆ, ਜੋ ਅੱਜ ਤੀਕ ਇਸੇ ਨਾਮ ਨਾਲ ਹੀ ਸੱਦਿਆ ਜਾਂਦਾ ਹੈ । ਪਿਛੇ ਜਾ ਕੇ ਇਹ ਬਾਗ਼ ਤੇ ਮਹੱਲ ਮਹਾਰਾਜਾ ਸਾਹਿਬ ਕਪੂਰਥਲਾ ਦੇ ਅਧਿਕਾਰ ਵਿਚ ਆ ਜਾਂਣ ਦੇ ਕਾਰਨ ਇਸ ਨੂੰ ਕਈ ਲੋਕ ਕਪੂਰਥਲਾ ਹਾਊਸ ਵੀ ਕਹਿਣ ਲਗੇ । ਪਰ ਇਸ ਨਿਕੀ ਜਿਹੀ ਕੁੜੀ ਨੂੰ ਜੀਵਤ-ਮਨ ਪੰਜਾਬੀ ਇੱਨਾਂ ਪਿਆਰਦੇ ਸਨ ਕਿ ਬਾਵਜੂਦ ਇਸ 'ਕੁੜੀ ਬਾਗ' ਦੇ ਨਾਮ ਨੂੰ ਬਦਲਣ ਦੇ ਕਈ ਯਤਨ ਕਰਨ ਦੇ ਵੀ ਇਹ ਨਾਮ ਬਦਲਿਆ ਨਾ ਜਾ ਸਕਿਆ । ਇਸ ਯਾਦਗਾਰ ਨੂੰ ਅਮਿੱਟ ਰੱਖਣ ਲਈ ਇਸ ਨੂੰ ਅੱਜ ਵੀ ਆਮ ਜਨਤਾ 'ਕੁੜੀ ਬਾਗ਼' ਹੀ ਸੱਦਦੀ ਹੈ । ਅਫ਼ਸੋਸ ਹੈ, ਇਹ ਕਬਰ ਮੁਰੰਮਤ ਦੀ ਥੁੜ ਦੇ ਕਾਰਨ ਬੜੀ ਤਰਸ ਯੋਗ ਦਿਸ਼ਾ ਵਿਚ ਹੈ । ਇਤਿਹਾਸ ਪ੍ਰੇਮੀਆਂ ਨੂੰ ਇਧਰ ਧਿਆਨ ਦੇਣਾ ਚਾਹੀਦਾ ਹੈ ਕਿ ਖਾਲਸਾ ਰਾਜ ਸਮੇਂ ਦੀ ਇਹ ਹਜ਼ੂਰੀ ਯਾਦਗਾਰ ਮਿਟ ਨਾ ਜਾਏ ।

---

*ਇਸ ਲੜਕੀ ਦੀ ਕਬਰ ਐਲਾਰਡ ਨੇ ਆਪਣੀ ਨਵੀਂ ਉਸਾਰੀ ਕੋਠੀ ਦੇ ਬਾਗ਼ ਵਿਚ ਬਣਵਾਈ ਸੀ । ਇਥੇ ਉਸ ਨੇ ੧੦ ਫੁਟ ਉੱਚਾ ਚਬੂਤਰਾ ਬਣਵਾ ਕੇ ਉਸ ਦੇ ਉਪਰ ਇਹ ਕਬਰ ਬੜੀ ਖ਼ੂਬਸੂਰਤ ਬਣਵਾਈ । ਇਸ ਕਬਰ ਪਰ ਇਹ ਲਿਖਤ ਅੰਕ੍ਰਤ ਸੀ ।

To Marie Charlotte, decedee le 5 me avril 1827, fille de M.Allard de st. Topis chivalier de la legion d Honneur General de la cavallrie.

ਦੂਜੀ ਸੱਟ

ਐਲਾਰਡ ਲਈ ਇਹ ਦੂਜੀ ਸੱਟ ਹੋਰ ਵਧੇਰੀ ਦੁਖਦਾਈ ਸੀ । ਉਸ ਨੇ ਸ਼ੇਰਿ ਪੰਜਾਬ ਦੀ ਨੌਕਰੀ ਵਿਚੋਂ ਇਸ ਸਮੇਂ ਤਕ ਕੋਈ ਅੱਠ ਲੱਖ ਰੁਪਿਆ ਬਚਾਇਆ ਸੀ । ਉਹ ਰੁਪਿਆ ਐਲਾਰਡ ਨੇ 'ਪਾਲਮੇਰਜ਼ ਬੈਂਕ' Palmer's Bank, ਕਲਕੱਤਾ ਵਿਚ ਜਮਾਂ ਕਰਵਾਇਆ ਸੀ । ਇਹ ਬੈਂਕ ਸੰਨ ੧੮੩੦ ਵਿਚ ਦਿਵਾਲਾ ਹੋ ਗਿਆ* । ਇਸ ਦੁੱਖ ਭਰੀ ਖਬਰ ਦੇ ਸੁਣਨ ਨਾਲ ਐਲਾਰਡ ਦੇ ਮਨ ਪਰ ਐਸਾ ਬੁਰਾ ਭਾਸ ਪਿਆ ਕਿ ਉਸ ਦੀ ਸਿਹਤ ਖਰਾਬ ਹੋ ਗਈ ।

ਛੁੱਟੀ ਜਾਣਾ

ਇਹਨਾਂ ਉਪਰੋਕਤ ਲਿਖੀਆਂ ਸੱਟਾਂ ਤੋਂ ਛੁੱਟ ਇਸ ਦੀ 'ਪਹਾੜੀ ਰਾਣੀ'† ਚਾਹੁੰਦੀ ਸੀ ਕਿ ਉਹ ਆਪਣੇ ਪਤੀ ਦੇ ਦੇਸ ਫ਼ਰਾਂਸ ਨੂੰ ਦੇਖੇ ਅਤੇ ਨ ਲ ਹੀ ਆਪਣੇ ਨਿਕੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਵੀ ਫ਼ਰਾਂਸ ਵਿਚ ਕਰਵਾਣ ਦੀ ਫਿਕਰ ਵਿਚ ਸੀ । ਉਪਰ ਲਿਖੀਆਂ ਵਿਚਾਰਾਂ ਅਨੁਸਾਰ ਐਲਾਰਡ ਨੇ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ

---

*ਪਾਲਮੇਰਜ਼ ਬੈਂਕ ਦੇ ਮਾਲਕ ਵਿਲੀਅਮ ਪਾਮਰ ਤੇ ਜਾਨ ਪਾਮਰ ਐਂਡ ਬੈਂਕੰਗ ਕੰਪਨੀ ਬੜੇ ਪ੍ਰਸਿੱਧ ਕਾਰੋਬਾਰੀ ਮੰਨੇ ਜਾਂਦੇ ਸਨ । ਇਥੇ ਤਕ ਕਿ ਵਲੈਤ ਅਤੇ ਹਿੰਦ ਵਿਚ ਇਹਨਾਂ ਨੂੰ ਵਪਾਰ ਦੇ ਸ਼ਾਹਜ਼ਾਦਿਆਂ ਦਾ ਰੁਤਬਾ ਪ੍ਰਾਪਤ ਸੀ । ਇਹਨਾਂ ਦੇ ਕਾਰ ਵਿਵਹਾਰ ਤੇ ਬੈਂਕ ਦੀਆਂ ਸ਼ਾਖਾਂ ਦੂਰ ਦੂਰ ਤਕ ਖਿੱਲਰੀਆਂ ਹੋਈਆਂ ਸਨ । ਇਹ ਫਰਮ ਸੰਨ ੧੮੩੦ ਵਿਚ ਦਿਵਾਲਾ ਹੋ ਗਈ । ਇਸ ਦੇ ਫੇਲ ਹੋਣ ਨਾਲ ਹਜ਼ਾਰਾਂ ਦੇਸੀ ਤੇ ਪਰਦੇਸੀ ਪੂੰਜੀਦਾਰਾਂ ਨੂੰ ਮਾਇਕੀ ਤਬਾਹੀ ਦਾ ਮੂੰਹ ਦੇਖਣਾ ਪਿਆ ।

†ਜੈਕੋਮੋਂਟ ਆਪਣੇ ਸਫ਼ਰਨਾਮੇ ਵਿਚ ਇਸ ਨੂੰ 'ਪਹਾੜੀ ਰਾਣੀ' ਲਿਖਦਾ ਹੈ। ਐਲਾਰਡ ਦੀ ਨਾਰੀ ਜਿਹਾ ਅਸੀਂ ਉਪਰ ਦੱਸ ਆਏ ਹਾਂ; ਚੰਬੇ ਦੇ ਇਲਾਕੇ ਦੀ ਪਹਾੜਨ ਸੀ । ਇਸ ਦੀ ਤਸਵੀਰ ਨੂੰ ਦੇਖ ਕੇ ਵਿਲੀਅਮ ਬਾਰ ਨੇ ਆਪਣੀ ਲਿਖਤ ਪੁਸਤਕ ਵਿਚ ਸਵਿਸਥਾਰ ਹਾਲ ਦਿੱਤਾ ਹੈ । (ਦੇਖੋ ਏ. ਜਰਨਲ ਆਫ਼ ਮਾਰਚ ਫਰਾਮ ਦਿੱਲੀ ਟੂ ਪਿਸ਼ਾਵਰ, ਸਫ਼ਾ ੭੮)

ਫ਼ਰਾਂਸ ਜਾਣ ਲਈ ਦੋ ਸਾਲ ਦੀ ਛੁਟੀ ਦੀ ਦਰਖਾਸਤ ਪੇਸ਼ ਕੀਤੀ ।

ਮਹਾਰਾਜਾ ਸਾਹਿਬ ਨੇ ਪਹਿਲਾਂ ਤਾਂ ਐਨੀ ਲੰਮੀ ਛੁਟੀ ਦੀ ਪ੍ਰਵਾਨਗੀ ਦੇਣ ਵਿਚ ਕੁਝ ਟਾਲਮਟੋਲ ਪ੍ਰਗਟ ਕੀਤਾ ਕਿਉਂਕਿ ਸ਼ੇਰਿ ਪੰਜਾਬ ਦਾ ਖਿਆਲ ਸੀ ਕਿ ਐਲਾਰਡ ਛੁਟੀ ਪਰ ਫ਼ਰਾਂਸ ਜਾ ਕੇ ਸ਼ਾਇਦ ਪਰਤ ਕੇ ਵਾਪਸ ਨਹੀਂ ਆਏਗਾ । ਇਸ ਤਰ੍ਹਾਂ ਕਈ ਲੱਖ ਰੁਪੈ ਜੋ ਐਲਾਰਡ ਦੇ ਕਹਿਣ ਪਰ ਫ਼ੌਜ ਦੇ ਨਵੇਂ ਪ੍ਰਬੰਧ ਲਈ ਖਰਚ ਕੀਤੇ ਗਏ ਸਨ, ਜੇ ਉਹ ਸਭ ਕੁਝ ਵਿਚੇ ਛੱਡ ਕੇ ਆਪ ਵਿਚੋਂ ਵਲੈਤ ਨਿਕਲ ਜਾਏ ਤਾਂ ਇਸ ਸਾਰੇ ਕੀਤੇ-ਕਤਰੇ ਖਰਚ ਪਰ ਪਾਣੀ ਫਿਰ ਜਾਏਗਾ ।

ਐਲਾਰਡ ਨੂੰ ਇਹ ਸਭ ਕੁਝ ਸਮਝਾਣ ਲਈ ਸ਼ੇਰਿ ਪੰਜਾਬ ਨੇ ਭਾਈ ਗੁਰਮੁਖ ਸਿੰਘ ਅਤੇ ਜਮਾਂਦਾਰ ਖੁਸ਼ਹਾਲ ਸਿੰਘ ਨੂੰ ਉਸ ਵੱਲ ਭੇਜਿਆ ਤਾਕਿ ਉਹ ਉਸ ਨੂੰ ਪ੍ਰੇਰ ਕੇ ਉਸ ਦੇ ਛੁੱਟੀ ਜਾਣ ਦੇ ਇਰਾਦੇ ਨੂੰ ਬਦਲਾ ਦੇਣ ।

ਇਹ ਦੋਵੇਂ ਸਰਦਾਰ ਐਲਾਰਡ ਨੂੰ ਮਿਲਣ ਦੇ ਉਪਰੰਤ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤੇ ਆ ਕੇ ਦੱਸਿਆ ਕਿ ਐਲਾਰਡ ਬੇਨਤੀ ਕਰਦਾ ਹੈ ਕਿ ਉਹ ਛੁਟੀ ਤੇ ਜਾਣ ਦੀਆਂ ਸਾਰੀਆਂ ਤਿਆਰੀਆਂ ਕਰ ਚੁੱਕਾ ਹੈ । ਪਰ ਨਾਲ ਹੀ ਉਹ ਆਪਣੇ ਕ੍ਰਿਪਾਲੂ ਮਹਾਰਾਜਾ ਸਾਹਿਬ ਦੇ ਹੁਕਮ ਮੋੜਨ ਲਈ ਵੀ ਤਿਆਰ ਨਹੀਂ । ਜੇ ਕਦੇ ਦੋ ਸਾਲ ਦੀ ਛੁਟੀ ਸਰਕਾਰ ਵੱਧ ਸਮਝਦੇ ਹਨ ਤਾਂ ਉਹ ਦੋ ਸਾਲ ਦੀ ਥਾਂ ਡੇਢ ਦੀ ਲੈ ਲਏਗਾ ।

ਦੂਜਾ ਉਸ ਨੇ ਇਸ ਗੱਲ ਦਾ ਪੂਰਾ ਪੂਰਾ ਭਰੋਸਾ ਦਿਵਾਇਆ ਹੈ ਕਿ ਉਹ ਛੁੱਟੀ ਬਿਤਾਕੇ ਜ਼ਰੂਰ ਆਪਣੀ ਨੌਕਰੀ ਪਰ ਆਏਗਾ ।

ਨਾਲ ਹੀ ਐਲਾਰਡ ਨੇ ਇਹ ਵੀ ਦੱਸਿਆ ਹੈ ਕਿ ਉਸ ਦਾ ਇਸ ਸਮੇਂ ਫ਼ਰਾਂਸ ਜਾਣਾ ਨਾ-ਕੇਵਲ ਉਸ ਦੀ ਅਰੋਗਤਾ ਲਈ ਹੀ ਲਾਭਦਾਇਕ ਹੋਵੇਗਾ, ਸਗੋਂ ਉਸ ਦੇ ਇਥੇ ਛੋਹੇ ਹੋਏ ਕੰਮਾਂ ਨੂੰ ਪੂਰਨਤਾ

ਤਕ ਪਹੁੰਚਾਣ ਲਈ ਵੀ ਅਤੀਅੰਤ ਜ਼ਰੂਰੀ ਹੈ ।

ਐਲਾਰਡ ਚਾਹੁੰਦਾ ਸੀ ਕਿ ਖਾਲਸਾ ਫ਼ੌਜ ਦੇ ਜਿਨ੍ਹਾਂ ਰਸਾਲਿਆਂ ਨੂੰ ਉਸ ਕਵਾਇਦ ਸਿਖਲਾਈ ਸੀ, ਉਹਨਾਂ ਲਈ ਫਰਾਂਸ ਵਿਚੋਂ ਨਵੇਂ ਨਵੇਂ ਨਮੂਨੇ ਦੇ ਹਥਿਆਰ, ਜ਼ਰੇ, ਤੇ ਹੋਰ ਜ਼ਰੂਰੀ ਸਾਮਾਨ ਦੇ ਨਮੂਨੇ ਆਪਣੇ ਨਾਲ ਲੈ ਆਵੇਗਾ ਅਤੇ ਉਹਨਾਂ ਨਮੂਨਿਆਂ ਅਨੁਸਾਰ ਮਹਾਰਾਜਾ ਸਾਹਿਬ ਦੇ ਕਾਰਖਾਨਿਆਂ ਵਿਚ ਉਹ ਜੰਗੀ ਸਮਾਨ ਲਾਹੌਰ ਵਿਚ ਤਿਆਰ ਕੀਤਾ ਜਾਏਗਾ । ਇਸ ਦੇ ਨਾਲ ਉਸ ਇਹ ਵੀ ਭਰੋਸਾ ਦਿਵਾਇਆ ਕਿ ਉਹ ਫ਼ਰਾਂਸ ਵਿਚ ਪਹੁੰਚਕੇ ਯਤਨ ਕਰੇਗਾ ਕਿ ਉਹ ਕੁਝ ਕੁ ਸਿਆਣੇ ਢਲਾਈ ਦੇ ਕੰਮ ਦੇ ਹੰਡੇ ਹੋਏ ਕਾਰੀਗਰਾਂ ਨੂੰ ਵੀ ਆਪਣੇ ਨਾਲ ਲੈ ਆਏਗਾ ਤਾਕਿ ਪੰਜਾਬ ਵਿਚ ਹੀ ਅੱਗੇ ਨੂੰ ਯੂਰਪੀ ਨਮੂਨੇ ਦੇ ਹਥਿਆਰ ਤੇ ਜੰਗੀ ਸਮਾਨ ਤਿਆਰ ਕੀਤਾ ਜਾਇਆ ਕਰੇ ।

ਐਲਾਰਡ ਦੇ ਇਸ ਕਹਿਣ ਨੂੰ ਵਿਚਾਰਨ ਦੇ ਉਪਰੰਤ ਸ਼ੇਰਿ ਪੰਜਾਬ ਨੇ ਇਸ ਦੀ ਛੁੱਟੀ ਪ੍ਰਵਾਨ ਕਰ ਲਈ ।

ਅਗਲੇ ਦਿਨ ੧੨ ਮਈ ਸੰਨ ੧੯੩੪ ਦੀ ਸਵੇਰ ਨੂੰ ਐਲਾਰਡ ਰੋਜ਼ਾਨਾ ਹਾਜ਼ਾਰੀ ਦੇ ਨੀਯਮ ਅਨੁਸਾਰ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਫ਼ਤਹ ਬੁਲਾਣ ਲਈ ਹਾਜ਼ਰ ਹੋਇਆ ਤਾਂ ਸਰਕਾਰ ਨੇ ਇਸਦੇ ਸਫ਼ਰ ਬਾਬਤ ਕਈ ਗੱਲਾਂ ਪੁਛੀਆਂ, ਜਿਨ੍ਹਾਂ ਦਾ ਉਤਰ ਐਲਾਰਡ ਨੇ ਬੜਾ ਸਿਆਣਪ ਭਰਿਆ ਦਿੱਤਾ । ਐਲਾਰਡ ਦੀ ਵਿਦਾਇਗੀ ਸਮੇਂ ਮਹਾਰਾਜਾ ਸਾਹਿਬ ਨੇ ਉਸ ਨੂੰ ਇੱਕ ਬਹੁਮੁੱਲਾ ਖਿਲਅਤ ਬਖ਼ਸ਼ਿਆ, ਜਿਸ ਵਿਚ ੧੧ ਥਾਨ ਕਸ਼ਮੀਰੀ ਤੂਸ, ਇੱਕ ਮਰਵਾਰੀ ਦੀ ਮਾਲਾ, ਇੱਕ ਜੋੜਾ ਸਰਪੇਚ ਅਤੇ ਇੱਕ ਜੋੜੀ ਸੁਨਹਿਰੀ ਜੜਤੂ ਕੜਿਆਂ ਦੀ ਸੀ* ।

ਐਲਾਰਡ ਮਹਾਰਾਜਾ ਸਾਹਿਬ ਤੋਂ ਵਿਦਾਅ ਹੋ ਕੇ ੧੦ ਜੂਨ ਨੂੰ

---

*ਪੰਜਾਬ ਰੀਕਾਰਡਜ਼, ਜਿਲਦ ੧੩੯, ਚਿੱਠੀ ੩.

ਸਣੇ ਪਰਵਾਰ ਦੇ ਕਲਕੱਤੇ ਪਹੁੰਚ ਗਿਆ । ਉਥੇ ਸੰਜੋਗ ਨਾਲ ਉਸ ਨੂੰ ਛੇਤੀ ਹੀ ਫ਼ਰਾਂਸ ਜਾਣ ਵਾਲਾ ਇੱਕ ਜਹਾਜ਼ ਮਿਲ ਗਿਆ, ਜਿਸ ਪਰ ਉਹ ੧੫ ਜੂਨ ਸੰਨ ੧੮੩੪ ਨੂੰ ਚੜ੍ਹਕੇ ਆਪਣੇ ਦੇਸ ਵੱਲ ਤੁਰ ਗਿਆ ।

ਫ਼ਰਾਂਸ ਵਿਚ ਪਹੁੰਚ ਕੇ ਐਲਾਰਡ ਨੇ ਆਪਣੇ ਪ੍ਰਵਾਰ ਲਈ ਇੱਕ ਬੜਾ ਸੁੰਦਰ ਘਰ ਪੈਰਸ ਵਿਚ ਖਰੀਦਿਆ ਇਸ ਦੇ ਉਪ੍ਰੰਤ ਉਸ ਨੇ ਆਪਣੇ ਬੱਚਿਆਂ ਨੂੰ ਉਥੋਂ ਦੇ ਇੱਕ ਪ੍ਰਸਿੱਧ ਸਕੂਲ ਵਿਚ ਦਾਖ਼ਲ ਕਰਵਾਇਆ । ਇਸ ਤੋਂ ਉਪਰੰਤ ਉਹ ਲਾਹੌਰ ਦਰਬਾਰ ਲਈ ਜ਼ਰੂਰੀ ਜੰਗੀ ਸਾਮਾਨ ਦੀ ਖ਼ਰੀਦ ਵਿਚ ਲੱਗ ਗਿਆ । ਜਦ ਇਹ ਸਾਰੇ ਕੰਮ ਹੋ ਚੁਕੇ ਤੇ ਛੁਟੀ ਦੇ ਵੀ ਥੋਹੜੇ ਦਿਨ ਬਾਕੀ ਰਹਿ ਗਏ ਤਦ ਉਹ ਫ਼ਰਾਂਸ ਤੋਂ ਜਹਾਜੇ ਚੜ੍ਹ ਕੇ ਮੁੜ ਕਲਕੱਤੇ ਪਹੁੰਚ ਗਿਆ ।

ਵਾਪਸ ਪਹੁੰਚਣਾ

ਇਸ ਸਮੇਂ ਐਲਾਰਡ ਆਪਣੇ ਨਾਲ ਬਹੁਤ ਸਾਰੇ ਫ਼ਰਾਂਸੀਸੀ ਘਾੜਤ ਦੇ ਤਮੰਚੇ, ਹਲਕੀਆਂ ਕਰਾਬੀਨਾਂ ਅਤੇ ਸਵਾਰਾਂ ਦੀ ਛਾਤੀ ਪਰ ਲ਼ਾਣ ਲਈ ਪਿੱਤਲ ਦੇ ਢਲੇ ਹੋਏ ਜ਼ਰੇ ਸੰਜੋਆਂ ਆਦਿ ਆਪਣੇ ਨਾਲ ਲੈ ਆਇਆ ਸੀ* ।

ਇਸ ਭਾਰੀ ਸਮਾਨ ਦੇ ਕਲਕੱਤੇ ਤੋਂ ਲਾਹੌਰ ਤਕ ਪਹੁੰਚਾਣ ਪਰ ਕੇਵਲ ਕਰਾਇਆ ੪੦੦੦੦) ਰੁਪਿਆ ਖਰਚ ਆਇਆ ਸੀ† ।

ਲਾਹੌਰ ਪਹੁੰਚਣਾ ਤੇ ਫ਼ਾਰਸੀ ਕਵਿਤਾ

ਐਲਾਰਡ ਨੇ ਲਾਹੌਰ ਪਹੁੰਚਣ ਤੋਂ ਪਹਿਲਾਂ ਕਿਸੇ ਫ਼ਾਰਸੀ ਦੇ

---

*ਇਨ੍ਹਾਂ ਜ਼ਰਿਆਂ ਤੇ ਸੰਜੋਆਂ ਵਿਚੋਂ ਕੁਝ ਕੁ ਇਸ ਸਮੇਂ ਤੱਕ ਲਾਹੌਰ ਦੇ ਅਜਾਇਬ ਘਰ ਅਤੇ ਕਿਲ੍ਹੇ ਵਿਚ ਮੌਜੂਦ ਹਨ ।

†ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ ੪੭੫ ।

ਸਿਆਣੇ ਕਵੀ ਤੋਂ ਸ਼ੇਰਿ ਪੰਜਾਬ ਦੀ ਭੇਟਾ ਕਰਨ ਲਈ ਆਪਣੇ ਮਨ ਦੀ ਭਾਵਨਾ ਅਨੁਸਾਰ ਕਵਿਤਾ ਦੇ ਕੁਝ ਸ਼ੇਅਰ ਤਿਆਰ ਕਰਵਾ ਲਏ ਅਤੇ ਇਹਨਾਂ ਨੂੰ ਮੁਖਆਗਰ ਕੰਠ ਕਰ ਲਿਆ । ਐਲਾਰਡ ਜਦ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਉਹ ਕਵਿਤਾ ਉਸ ਨੇ ਆਪਣੀ ਕ੍ਰਿਪਾਲੂ ਸਰਕਾਰ ਦੀ ਸੇਵਾ ਵਿਚ ਖਲੋ ਕੇ ਐਸੇ ਦਿਲ-ਖਿਚਵੇਂ ਢੰਗ ਨਾਲ ਪੜ੍ਹਕੇ ਸੁਣਾਈ ਜਿਸ ਨੂੰ ਸੁਣ ਕੇ ਸ਼ੇਰਿ ਪੰਜਾਬ ਅਤੇ ਸਾਰੇ ਦਰਬਾਰੀ ਵਾਹ ! ਵਾਹ !! ਕਰ ਉਠੇ ! ਉਹ ਸ਼ੇਅਰ ਇਹ ਸਨ:-

ਇਲਾਹੀ ਬਾਦਸ਼ਾਹ ਹਮ ਜ਼ਿੰਦਾ ਬਾਦਾ,
ਫਲਕ ਦਰ ਖਿਦਮਤੈ ਉਹੰ ਬੰਦਾ ਬਾਦਾ ।

ਬਦਰਗਾਹਿਸ਼ ਰਸਮਿ ਐਹਜ਼ਾਜ਼ ਯਾਬੰਮ ।
ਦਹਮ ਜਾਂ ਗਰਦਨ ਅਜ਼ ਹੁਕਮਸ਼ ਬਤਾਬੰਮ

ਬੁਵਦ ਲਾਹੌਰ ਗਰ ਮੀਰਮ ਮੁਜ਼ਾਰਮ,
ਬੁਵਦ ਤਾਬੂਤ ਦਰ ਗੁੰਚਾ ਅਤਾਦਮ ।*

ਉਪ੍ਰੋਕਤ ਕਵਿਤਾ ਦਾ ਭਾਵ-

(੧) ਐ ਰੱਬ ਮੇਰਾ ਬਾਦਸ਼ਾਹ ਚਿਰੰਜੀਵ ਰਹੇ ।

(੨)ਆਸਮਾਨੀ ਸ਼ਕਤੀਆਂ ਦਾਸੀਆਂ ਵਾਂਗ ਸਦਾ ਉਸ ਦੀ ਸੇਵਾ ਵਿਚ ਰਹਿਣ ।

(੩) ਮੈਂ ਉਸ ਦੇ ਸ਼ਾਹੀ ਦਰਬਾਰ ਵਿਚ ਹਾਜ਼ਰ ਹੋ ਕੇ ਇੱਜ਼ਤ ਦਾ ਭਾਗੀ ਬਣਾਂ ।

(੪) ਜੇ ਕਦੇ ਮੈਂ ਉਸ ਦੇ ਫੁਰਮਾਨ ਦੀ ਪਾਲਣਾ ਤੋਂ ਮੂੰਹ ਫੇਰਾਂ

---

*ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ ਸਫ਼ਾ ੪੭੫ ।

ਤਾਂ ਮੈਨੂੰ ਮੌਤ ਸਾਂਭ ਲਏ ।

(੫) ਜਦ ਮੇਰਾ ਅੰਤ ਸਮਾਂ ਆਏ ਤਾਂ ਮੇਰੀ ਕਬਰ ਲਾਹੌਰ ਵਿਚ ਬਣੇ ।

(੬) ਅਤੇ ਮੇਰਾ ਬਿਬਾਣ ਅਨਾਰਕਲੀ ਦੇ ਬਾਜ਼ਾਰ ਵਿਚੋਂ ਲੰਘੇ।


ਤ੍ਰੀਹ ਹਜ਼ਾਰ ਰੁਪਿਆ ਇਨਾਮ

ਇਸ ਰਚਨਾ ਦੇ ਸੁਣਨ ਨਾਲ ਸ਼ੇਰਿ ਪੰਜਾਬ, ਇੰਨੇ ਪ੍ਰਸੰਨ ਹੋਏ ਕਿ ਉਸੇ ਵਕਤ ਸਰਕਾਰ ਨੇ ਐਲਾਰਡ ਨੂੰ ਇਕ ਬਹੁਮੁੱਲੇ ਖਿਲਅਤ ਤੋਂ ਵੱਖ ੩੦੦੦੦) ਰੁਪਿਆ ਇਨਾਮ ਬਖਸ਼ਿਆ । ਇਸ ਦੇ ਨਾਲ ਹੀ ਇੱਕ ਲੱਖ ਰੁਪਿਆ ੧੮ ਮਹੀਨਿਆਂ ਦੀ ਛੁੱਟੀ ਦੇ ਸਮੇਂ ਦੀ ਪੂਰੀ ਤਲਬ ਵਜੋਂ ਵੀ ਦੇ ਦਿੱਤਾ ।

ਕੁਦਰਤ ਦਾ ਅਸਚਰਜ ਖੇਲ ਇਹ ਦੇਖੋ ਕਿ ਐਲਾਰਡ ਨੇ ਆਪਣੀ ਮੌਤ ਅਤੇ ਬਿਬਾਣ ਦੇ ਅਨਾਰਕਲੀ ਬਾਜ਼ਾਰ ਵਿਚੋਂ ਲੰਘਣ ਦੀ ਜੇਹੜੀ ਮੰਗ, ਰੱਬ ਤੋਂ ਉਪ੍ਰੋਕਤ ਕਵਿਤਾ ਵਿਚ ਮੰਗੀ ਸੀ ਉਹ ੪ ਸਾਲਾਂ ਦੇ ਬਾਅਦ ਅੱਖਰ ਅੱਖਰ ਪੂਰੀ ਹੋਈ । ਅਰਥਾਤ ਐਲਾਰਡ ਨੇ ਇਹ ਮੰਗ ਮੰਗੀ ਸੀ ਕਿ ਮੇਰੀ ਕਬਰ ਲਾਹੌਰ ਵਿਚ ਬਣੇ ਅਤੇ ਮੇਰਾ ਬਿਬਾਣ ਅਨਾਰਕਲੀ ਦੇ ਬਾਜ਼ਾਰ ਵਿਚੋਂ ਲੰਘੇ । ਸੋ ਸਮਾਂ ਪਾ ਕੇ ਇਸੇ ਤਰ੍ਹਾਂ ਹੋਇਆ ।

ਐਲਾਰਡ ਦੀ ਮੌਤ

ਐਲਾਰਡ ੨੨ ਜਨਵਰੀ ਸੰਨ ੧੮੩੯ ਦੀ ਰਾਤ ਨੂੰ ਪਿਸ਼ਾਵਰ ਵਿਚ ਦਿੱਲ ਦੀ ਪੀੜਾ ਨਾਲ ਚੜ੍ਹਾਈ ਕਰ ਗਿਆ । ਉਸਦੀ ਮ੍ਰਿਤਕ ਦੇਹ ਉਸ ਦੀ ਅੰਤਲੀ ਵਸੀਅਤ ਅਨੁਸਾਰ ਲਾਹੌਰ ਲੈ ਆਂਦੀ ਗਈ ਅਤੇ ਉਸ ਦਾ ਬਿਬਾਣ ਸ਼ਹਾਨਾ ਫ਼ੌਜੀ ਧੂਮ ਧਾਮ ਨਾਲ ਅਨਾਰਕਲੀ ਬਾਜ਼ਾਰ ਵਿਚੋਂ ਲੰਘ ਕੇ ਉਸ ਦੀ ਕੋਠੀ 'ਕੁੜੀ ਬਾਗ' ਵਿਚ ਪਹੁੰਚਾਇਆ



ਐਲਾਰਡ ਦੀ ਕਬਰ ਕੁੜੀ ਬਾਗ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ ਹੋਤੀ







ਗਿਆ । ਅਤੇ ਉਸੇ ਬਾਗ਼ ਵਿਚ ਆਪਣੀ ਪਿਆਰੀ ਕੁੜੀ 'ਮੇਰੀ ਚਾਰਲੋਟ' ਦੀ ਕਬਰ ਦੇ ਨਾਲ ਹੀ ਉਸ ਨੂੰ ਦਬਿਆ ਗਿਆ* । ਇਸ ਪਰ ਪੱਕੀ ਕਬਰ ਬਣਵਾਈ ਗਈ ਸੀ† ।

ਮਹਾਰਾਜੇ ਲਈ ਫ਼ਰਾਂਸ ਦੇ ਸ਼ਹਿਨਸ਼ਾਹ ਦਾ ਖਤ

ਐਲਾਰਡ ਜਦ ਛੁਟੀ ਲੈ ਕੇ ਗਿਆ ਸੀ ਤਾਂ ਉਥੇ ਉਸ ਨੂੰ ਸ਼ਹਿਨਸ਼ਾਹ ਫ਼ਰਾਂਸ ਫ਼ਿਲਪ ਨੇ ਆਪਣੇ ਦਰਬਾਰ ਵਿਚ ਬੁਲਵਾ ਕੇ ਉਸ ਦੀ ਬੜੀ ਇੱਜ਼ਤ ਕੀਤੀ ਸੀ । ਉਸ ਨੂੰ ਕਈ ਵਾਰੀ ਪ੍ਰੀਤੀ ਭੋਜਨ ਪਰ ਬੁਲਾਇਆ ਤੇ ਇਕ ਭਰੇ ਦਰਬਾਰ ਵਿਚ ਉਸ ਨੂੰ ਫ਼ਰਾਂਸ ਦਾ ਉੱਚਾ ਖ਼ਿਤਾਬ ਦਿੱਤਾ । ਐਲਾਰਡ ਨੂੰ ਪੰਜਾਬ ਵਲ ਵਾਪਸੀ ਸਮੇਂ ਸ਼ਹਿਨਸ਼ਾਹ ਫ਼ਰਾਂਸ ਨੇ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਲਈ ਕਈ ਵਡ-ਮੁੱਲੀਆਂ ਸੁਗਾਤਾਂ ਦੇ ਨਾਲ ਆਪਣੀ ਇਕ ਤਸਵੀਰ ਵੀ ਭੇਜੀ ਸੀ, ਜਿਸ ਪਰ ਬਹੁ-ਮੁੱਲੇ ਨਗ ਜੁੜੇ ਹੋਏ ਸਨ । ਇਸੇ ਤਰ੍ਹਾਂ ਇਕ ਜੜਤੂ ਸੰਦੂਕਚੀ ਸੀ ਜਿਸ ਵਿਚ ਸ਼ਾਹ ਫ਼ਿਲਪ ਵਲੋਂ ਇਕ ਪਿਆਰ-ਪੂਰਤ ਪੱਤ੍ਰਕਾ ਧਰੀ ਸੀ, ਜਿਸ ਦੇ ਸ਼ਬਦ ਸ਼ਬਦ ਵਿਚੋਂ ਮੁਹੱਬਤ ਤੇ ਸਤਿਕਾਰ ਸੰਮਿਲਤ ਚੋ ਚੋ ਪੈਂਦਾ ਸੀ, ਐਲਾਰਡ ਦੇ ਹੱਥੀਂ ਭੇਜੀ ਸੀ । ਇਸ ਵਿਚ ਖਾਲਸਾ ਕੌਮ ਦੀ ਅਦੁੱਤੀ ਬੀਰਤਾ ਅਤੇ ਖਾਲਸੇ ਦੇ ਮਾਨਯੋਗ ਮਹਾਰਾਜਾ ਸਾਹਿਬ ਦੀ ਬੜੇ ਖੁਲ੍ਹੇ ਦਿਲ ਨਾਲ ਸੋਭਾ ਲਿਖੀ ਸੀ ।

---

*ਮਿਸਟਰ ਵਿਲੀਅਮ ਬਾਰ, ਇਹਨਾਂ ਦਿਨਾਂ ਵਿਚ ਲਾਹੌਰ ਆਇਆ ਹੋਇਆ ਸੀ । ਐਲਾਰਡ ਦੇ ਬਬਾਣ ਨੂੰ ਉਹਨੇ ਅਨਾਰਕਲੀ ਬਾਜ਼ਾਰ ਵਿਚੋਂ ਲੰਘਦਾ ਆਪਣੀ ਅੱਖੀਂ ਡਿੱਠਾ । ਉਹ ਆਪਣੇ ਸਫ਼ਰਨਾਮੇ ਵਿਚ ਇਸ ਬਾਰੇ ਲਿਖਦਾ ਹੈ ਕਿ 'ਛੇ ਪਲਟਨਾਂ' ਐਲਾਰਡ ਦੇ ਬਿਬਾਣ ਦੇ ਸਤਿਕਾਰ ਲਈ ਦੋਵੱਲੀ ਅਨਾਰਕਲੀ ਬਜ਼ਾਰ ਵਿਚ ਖੜੀਆਂ ਕੀਤੀਆਂ ਗਈਆਂ ਸਨ । ਖਾਲਸਾ ਤੋਪਖ਼ਾਨਾ ਸਲਾਮੀ ਲਈ ਗਰਜ਼ਵੀਂ ਆਵਾਜ਼ ਵਿਚ ਅੱਗ ਉਗਲ ਰਿਹਾ ਸੀ । (ਬਾਰਜ ਜਰਨਲ ਆਫ਼ ਮਾਰਚ ਫ਼ਰਾਮ ਦਿੱਲੀ ਟੂ ਪਿਸ਼ਾਵਰ, ਸਫ਼ਾ ੭੨-੭੩ ।)

†ਐਲਾਰਡ ਦੀ ਕਬਰ ਇਸ ਵਕਤ ਤਕ ਲਾਹੌਰ ਦੇ 'ਕੁੜੀ ਬਾਗ਼' ਵਿਚ ਮੌਜੂਦ ਹੈ ।

ਸ਼ੇਰਿ ਪੰਜਾਬ ਨਾਲ ਮਿਤ੍ਰਤਾ ਦਾ ਸੰਬੰਧ ਸਦਾ ਕਾਇਮ ਰੱਖਣ ਲਈ ਬੜਾ ਫ਼ਖਰ ਪ੍ਰਗਟ ਕੀਤਾ ਗਿਆ ਸੀ । ਨਾਲ ਹੀ ਇਸ ਵਿਚ ਇਹ ਵੀ ਲਿਖਿਆ ਸੀ ਕਿ ਜਨਰਲ ਐਲਾਰਡ ਨੂੰ ਸਲਤਨਤ ਫ਼ਰਾਂਸ ਵਲੋਂ ਆਪ ਦੇ ਸ਼ਾਹੀ ਦਰਬਾਰ ਵਿਚ ਸਫ਼ੀਰ ਸਮਝਿਆ ਜਾਏ* ।

ਸ਼ਹਿਨਸ਼ਾਹ ਫ਼ਰਾਂਸ ਦੇ ਅਸਲ ਖ਼ਤ ਦਾ ਉਤਾਰਾ ਫ਼ਰਾਂਸੀਸੀ ਵਿਚ ਅਤੇ ਉਸ ਦਾ ਉਲਥਾ ਪੰਜਾਬੀ ਵਿਚ ਹੇਠ ਦੇਂਦੇ ਹਾਂ† ।

Letter Du Roi Louis Ahilippe

Au Tres Grand, Magnifiquetet Tres Puissant

Maharaja Ranjit Singh

Au Tres Grand Puissant et Tres Magnifique Prince, Notre fres cher et parfait Maharadjah Ranjit Singh Bahador, Padichah du Punjab, ami,

Gloire A Dieu.

Du doigt il pèse les monae comme un grain de poussière, il fait mouvoir les phalanges celestes, il fait rouler les astres sur eux-mêmes pour ramener ou les fleurs ou les foundres des saisons. Principe et fin de toute chose, c'est de lui que part cet éclair que nous appelons l'existance, et c'est en lui que cet é clair va s' èteindre. Dieu des armees, il aime, il soutient, il aime les brave leur ceint l'épée et fait flotter

---

*ਐਲਾਰਡ ਦਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸ਼ਹਿਨਸ਼ਾਹ ਫ਼ਰਾਂਸ ਵਲੋਂ ਸਫ਼ੀਰ ਨੀਯਤ ਹੋਣਾ ਅਤੇ ਇਹਨਾਂ ਦੋਹਾਂ ਤਾਕਤਾਂ ਦੇ ਐਨੇ ਗੂੜ੍ਹੇ ਸੰਬੰਧ ਕਾਇਮ ਹੁੰਦੇ ਦੇਖ ਕੇ ਬ੍ਰਿਟਿਸ਼ ਗਵਰਨਮੈਂਟ ਅਤੇ ਐਲਾਰਡ ਦੇ ਵਿਚਾਲੇ ਕੁਝ ਨਾਰਾਜ਼ਗੀ ਪੈਦਾ ਹੋ ਗਈ । ਅੰਗਰੇਜ਼ ਨਹੀਂ ਸਨ ਚਾਹੁੰਦੇ ਕਿ ਸ਼ੇਰਿ ਪੰਜਾਬ ਨਾਲ ਯੂਰਪ ਦੀ ਕੋਈ ਹੋਰ ਤਾਕਤ ਵੀ ਆਪਣਾ ਸਿੱਧਾ ਸੰਬੰਧ ਕਾਇਮ ਰੱਖੇ । ਐਲਾਰਡ ਸਿਆਣਾ ਆਦਮੀ ਸੀ । ਉਸ ਨੇ ਇਸ ਮਾਮਲੇ ਨੂੰ ਛੇਤੀ ਹੀ ਸਾਫ਼ ਕਰ ਦਿੱਤਾ ।

†ਇਹ ਅਸਲ ਖ਼ਤ ਇਸ ਵਕਤ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ ਮੌਜੂਦ ਹੈ ।

pous eus au front de la bataille l'étandard de la victoire. Il marque du sceau de sa puissance ceus qu'il appele à commander aux nations, et quand il le faut, met au coeur des peuples l'espait de conciliation, de concorde et de clèmence. Un fleuve de lumiere et de sagesse, d'affection et de vérité coule de ses lévros, et sa main jette au même moule, teini des mêmes couleur, purifie an même foyer, lesâmes heureuses et déestintése à sympathiser maltré les séparent.

Louis-Philippe, Empereur des Froncais
auTrès-Grand-Très. Magnifique et Très-Pussant
Prince le Maharadjah Ranjit Singh Bahador
Paichah du Penjab,
Conquérantdu Cachemire, du Moultan, dde Kangara
d' Attok, de Pichawer etc., etc.,
Guerrier invincible at magnanime,
notre très cher et parfait ami: Salut!

Dès longtemps Nous avions avide mment recueiilli et notre bienaimé Général Allard, le brave des braves, Commandeur de notre order impérial de la Légion d'Honneour, vient de nous confirmer tout ce que la rnommée sème de glorieux sur Votre Majesté.

Des bords ascrés of nait t'Aurore aux bords enflammes du couchant retentissent et le suecès de vos armes et votre prudence dans le counseil et la prospérité toujours croissante des Etats dont vous etes le créateur : le vaste reyaume des cinq revières, séjour de délices et de félicités. La navigation, le désir de contempler votre Majestè sur son coursier de guerre et d' étudier les productions merveilleuses de vos contrées aimées du ciel, y oni porté quelques

Franais' Nous avons appris avec une douce et inexprimable satisfaction commrnt ils ont eu le bonheur be rencontrer aupéres de Votre Majesté un noble et génerus asyle, une magnifique confiance, comment en retour ils ont pu Lui rendre des serviceds rècompensès par Elle avec une magniflcience digne de Son grand coeur. Vous avez surtout couvert de l'èclat de Votre bienveil-lance notre bien-aimèle Gènèral Allard, et son admiration pour Votre service ont trouvè grace devant vous. Nous avons cru ne pouvoir auivre une meilleure inspiration que de donner notre entiere confiance á celui aui a si bien mèrité celle de Votre Majesté, l'honneur du trône at dans cette condition, nous lui avons donné suprès de vous la qualité de notr agent, afin qu'il soit constamment à vos cotes un gage vivant de notre souvernir et de notre irvincible et sincère effectiyn. Des terrs et des mers immenses séparent I'Empire de France et celui du Penjab. mais les distances ne front rien à l'amitié : un même noed les unit, un même soleil les éclaire, Le géneral Allard vous dira à quelle hauteur uous vous partons dans notre ésprit et comblen vos vertus guerriè res et génére-uses ravissent notre coaur et enflamment nos pensées; combien nons sommes reconnaissants pour les bons traitements qu'il a recus de vous, ainsi que les divers officiers francais a votre service et autres voyageures de notre empire. Nous voulons qu'il vous fasse comprendse toute lètendue de ces sentiments, et qu'il s'efforce aupres de votre Majesté de conserver son éclat à La chaine de notre amitié, En vous le recommendant de noveau, en vous priant de jeter encore sur lui et sur nos outers subets le remanteau de votre bienveillance nous faisons des veus pour que l'Eternal rende votre bonheur inaltérable, qu'il accroisse les fé llcités

de votre famille et ealles de vos peuples et qu'il prê encore un nouveau lustre à l'astre directeur de vous drapeaux victorieus.

Ectit en notre Palas Impérial des Tuileries, le vingtesptieme jour du moins d'octobre de l'an mil huit cent trente-cinq.

Votre très cter et parfait ami.

Louis – Philippe d' Orléans.

V. Broglie,

Ministre et Secrétaire de 1'Etat de sa

Majesté l'Empereur des Francais.

ਅਨੁਵਾਦ

ਮਹਾਨ ਸ਼ਕਤੀਮਾਨ ਸ਼ਹਾਨਾ ਵਡਿਆਈਆਂ ਨਾਲ ਭੂਸ਼ਤ ਮਹਾਰਾਜਾ ਰਣਜੀਤ ਸਿੰਘ ਬਹਾਦਰ ਪੰਜਾਬ ਦੇ ਬਾਦਸ਼ਾਹ ਅਤੇ ਸਾਡੇ ਅਤਿ ਪਿਆਰੇ ਤੇ ਸੱਚੇ ਮਿਤ੍ਰ ਜੀ ।

ਸਰਬ ਸ਼ਕਤੀਮਾਨ, ਅਕਾਲ ਜੀ ਸਹਾਏ

ਉਹ ਅਮੁੱਕ ਸ਼ਕਤੀਆਂ ਦਾ ਮਾਲਕ ਜੇਹੜਾ ਆਪਣੀ ਇੱਕ ਉਂਗਲੀ ਦੇ ਇਸ਼ਾਰੇ ਨਾਲ ਸਾਰੀ ਸ੍ਰਿਸ਼ਟੀ ਦੇ ਭਾਰ ਨੂੰ ਇਕ ਖਾਕ ਦੇ ਜੱਰ੍ਹੇ ਦੇ ਤੁਲ ਕਰ ਸਕਦਾ ਹੈ । ਉਸੇ ਦੀ ਸ਼ਕਤੀ ਨਾਲ ਹੀ ਅਰਸ਼, ਕੁਰਸ਼, ਧਰਨ ਗਗਨ ਸਤਾਰੇ ਅਤੇ ਗਰਜਵੇਂ ਬੱਦਲਾਂ ਤੋਂ ਬਰਖਾ ਦਾ ਵੱਸਣਾ ਸਾਕਾਰ ਹੋਂਵਦਾ ਹੈ । ਜਿਸ ਤੋਂ ਤਰ੍ਹਾਂ ਤਰ੍ਹਾਂ ਦੀ ਬਨਸਪਤਿ ਪ੍ਰਫੁਲਤ ਹੁੰਦੀ ਹੈ ਤੇ ਰੁੱਤਾਂ ਵਿਚ ਬਦਲੀਆਂ ਹੋਂਵਦੀਆਂ ਹਨ । ਸਾਰੇ ਸੰਸਾਰ ਦੀ ਰਚਨਾਂ ਅਤੇ ਉਸ ਵਿਚ ਰਚੇ ਜੀਵਾਂ ਵਿਚ ਜੀਵਨ-ਜੋਤ ਦਾ ਆਦਿ ਤੇ ਅੰਤ ਉਸ ਕਰਤਾ ਪੁਰਖ ਤੋਂ ਹੈ । ਉਹ ਆਪ ਹੀ ਫ਼ੌਜਾਂ ਦਾ ਮਾਲਕ ਹੈ, ਉਹਨਾਂ ਨੂੰ ਪਿਆਰਨਹਾਰ ਤੇ ਸਹਾਈ ਹੁੰਦਾ ਹੈ । ਬੀਰਾਂ ਨੂੰ

ਸਨਮਾਨ ਤੇ ਤੇਗ਼ ਦੀ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਰਣਤੱਤਿਆਂ ਵਿਚ ਸੂਰਮਿਆਂ ਨੂੰ ਜਿੱਤਾਂ ਬਖ਼ਸ਼ ਕੇ ਉਹਨਾਂ ਦੇ ਵਜਈ-ਨਿਸ਼ਾਨ ਝੁਲਾ ਦੇਂਦਾ ਹੈ ।

ਉਹ ਰਚਨਹਾਰ ਕੌਮਾਂ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਆਪਣੀ ਬਰਕਤ ਤੇ ਸਮਰੱਥਾ ਦੀ ਨਿਸ਼ਾਨੀ (ਮੇਹਰ) ਬਖ਼ਸ਼ ਕੇ ਆਪਣੀ ਮੰਗਲ ਇੱਛਾ ਅਨੁਸਾਰ ਹੁਕਮਰਾਨਾਂ ਤੇ ਪਰਜਾ ਦੇ ਮਨਾਂ ਵਿਚ ਮਿਲਾਪ, ਅਨੁਸਾਰਤਾ ਅਤੇ ਖਿਮਾ ਦੇ ਗੁਣਾਂ ਦੀ ਪ੍ਰੇਰਨਾ ਉਪਜਾਉਂਦਾ ਹੈ । ਇਸੇ ਤਰ੍ਹਾਂ ਉਹਦੇ ਮੂੰਹਾਂ ਤੋਂ ਜੇਹੜੇ ਬੋਲ ਬੁਲਵਾਂਦਾ ਹੈ, ਉਹ ਸਿਆਣਪ ਪਿਆਰ ਨੂਰੀ-ਸਚਾਈ ਦੀਆਂ ਮਾਨੋਂ ਨਦੀਆਂ ਵਗਾ ਦੇਂਦਾ ਹੈ । ਉਸ ਦਾ ਬਰਕਤ-ਭਰਿਆ ਹੱਥ ਜਿੱਥੇ ਪੈਂਦਾ ਹੈ ਅਰਥਾਤ ਜੋ ਉਸ ਦੇ ਸਮੀਪ ਆਉਂਦਾ ਹੈ ਉਹ ਉਸ ਨੂੰ ਵੀ ਆਪਣੇ ਪ੍ਰਭਾਵ ਦੀ ਰੰਗਣ ਵਿਚ ਰੰਗ ਦੇਂਦਾ ਹੈ । ਜਿਸ ਦਾ ਫਲ ਇਹ ਹੁੰਦਾ ਹੈ ਕਿ ਉਸ ਦਾ ਮਨ ਵੀ ਪਾਵਨ ਹੋ ਜਾਂਦਾ ਹੈ ਇਸ ਤਰ੍ਹਾਂ ਪ੍ਰਫੁਲਤ ਹੋਈ ਹੋਈ ਨੂਰੀ ਆਤਮਾ ਆਪਣੇ ਮਿੱਤ੍ਰਾਂ ਨਾਲ ਪ੍ਰਸਪਰ ਪੂਰਨ ਪਿਆਰ ਦਾ ਵਰਤਾਵ ਕਰਦੀ ਹੈ । ਭਾਵੇਂ ਉਹ ਕਿੰਨੇ ਦੂਰੇ ਪਰੇ ਦੀ ਵਿੱਥ ਕਿਉਂ ਨਾ ਰਹਿੰਦੇ ਹੋਣ ।

ਵਲੋਂ:-

ਲੂਈਸ ਫਿਲਪਸ, ਸ਼ਹਿਨਸ਼ਾਹਿ ਫ਼ਰਾਂਸ

ਸੇਵਾ ਵਿਖੇ-

ਅਤਿ ਵੱਡੇ, ਅਤਿ ਉੱਚੀ ਸ਼ਾਨ ਵਾਲੇ ਅਤੇ ਅਤਿ ਸ਼ਕਤੀਮਾਨ ਸ਼ਹਿਨਸ਼ਾਹ ਮਹਾਰਾਜਾ ਰਣਜੀਤ ਸਿੰਘ ਬਹਾਦਰ ਪੰਜਾਬ ਦੇ ਬਾਦਸ਼ਾਹ ਫਾਤਹ ਕਸ਼ਮੀਰ, ਮੁਲਤਾਨ, ਕਾਂਗੜਾ, ਅਟਕ ਅਤੇ ਪਿਸ਼ਾਵਰ ਆਦਿ ਆਦਿ । ਅਜਿੱਤ ਅਤੇ ਆਲੀਸ਼ਾਨ ਯੁੱਧ-ਵੀਰ ਸਾਡੇ ਅਤਿ ਪਿਆਰੇ ਤੇ ਸੱਚੇ ਮਿੱਤ੍ਰ ਜੀ ਆਪ ਨੂੰ ਸਾਡੇ ਵਲੋਂ ਸਤਿਕਾਰ ਭਰੀ ਸਲਾਮ ਪ੍ਰਵਾਨ ਹੋਵੇ ।

ਹਜ਼ੂਰ ਦੇ ਪੁਰਜੋਸ਼ ਤੇ ਸ਼ਾਨਦਾਰ ਕਾਰਨਾਮਿਆਂ ਦੀ ਪ੍ਰਸਿੱਧਤਾ ਅਸੀਂ ਮੁੱਦਤ ਤੋਂ ਸੁਣ ਰਹੇ ਹਾਂ ਹੁਣ ਇਹਨਾਂ ਸਾਰਿਆਂ ਸ਼ੁਭ ਗੁਣਾਂ ਦੀ ਗਵਾਹੀ, ਸਾਡੇ ਪਿਆਰੇ ਤੇ ਬਹਾਦਰ ਜਰਨੈਲ ਐਲਾਰਡ ਨੇ, ਜਿਸ ਨੂੰ ਸਾਡੀ ਸਲਤਨਤ ਵਲੋਂ ਇੱਜ਼ਤ ਦੀ ਅਤਿ ਉੱਚੀ ਪਦਵੀ ਪ੍ਰਾਪਤ ਹੈ, ਅੱਖਰ ਅੱਖਰ ਕੀਤਾ ਹੈ ।

ਸੂਰਜ ਦੇ ਪਾਵਨ ਧਰਤੀ ਪਰ ਉਦੇ ਹੋਣ ਤੋਂ ਲੈਕਰ ਅਸਤ ਹੋਣ ਵਾਲੇ ਨੂਰੀ ਦੇਸਾਂ ਤਕ ਹਜ਼ੂਰ ਦੀ ਵਜੱਈ ਫ਼ੌਜ ਦੀ ਪ੍ਰਸਿੱਧਤਾ ਖਿੱਲਰੀ ਹੋਈ ਹੈ, ਹਜ਼ੂਰ ਦੀ ਸਿਆਣਪ ਅਤੇ ਬੀਰਤਾ ਦੇ ਜੋਹਰ ਨਾਲ ਸਥਾਪਤ ਕੀਤੀ ਹੋਈ ਪੰਜਾਂ ਦਰਿਆਵਾਂ ਦੀ ਹਰੀ ਭਰੀ ਸਲਤਨਤ ਜਿਸ ਵਿਚ ਪਰਜਾ ਅਤਿ ਸੁਖੀ ਤੇ ਸੁਰਖਿਤ ਵੱਸਦੀ ਹੈ, ਸਦੀਵੀ ਉੱਨਤੀ ਅਤੇ ਵਾਧਾ ਹੀ ਵਾਧਾ ਪ੍ਰਾਪਤ ਕਰ ਰਹੀ ਹੈ । ਇਸ ਸਾਰੀ ਸਫ਼ਲਤਾ ਦੇ ਬਾਨੀ ਆਪ ਖੁਦ ਹੋ ।

ਹਜ਼ੂਰ ਦੀ ਸਿਆਣਪ ਭਰੀ ਅਗਵਾਈ ਅਤੇ ਲਗਾਤਾਰ ਉੱਨਤੀ ਦੀਆਂ ਸ਼ੁਭ ਇਛਿਆਵਾਂ ਵਿਚ ਸਦਾ ਨਿਰ-ਵਿਘਨ ਰਹਿਣ ਦੇ ਕਾਰਨ ਆਪ ਨੇ ਆਪਣੀ ਪਿਆਰੀ ਸਲਤਨਤ ਨੂੰ ਇੱਕ ਸੁਰਗੀ ਨਮੂਨਾ ਬਣਾ ਦਿੱਤਾ ਹੈ । ਹਜ਼ੂਰ ਦੀ ਦ੍ਰਿਸ਼ਟੀ ਹੇਠ ਅਤੇ ਨਿੱਤ ਦੇ ਯਤਨਾਂ ਦੇ ਸਦਕਾ ਖਾਲਸੇ ਦੀ ਸਲਤਨਤ ਨੇ ਹਰ ਪਹਿਲ ਤੋਂ ਹੈਰਾਨਗੀ ਵਿਚ ਪਾ ਦੇਣ ਵਾਲੀ ਤਰੱਕੀ ਕੀਤੀ ਹੈ ।

ਇਸ ਬਾਦਸ਼ਾਹਤ ਵਿਚ ਕੁਝ ਫ਼ਰਾਂਸੀਸੀਆਂ ਨੂੰ ਆਪ ਨੇ ਆਪਣੀ ਸੇਵਾ ਵਿਚ ਰੱਖਣ ਦਾ ਮਾਣ ਬਖ਼ਸ਼ਿਆ ਹੋਇਆ ਹੈ । ਸਰਕਾਰ ਵਲੋਂ ਇਹਨਾਂ ਫ਼ਰਾਂਸੀਸੀਆਂ ਨਾਲ ਅਤੇ ਉਦਾਰ-ਦਿਲੀ ਤੇ ਬਖ਼ਸ਼ਸ਼ਾਂ ਦਾ ਨਿੱਤ ਦਾ ਵਰਤਾਵ ਉਹਨਾਂ ਨੂੰ ਨਿਹਾਲ ਨਿਹਾਲ ਕਰ ਰਿਹਾ ਹੈ । ਇਹ ਸਾਰੀਆਂ ਮਨਾਂ ਨੂੰ ਅਤਿ ਪ੍ਰਸੰਨ ਕਰਨ ਵਾਲੀਆਂ ਖਬਰਾਂ ਅਸੀਂ ਸਦਾ ਸੁਣਦੇ ਰਹਿੰਦੇ ਹਾਂ । ਸਰ ਾਰ ਦੀਆਂ ਇਹ ਬਖ਼ਸ਼ਸ਼ਾਂ ਉਹਨਾਂ ਦੀ ਸੇਵਾ ਦੇ ਟਾਕਰੇ ਪਰ ਬਹੁਤ ਵਧ ਚੜ੍ਹ ਕੇ ਹਨ । ਸਭ ਤੋਂ ਵਧਕੇ ਸਾਡੇ ਪਿਆਰੇ

ਜਰਨੈਲ ਐਲਾਰਡ ਨਾਲ ਸਰਕਾਰ ਦੇ ਕ੍ਰਿਪਾਲਤਾ ਭਰੇ ਵਰਤਾਵ ਦੇ ਕਾਰਨ ਉਹ ਐਲਾਰਡ ਸਰਕਾਰ ਦੇ ਬਖ਼ਸ਼ਸ਼ ਥੱਲੇ ਦੱਬਿਆ ਹੋਇਆ ਹੈ ਜਿਸ ਦੇ ਕਾਰਨ ਉਸ ਦਾ ਮਨ ਆਪ ਨੇ ਮੋਹ ਲਿਆ ਹੈ ਇਸ ਲਈ ਉਹ ਸਦਾ ਆਪ ਦੇ ਸ਼ੁਭ ਗੁਣ ਗਾਉਂਦਾ ਰਹਿੰਦਾ ਹੈ ।

ਹੁਣ ਅਸੀਂ ਸਰਕਾਰ ਵੱਲੋਂ ਇਸ ਮਾਣ ਦੀ ਪ੍ਰਾਪਤੀ ਦੇ ਇੱਛਾਵਾਨ ਹਾਂ ਕਿ ਆਪ ਜੀ ਦੇ ਦਰਬਾਰ ਵਿਚ ਅਸੀਂ ਆਪਣਾ ਇੱਕ ਮੁਖਤਾਰ (ਸਫ਼ੀਰ) ਨੀਯਤ ਕਰੀਏ । ਇਸ ਜ਼ਿਮਾਵਾਰੀ ਦੇ ਅਹੁਦੇ ਲਈ ਆਪ ਅਤੇ ਸਾਡੇ ਦੋਹਾਂ ਵੱਲੋਂ ਪਿਆਰੇ ਤੇ ਭਰੋਸੇ ਯੋਗ ਜਰਨੈਲ ਐਲਾਰਡ ਤੋਂ ਵੱਧ ਯੋਗ ਕੇਹੜਾ ਹੋਣਾ ਹੈ । ਸੋ ਇਸ ਲਈ ਅਸੀਂ ਉਸ ਨੂੰ ਆਪਣਾ ਸਫ਼ੀਰ ਨੀਯਤ ਕਰਦੇ ਹਾਂ ਇਹ ਸਾਡੇ ਕਦੇ ਨਾ ਟੁੱਟਣ ਵਾਲੇ ਪਿਆਰ ਦਾ ਇੱਕ ਜੀਵਤ ਸਬੂਤ ਹੈ ।

ਸਲਤਨਤ ਪੰਜਾਬ ਦੇ ਫ਼ਰਾਂਸ ਵਿਚਾਲੇ ਦੂਰ ਪਰੇ ਦੀ ਦੂਰੀ ਅਤੇ ਸਮੁੰਦਰਾਂ ਦੀ ਵਿੱਥ ਮੌਜੂਦ ਹੈ, ਪਰ ਇਹ ਦੂਰੀ ਸੱਚੇ ਮਿੱਤ੍ਰਾਂ ਦੇ ਪਿਆਰ ਪੂਰਤ ਮਨਾਂ ਲਈ ਕੋਈ ਰੋਕ ਨਹੀਂ ਹੋ ਸਕਦੀ । ਦ੍ਰਿਸ਼ਟਾਂਤ ਲਈ ਜਿਸ ਤਰ੍ਹਾਂ ਦੂਰ ਦੁਰਾਡੇ ਦੇਸ਼ਾਂ ਦੀ ਖਿੱਲਰੀ ਹੋਈ ਧਰਤੀ ਨੂੰ ਇੱਕੋ ਸੂਰਜ ਰੋਸ਼ਨੀ ਬਖਸ਼ਦਾ ਹੈ ਇਸੇ ਤਰ੍ਹਾਂ ਇੱਕ ਸੱਚੇ ਪਿਆਰ ਦਾ ਮਿਲਾਪ ਦੂਰ ਦੇ ਦੇਸ਼ਾਂ ਵਿਚ ਵਸ ਰਹੇ ਮਿੱਤ੍ਰਾਂ ਦੇ ਸੰਬੰਧ ਜੋੜੀ ਰੱਖਦਾ ਹੈ ।

ਸਾਡੇ ਮਨ ਵਿਚ ਸਰਕਾਰ ਲਈ ਜੋ ਇੱਜ਼ਤ ਅਤੇ ਪਿਆਰ ਹੈ ਉਹ ਜਰਨੈਲ ਐਲਾਰਡ ਹਜ਼ੂਰ ਨੂੰ ਜ਼ਬਾਨੀ ਦੱਸੇਗਾ ।

ਹਜ਼ੂਰ ਦੀ ਵਰਿਆਮਤਾ ਤੇ ਬਖਸ਼ਸ਼ਾਂ ਦੀਆਂ ਜੋ ਧੁੰਮਾਂ ਸਾਰੇ ਦੇਸ ਵਿਚ ਧੁੰਮੀਆਂ ਹੋਈਆਂ ਹਨ ਸਾਡਾ ਮਨ ਵੀ ਉਹਨਾਂ ਸਮਾਚਾਰਾਂ ਨੂੰ ਸੁਣਨ ਨਾਲ ਪਿਆਰ ਛਲੁਕੇ ਖਾ ਰਿਹਾ ਹੈ ।

ਸਰਕਾਰ ਦੇ ਉਸ ਕ੍ਰਿਪਾਲਤਾ ਵਾਲੇ ਵਰਤਾਉ ਦਾ ਜੇਹੜਾ ਆਪ ਜਰਨੈਲ ਐਲਾਰਡ ਤੇ ਹੋਰ ਆਪਣੇ ਫ਼ਰਾਂਸੀਸੀ ਸੇਵਕਾਂ ਨਾਲ ਕਰਦੇ

ਰਹਿੰਦੇ ਹੋ ਇਸ ਤੋਂ ਛੁੱਟ ਸਾਡੇ ਦੇਸ ਦੇ ਸੈਲਾਨੀਆਂ ਨਾਲ ਹਜ਼ੂਰ ਦੇ ਸ਼ਹਾਨਾ ਸਲੂਕ ਲਈ ਆਪ ਦੇ ਹਿਤੋਂ ਚਿਤੋਂ ਧੰਨਵਾਦੀ ਹਾਂ ।

ਸਾਡੀ ਦਿਲੋਂ ਇੱਛਾ ਹੈ ਕਿ ਸਾਡੇ ਮਨ ਦੇ ਡੂੰਘੇ ਪਿਆਰ ਪੂਰਤ ਭਾਵ ਜਰਨੈਲ ਐਲਾਰਡ ਹਜ਼ੂਰ ਦੀ ਸੇਵਾ ਵਿਚ ਹੂ-ਬਹੂ ਜ਼ਬਾਨੀ ਪ੍ਰਗਟ ਕਰ ਦੇਵੇ ।

ਸਾਡੇ ਅਤੇ ਸਰਕਾਰ ਦੇ ਵਿਚਾਲੇ ਜੇਹੜਾ ਪਿਆਰ ਅਤੇ ਸਤਿਕਾਰ ਦਾ ਸਿਲਸਿਲਾ ਕਾਇਮ ਹੈ, ਉਸ ਨੂੰ ਉਹ ਸੁਰਖਿਤ ਰੱਖਦਾ ਹੋਇਆ ਹੋਰ ਵਧਾਏ ।

ਛੇਕੜ ਪਰ ਅਸੀਂ ਸਫਾਰਸ਼ ਕਰਦੇ ਹਾਂ ਕਿ ਹਜ਼ੂਰ ਆਪਣੀਆਂ ਬਖ਼ਸ਼ਸ਼ਾਂ ਦੀ ਉਹ ਲੜੀ ਜਰਨੈਲ ਐਲਾਰਡ ਤੇ ਹੋਰਨਾਂ ਫ਼ਰਾਂਸੀਸੀਆਂ ਨਾਲ ਸਦਾ ਅਟੁੱਟ ਰਖੋਗੇ । ਇਸ ਬਦਲੇ ਅਸੀਂ ਅਕਾਲ ਪੁਰਖ ਦੇ ਦਰ ਪਰ ਅਰਦਾਸ ਕਰਦੇ ਹਾਂ ਕਿ ਉਹ ਦਾਤਾਰ ਸ੍ਰੀ ਹਜ਼ੂਰ ਜੀ ਅਤੇ ਹਜ਼ੂਰ ਦੇ ਸਾਰੇ ਘਰਾਣੇ ਤੇ ਸਾਰੀ ਕੌਮ ਅਤੇ ਪਰਜਾ ਨੂੰ ਸਦੀਵੀ ਖੁਸ਼ੀਆਂ ਬਖ਼ਸ਼ੇ।

ਸਮਾਪਤੀ ਪਰ ਅਸਾਡੀ ਅਰਦਾਸ ਹੈ ਕਿ ਉਹ ਸਰਬ ਸ਼ਕਤੀਮਾਨ ਆਪ ਨੂੰ ਆਪਣੀ ਕੌਮ ਦੀ ਅਗਵਾਈ ਲਈ ਨਵੀਂ ਸ਼ਕਤੀ ਸਿਆਣਪ ਪ੍ਰਦਾਨ ਕਰੇ ਤਾਕਿ ਹਜ਼ੂਰ ਦੀ ਫਤਹਿਯਾਬੀਆਂ ਦੇ ਨਿਸ਼ਾਨ ਸਦਾ ਲਈ ਝੂਲਦੇ ਰਹਿਣ ।

ਇਹ ਪਿਆਰ-ਪੱਤ੍ਰ ਸਾਡੇ ਸ਼ਾਹੀ ਮਹੱਲ ਟਿਊਲੀਰੀਜ਼ ਵਿਚ ਅਕਤੂਬਰ ਦੀ ਸਤਾਈਸਵੀਂ ਤਾਰੀਖ ਸੰਨ ਅਠਾਰਾਂ ਸੌ ਪੈਂਤਰੀ ਨੂੰ ਲਿਖਿਆ ਗਿਆ ।*

---

*ਇਸ ਖਤ ਦਾ ਉਤਾਰਾ ਪ੍ਰਾਪਤ ਕਰਨ ਲਈ ਗਵਰਨਰ ਜਨਰਲ ਦੇ ਸੈਕ੍ਰੇਟਰੀ, ਮਿਸਟਰ ਮੈਕਨਾਟਨ ਨੇ ਖ਼ਾਸ ਤੌਰ ਪਰ ਕਪਤਾਨ ਵੇਡ, ਪੁਲੀਟੀਕਲ ਏਜੰਟ ਲੁਧਿਆਣਾ ਨੂੰ ਲਿਖਿਆ ਕਿ ਜਿਸ ਤਰ੍ਹਾਂ ਹੋ ਸਕੇ ਇਸ ਦਾ ਉਤਾਰਾ ਪ੍ਰਾਪਤ ਕੀਤਾ ਜਾਏ । ਲੁਧਿਆਣਾ ਏਜੰਸੀ ਰੀਕਾਰਡ, ਜਿਲਦ ੬, ਸਫਾ ੨੩੬ ।

(ਦਸਖ਼ਤ) ਵੀ. ਬਰੋਗਲੀ, ਸ਼ਹਿਨਸ਼ਾਹ ਫ਼ਰਾਂਸ ਦਾ ਵਜ਼ੀਰ ਤੇ ਸਕੱਤ੍ਰ	(ਦਸਖ਼ਤ) ਆਪ ਦਾ ਅਤਯੰਤ ਪਿਆਰਾ ਤੇ ਸੱਚਾ ਮਿੱਤ੍ਰ ਲੂਈਸ ਫ਼ਿਲਪ ਮੋਰਲੀਅਨਸ

ਐਲਾਰਡ ਦੀ ਮੌਤ ਦੀ ਖਬਰ ਲਾਹੌਰ ਦਰਬਾਰ ਵਲੋਂ ਉਸ ਦੀ ਜ਼ਨਾਨੀ ਤੇ ਭਤੀਜੀਆਂ ਨੂੰ ਫ਼ਰਾਂਸ ਭੇਜੀ ਗਈ। ਇਸ ਖਬਰ ਦੇ ਪਹੁੰਚਣ ਪਰ ਐਲਾਰਡ ਦਾ ਵੱਡਾ ਭਤੀਜਾ ਬਿਜ਼ੈਮਨ ਐਲਾਰਡ ਲਾਹੌਰ ਆਇਆ। ਦਰਬਾਰ ਵਲੋਂ ਉਸਦੀ ਚੰਗੀ ਆਗਤ ਭਾਗਤ ਕੀਤੀ ਗਈ।

ਬਿਜਮੈਨ ਨੇ ਐਲਾਰਡ ਦੀ ਕੋਠੀ ਦਾ ਸਾਮਾਨ ਜੇਹੜਾ ਕੀਮਤੀ ਸੀ, ਉਹ ਤਾਂ ਆਪਣੇ ਨਾਲ ਫ਼ਰਾਂਸ ਲੈ ਗਿਆ। ਬਾਕੀ ਰਹਿੰਦਾ ਚੰਗੀ ਕੀਮਤ ਪਰ ਉਹ ਲਾਹੌਰ ਵਿਚ ਵੇਚ ਗਿਆ।

ਦਰਬਾਰ ਵੱਲੋਂ ਜਨਰਲ ਐਲਾਰਡ ਦੀ ਤਲਬ ਤੇ ਜਾਗੀਰ ਦੀ ਆਮਦਨੀ ਦਾ ਰੁਪਿਆ ਦੋ ਲੱਖ ਦੇ ਲਗ ਪਗ ਬਿਜੈਮਨ ਨੂੰ ਦਿੱਤਾ ਗਿਆ। ਇਸ ਤਰ੍ਹਾਂ ਉਹ ਲਾਹੌਰ ਕਈ ਮਹੀਨੇ ਠਹਿਰਨੇ ਦੇ ਉਪ੍ਰੰਤ ਫ਼ਰਾਂਸ ਵਲ ਪਰਤ ਗਿਆ।

---o---

ਊਮਸ-ਮੂਸਾ ਸਾਹਿਬ

ਨਾਮ	ਕੌਮਿਅਤ	ਨੌਕਰੀ ਦਾ ਸਮਾਂ	ਤਲਬ
ਊਮਸ ਮੂਸਾ ਸਾਹਿਬ	ਫ਼ਰਾਂਸੀਸੀ	ਨਵੰਬਰ ੧੮੨੬ ਅਕਤੂਬਰ ੧੮੨੮	੧੨੦੦

ਖਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਊਮਸ ਦਾ ਨਾਮ, ਮੂਸਾ ਸਾਹਿਬ ਲਿਖਿਆ ਹੈ। ਇਸ ਦਾ ਪੂਰਾ ਨਾਮ, ਸੀਨੋਰ ਊਮਸ ਸੀ। ਨੌਕਰ ਹੋਣ ਸਮੇਂ ਇਸ ਆਪਣੀ ਕੌਮੀਅਤ ਫ਼ਰਾਂਸੀਸੀ ਲਿਖਵਾਈ ਸੀ। ਕੁਝ ਲਿਖਤਾਂ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਇਹ ਸ਼ਾਇਦ ਸਪੈਨਸ਼

ਸੀ । ਪਰ ਚੂੰਕਿ ਇਸ ਖੁਦ ਆਪਣੀ ਕੌਮੀਅਤ ਫ਼ਰਾਂਸੀਸੀ ਲਿਖਵਾਈ ਸੀ ਇਸ ਲਈ ਅਸੀਂ ਇਸ ਨੂੰ ਫ਼ਰਾਂਸੀਸੀ ਹੀ ਮੰਨਦੇ ਹਾਂ ।

ਲਾਹੌਰ ਆਉਣਾ

ਊਮਸ ਦੇ ਪੰਜਾਬ ਵਿਚ ਆਉਣ ਤੋਂ ਪਹਿਲਾਂ ਦੇ ਜੀਵਨ ਬਾਰੇ ਖੋਜ ਕੀਤਿਆਂ ਪਤਾ ਲਗਦਾ ਹੈ ਕਿ ਊਹ ਨੈਪੋਲੀਅਨ ਦੇ ਤੋਪਖਾਨੇ ਵਿਚ ਲਫਟੈਨ ਭਰਤੀ ਹੋਇਆ ਸੀ ਅਤੇ ਛੇਤੀ ਹੀ ਉਸ ਨੂੰ ਕਪਤਾਨੀ ਪਰ ਤ੍ਰੱਕੀ ਦਿੱਤੀ ਗਈ । ਜਿਹਾ ਕਿ ਐਲਾਰਡ ਦੇ ਜੀਵਨ ਵਿਚ ਲਿਖਿਆ ਜਾ ਚੁੱਕਾ ਹੈ ਕਿ ਨੈਪੋਲੀਅਨ ਦੀ ਤਬਾਹੀ ਦੇ ਬਾਅਦ ਫ਼ਰਾਂਸ ਦੇ ਅਨੇਕਾਂ ਨੌਜੁਵਾਨਾਂ ਨੂੰ ਰੋਟੀ ਕਮਾਣ ਲਈ, ਦੇਸ ਪਰਦੇਸ ਰਟਨ ਕਰਨਾ ਪਿਆ।

ਉਪਰੋਕਤ ਭਾਵ ਅਨੁਸਾਰ ਮੂਸਾ ਸਾਹਿਬ ਵੀ ਈਰਾਨ ਤੋਂ ਬਿਲੋਚਿਸਤਾਨ ਦੇ ਰਾਹ, ਨਵੰਬਰ ਸੰਨ ੧੮੨੬ ਨੂੰ ਲਾਹੌਰ ਪੁੱਜਾ । ਸੰਜੋਗ ਨਾਲ ਇਨ੍ਹਾਂ ਦਿਨਾਂ ਵਿਚ ਡਾਕਟਰ ਮਰੇ* ਅਤੇ ਕਪਤਾਨ ਵੈਡ,

*ਕਪਤਾਨ ਵਿਲੀਅਮ ਮਰੇ, ਈਸਟ ਇੰਡੀਆ ਕੰਪਨੀ ਦੀ ਚੌਥੀ ਦੇਸੀ ਫ਼ੌਜ ਵਿਚ ਡਾਕਟਰੀ ਦੇ ਅਹੁਦੇ ਪਰ ਭਰਤੀ ਹੋਇਆ । ਕੁਝ ਸਮੇਂ ਦੇ ਬਾਅਦ ਸਰ ਡੇਵਡ ਅਕਟਰਲੋਨੀ, ਪੋਲਟੀਕਲ ਰੈਜ਼ੀਡੈਂਟ ਦਿੱਲੀ ਦੀ ਤਹਿਤ ਵਿਚ ਰਾਜਸੀ ਮਹਿਕਮੇ ਵਿਚ ਬਦਲ ਦਿੱਤਾ ਗਿਆ । ਇਹ ਅੰਬਾਲੇ ਅਤੇ ਲੁਧਿਆਣੇ ਵਿਚ ਅਸਿਸਟੈਂਟ

ਪੋਲੀਟੀਕਲ ਅਫ਼ਸਰ ਦੇ ਅਹੁਦੇ ਪਰ ਕੰਮ ਕਰਦਾ ਰਿਹਾ । ਇਹ ਓਹੀ ਮਰੇ ਹੈ ਜਿਸਨੇ ਮੌਲਵੀ ਬੂਟੀ ਸ਼ਾਹ ਤੋਂ ਤਵਾਰੀਖ ਪੰਜਾਬ ਅਤੇ ਭਾਈ ਰਤਨ ਸਿੰਘ ਮੀਰਾਕੋਟੀਏ ਤੋਂ ਪੰਥ ਪ੍ਰਕਾਸ਼ ਨਾਮੀ ਪੁਸਤਕ ਲਿਖਵਾਈ ਸੀ । ਇਸ ਬਾਰੇ ਭਾਈ ਰਤਨ ਸਿੰਘ ਲਿਖਦਾ ਹੈ:–

'ਸੋ ਮਰੀ ਹਮਾਰੋ ਮਿਤ ਭਯੋ ਮੋਹਿ ਫਿਰ ਕਹਯੋ ਬੁਲਵਾਇ ।
ਜਿਮ ਉਤਪਿਤ ਭਈ ਖਾਲਸੇ ਤਿਮ ਤੁਮ ਦੇਹੁ ਲਖਾਇ ।'

[ਪੰਥ ਪ੍ਰ: ਸ: ੮

ਸੰਨ ੧੮੨੬ ਈ: ਵਿਚ ਜਦ ਮਹਾਰਾਜਾ ਰਣਜੀਤ ਸਿੰਘ ਬੀਮਾਰ ਹੋਏ ਸਨ ਤਾਂ ਕੰਪਨੀ ਵਲੋਂ ਇਹ ਡਾਕਟਰ ਮਰੇ, ਮਹਾਰਾਜਾ ਸਾਹਿਬ ਦੀ ਦੇਖ ਭਾਲ ਲਈ ਚਾਰ ਮਹੀਨੇ ਲਾਹੌਰ ਵਿਚ ਰਿਹਾ । ਇਥੇ ਇਸ ਨੇ ਮਹਾਰਾਜਾ ਸਾਹਿਬ ਦਾ ਜੀਵਨ ☞

ਪੁਲਟੀਕਲ ਏਜੰਟ ਲੁਧਿਆਣਾ, ਲਾਹੌਰ ਆਏ ਹੋਏ ਸਨ । ਊਮਸ ਜਦ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਮਹਾਰਾਜਾ ਸਾਹਿਬ ਨੇ ਉਸ ਦੇ ਫ਼ਰਾਂਸੀਸੀ ਹੋਣ ਦੀ ਅਤੇ ਉਹ ਪਹਿਲਾਂ ਜਿਥੇ ਜਿਥੇ ਜਿਸ ਜਿਸ ਅਹੁਦੇ ਪਰ ਨੌਕਰ ਰਹਿ ਚੁੱਕਾ ਸੀ, ਉਪਰੋਕਤ ਦੋਵਾਂ ਅੰਗਰੇਜ਼ੀ ਅਫ਼ਸਰਾਂ ਦੀ ਰਾਹੀਂ, ਫ੍ਰੰਚ ਭਾਸ਼ਾ ਵਿਚ ਊਮਸ ਨਾਲ ਗੱਲ ਬਾਤ ਕਰਕੇ ਪੁਸ਼ਟੀ ਕਰਵਾਈ । ਜਦ ਊਮਸ ਆਪਣੀ ਸਾਰੀ ਸਿਰ ਬੀਤੀ ਸੁਣਾ ਚੁਕਾ ਅਤੇ ਇਸ ਗੱਲ ਦੀ ਪੂਰੀ ਤਰ੍ਹਾਂ ਤੱਸੱਲੀ ਹੋ ਗਈ, ਕਿ ਉਹ ਨੈਪੋਲੀਅਨ ਦੀ ਫ਼ੌਜ ਵਿਚ ਕੈਪਟਨ ਰਿਹਾ ਸੀ ਤਾਂ ਸ਼ੇਰਿ ਪੰਜਾਬ ਨੇ ਇਸ ਨੂੰ ਬੜੀ ਖੁਲ੍ਹੀ ਤਲਬ ਦੇਣੀ ਪਰਵਾਨ ਕਰ ਲਈ ਅਰਥਾਤ ੧੨੦੦ ਰੁਪਿਆ ਮਹੀਨੇ ਪਰ ਉਸਨੂੰ ਨੌਕਰ ਰਖ ਲਿਆ ।

ਊਮਸ ਨੂੰ ਰਹਿਣ ਲਈ ਜਹਾਂਗੀਰ ਬਾਦਸ਼ਾਹ ਦੀ ਸ਼ਾਹਦਰੇ ਵਾਲੀ ਬਾਰਾਂਦਰੀ ਦਿਤੀ ਗਈ ।

ਪਹਿਲਾਂ ਉਸਨੂੰ ਤੋਪਖਾਨੇ ਵਿਚ ਲਾਇਆ ਗਿਆ, ਇਸ ਦੀ ਛਾਵਣੀ ਭੀ ਸ਼ਾਹਦਰੇ ਵਿਚ ਵਸਾਈ ਗਈ ।

ਮੂਸਾ ਸਾਹਿਬ ਫ਼ੌਜੀ ਸਿਖਲਾਈ ਦੇ ਕੰਮ ਵਿਚ ਬੜਾ ਚਤਰ ਸੀ। ਭਾਵੇਂ ਉਸਦੀ ਆਮ ਵਾਕਫ਼ੀ ਤਾਂ ਐਲਾਰਡ ਤੇ ਵੈਨਤੂਰਾ ਜਿੰਨੀ ਨਹੀਂ ਸੀ ਪਰ ਮੇਹਨਤ ਨਾਲ ਨਵੇਂ ਰੰਗਰੂਟਾਂ ਨੂੰ ਸਿਖਲਾਈ ਦਾ ਕੰਮ ਬੜੀ ਕੋਸ਼ਿਸ਼ ਨਾਲ ਸਿਖਾਂਦਾ ਸੀ, ਜਿਸ ਕਰਕੇ ਮਹਾਰਾਜਾ ਸਾਹਿਬ ਇਸ ਦੇ ਕੰਮ ਤੋਂ ਬਹੁਤ ਖੁਸ਼ ਸਨ ।

☞ ਬ੍ਰਿਤਾਂਤ ਲਿਖਣਾ ਆਰੰਭਿਆ ਪਰ ਇਹ ਸੰਪੂਰਣ ਨਾ ਹੋ ਸਿਕਆ । ਕਿਉਂਕਿ ਡਾਕਟਰ ਮਰੇ ਜੂਨ ੧੮੩੧ ਵਿਚ ਸਬਾਥੂ (ਸ਼ਿਮਲੇ) ਇਸ ਲੋਕ ਤੋਂ ਕੂਚ ਕਰ ਗਿਆ।

ਲਾਹੌਰ ਨਿਵਾਸ ਸਮੇਂ ਇਸ ਨੇ ਕੁਝ ਚਿਠੀਆਂ ਖਾਲਸਾ ਰਾਜ ਬਾਰੇ ਪੋਲੀਟੀਕਲ ਮਹਿਕਮੇ ਨੂੰ ਲਿਖੀਆਂ ਸਨ ਇਸ ਸਮੇਂ ਲੰਡਨ ਦੇ ਇੰਡੀਆ ਆਫ਼ਿਸ ਦੇ ਮਿਊਜ਼ਮ ਵਿਚ ਸੁਰਖਿਤ ਹਨ । ਜਿਨ੍ਹਾਂ ਦੇ ਪੜ੍ਹਿਆਂ ਖਾਲਸਾ ਰਾਜ ਦੇ ਪ੍ਰਬੰਧ ਪਰ ਬਹੁਤ ਕੁਝ ਰੌਸ਼ਨੀ ਪੈਂਦੀ ਹੈ ।

ਰਸਾਲਿਆਂ ਦੀ ਸਿਖਲਾਈ

ਥੋੜੇ ਦਿਨਾਂ ਬਾਅਦ ਊਮਸ ਨੂੰ ਰਸਾਲੇ ਦੇ ਜਵਾਨਾਂ ਦੀ ਸਿਖਲਾਈ ਦਾ ਕੰਮ ਵੀ ਸੌਂਪਿਆ ਗਿਆ, ਊਸ ਦੇ ਕੰਮ ਨੂੰ ਵੇਖਕੇ ਇਹ ਆਸ ਪੈਂਦੀ ਸੀ ਕਿ ਛੇਤੀ ਹੀ ਉਸਦਾ ਪਾਇਆ ਐਲਾਰਡ ਤੇ ਵੈਨਤੂਰਾ ਦੇ ਬਰਾਬਰ ਹੋ ਜਾਏਗਾ ਅਤੇ ਉਹ ਪਹਿਲੇ ਦਰਜੇ ਦੇ ਅਹੁਦੇਦਾਰਾਂ ਵਿਚ ਗਿਣਿਆ ਜਾਏਗਾ । ਪਰ ਬਿਧਨਾਂ ਦੇ ਖੇਲ ਨਿਆਰੇ ਹਨ ।

ਡਾਕੀ ਦੀ ਬੀਮਾਰੀ ਨਾਲ ਮੌਤ

ਅਕਤੂਬਰ ਸੰਨ ੧੮੨੮ ਨੂੰ ਮੂਸਾ ਸਾਹਿਬ ਡਾਕੀ ਦੇ ਰੋਗ ਨਾਲ ਬੀਮਾਰ ਹੋ ਗਿਆ । ਉਸ ਦਾ ਇਹ ਰੋਗ ਐਨਾ ਭਿਆਨਕ ਹੋ ਗਿਆ ਸੀ ਕਿ ਫ਼ਕੀਰ ਸਾਹਿਬ ਆਪ ਅਤੇ ਹੋਰ ਕਈ ਸਿਆਣਿਆਂ ਹਕੀਮਾਂ ਦੇ ਅਨੇਕ ਯਤਨ ਕਰਨ ਤੇ ਵੀ ਰੋਗ ਕੁਝ ਵੀ ਨਾ ਘਟਿਆ । ਛੇਕੜ ੧੬ ਅਕਤੂਬਰ ਸੰਨ ੧੮੨੮ ਦੀ ਰਾਤ ਨੂੰ ਉਹ ਇਸ ਸੰਸਾਰ ਤੋਂ ਕੂਚ ਕਰ ਗਿਆ ।

ਇਸ ਬਾਰੇ ਮੁਨਸ਼ੀ ਸੋਹਨ ਲਾਲ ਲਿਖਦਾ ਹੈ ਕਿ ਮਹਾਰਾਜਾ ਸਾਹਿਬ ਨੂੰ ਮੂਸਾ ਸਾਹਿਬ ਦੀ ਮੌਤ ਦੀ ਖਬਰ ਸੁਣਕੇ ਬੜਾ ਦੁਖ ਹੋਇਆ* । ਉਸ ਦਾ ਬਿਬਾਣ ਪੂਰਨ ਫ਼ੌਜੀ ਸ਼ਾਨ ਨਾਲ ਉਠਾਇਆ ਗਿਆ ਅਤੇ ਸ਼ਾਹਦਰੇ ਵਿਚ ਹੀ ਸ਼ਾਹੀ ਮੱਕਬਰੇ ਦੇ ਲਾਗੇ ਉਸ ਨੂੰ ਦਫਨਾਇਆ ਗਿਆ ।

ਖਾਲਸਾ ਰਾਜ ਸਮੇਂ ਦੀਆਂ ਲਿਖਤਾਂ ਵਿਚ ਕੋਈ ਲਿਖਤ ਐਸੀ ਨਹੀਂ ਮਿਲਦੀ ਜਿਸ ਵਿਚ ਮੂਸਾ ਸਾਹਿਬ ਦਾ ਮੈਦਾਨੇ-ਜੰਗ ਵਿਚ ਲੜਨ ਦਾ ਕੋਈ ਸਮਾਚਾਰ ਲਿਖਿਆ ਹੋਵੇ ।

---o---

*ਸੋਹਣ ਲਾਲ, ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ ।

ਕੋਰਟ

ਨਾਮ	ਕੋਮੀਅਤ	ਨੌਕਰੀ ਦਾ ਸਮਾਂ	ਤਲਬ
ਕੋਰਟ	ਫ਼ਰਾਂਸੀਸੀ	ਮਾਰਚ ੧੮੨੨-੪੪	੩੫੦੦

ਜਨਮ

ਕੋਰਟ ਦਾ ਜਨਮ ਸੰਨ ੧੭੯੩ ਨੂੰ ਗਰੇਸ ਫ਼ਰਾਂਸ ਵਿਚ ਹੋਇਆ। ਉਸ ਨੇ ਪੈਰਸ ਦੇ ਫ਼ੌਜੀ ਸਕੂਲ ਵਿਚ ਵਿਦਿਆ ਪ੍ਰਾਪਤ ਕੀਤੀ ਸੀ। ਪ੍ਰੀਖਿਆ ਵਿਚ ਚੰਗੇ ਨੰਬਰ ਲੈ ਕੇ ਪਾਸ ਹੋਣ ਦੇ ਕਾਰਨ ਉਸ ਨੂੰ ਸੰਨ ੧੮੧੩ ਵਿਚ ਫ਼ਰਾਂਸ ਦੀ ਪ੍ਰਸਿੱਧ ੬੮ਵੀਂ ਪੈਦਲ ਰਜਮੰਟ ਵਿਚ ਲਫਟੈਨ ਦਾ ਅਹੁਦਾ ਦਿੱਤਾ ਗਿਆ। ਇਸ ਫ਼ੌਜ ਵਿਚ ਕੋਰਟ ਸੰਨ ੧੮੧੮ ਤਕ ਰਿਹਾ। ਮਾਲੂਮ ਹੁੰਦਾ ਹੈ ਕਿ ਕੋਰਟ ਨੂੰ ਹੁਣ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਫ਼ਰਾਂਸ ਵਿਚ ਰਹਿਕੇ ਉਸ ਨੂੰ ਅਗੇ ਕੋਈ ਤਰੱਕੀ ਮਿਲਣ ਦੀ ਆਸ ਨਹੀਂ। ਤਾਂ ਉਹ ਇਹ ਨੌਕਰੀ ਛੱਡਕੇ ਨਵੀਂ ਨੌਕਰੀ ਦੀ ਭਾਲ ਵਿਚ ਫਿਰਦਾ ਫਿਰਾਂਦਾ ਈਰਾਨ ਜਾ ਨਿਕਲਿਆ ਅਤੇ ਉਥੇ ਫ਼ੌਜ ਵਿਚ ਨੌਕਰ ਹੋ ਗਿਆ।

ਕੋਰਟ ਨੂੰ ਈਰਾਨ ਵਿਚ ਅਜੇ ਥੋੜਾ ਸਮਾਂ ਹੀ ਬੀਤਿਆ ਸੀ ਕਿ ਉਸਦਾ ਮੇਲ ਆਵੀਤਾਬੀਲ ਨਾਲ ਹੋਇਆ ਜੋ ਉਸ ਤੋਂ ਪਹਿਲਾਂ ਹੀ ਈਰਾਨ ਵਿਚ ਪਹੁੰਚ ਚੁੱਕਾ ਸੀ। ਉਥੇ ਉਹਨਾਂ ਦੋਵਾਂ ਦਾ ਮਿੱਤ੍ਰਤਾ ਵਾਲਾ ਸਬੰਧ ਹੋ ਗਿਆ ਅਤੇ ਉਹ ਹੁਣ ਇਕੱਠੇ ਰਹਿਣ ਲਗ ਪਏ।

ਜਿਹਾ ਕਿ ਪਾਠਕ ਆਵੀਤਾਬੀਲ ਦੇ ਜੀਵਨ ਵਿਚ ਪੜ੍ਹ ਆਏ ਹਨ ਕਿ ਉਹ ਜਦ ਈਰਾਨ ਵਿਚ ਸੀ ਤਾਂ ਉਸ ਨੂੰ ਆਪਣੇ ਦੋ ਹੋਰ ਦੇਸ-ਭਾਈਆਂ, ਵੈਨਤੂਰਾ ਤੇ ਐਲਾਰਡ ਬਾਰੇ ਪਤਾ ਸੀ ਕਿ ਉਹ ਦੋਵੇਂ ਯੂਰਪੀਨ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਾਲੀਏ ਪੰਜਾਬ ਦੇ ਪਾਸ ਫ਼ੌਜ ਵਿਚ ਚੰਗੇ ਅਹੁਦਿਆਂ ਪਰ ਨੌਕਰ ਹਨ। ਮਹਾਰਾਜਾ ਸਾਹਿਬ ਵਲੋਂ ਉਹਨਾਂ ਨਾਲ ਬਖ਼ਸ਼ਿਸ਼ਾਂ ਤੇ ਕਦਰਦਾਨੀ ਦੇ ਮਾਜਰੇ ਉਸ ਕਈਆਂ



ਜਰਨੈਲ ਕੋਰਟ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ ਹੋਤੀ







ਤੋਂ ਸੁਣੇ ਸਨ । ਜਿਸ ਦੇ ਕਾਰਨ ਉਸ ਦਾ ਮਨ ਪੰਜਾਬ ਪਹੁੰਚਣ ਲਈ ਭਟਕ ਰਿਹਾ ਸੀ । ਛੇਕੜ ਉਸ ਨੇ ਆਪਣੇ ਲਈ ਇਹ ਫ਼ੈਸਲਾ ਕੀਤਾ ਕਿ ਉਹ ਪੰਜਾਬ ਪਹੁੰਚਕੇ ਆਪਣੇ ਭਾਗਾਂ ਦਾ ਨਿਰਣਾ ਕਰੇ ।

ਆਵੀਤਾਬੀਲ ਜਦ ਈਰਾਨ ਤੋਂ ਪੰਜਾਬ ਵਲ ਤੁਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਕੋਰਟ ਨੇ ਵੀ ਆਪਣੇ ਭਵਿੱਖਤ ਨੂੰ ਦ੍ਰਿਸ਼ਟੀ-ਗੋਚਰ ਰੱਖ ਕੇ, ਇਹੋ ਇਰਾਦਾ ਕਰ ਲਿਆ ਕਿ ਉਹ ਵੀ ਆਵੀਤਾਬੀਲ ਨਾਲ ਈਰਾਨ ਵਿਚੋਂ ਕੂਚ ਕਰਕੇ ਸ਼ੇਰਿ ਪੰਜਾਬ ਦੇ ਦਰਬਾਰ ਵਿਚ ਨੌਕਰੀ ਦੀ ਭਾਲ ਕਰੇ ।

ਪੰਜਾਬ ਆਉਣਾ

ਇਨ੍ਹਾਂ ਆਸਾਂ ਨੂੰ ਮੁਖ ਰੱਖਕੇ ਕੋਰਟ ਆਵੀਤਾਬੀਲ ਦੇ ਨਾਲ ਮਿਲਕੇ ਪੰਜਾਬ ਵਲ ਤੁਰ ਪਿਆ, ਅਤੇ ਇਹ ਦੋਵੇਂ ਲੰਮੀਆਂ ਮੰਨਜ਼ਲਾਂ ਝਾਗਣ ਦੇ ਉਪਰੰਤ, ੨੫ ਦਸੰਬਰ ਸੰਨ ੧੮੨੬ ਨੂੰ ਕਾਬਲ ਪਹੁੰਚ ਗਏ।

ਕਾਬਲ ਤੋਂ ਪਿਸ਼ਾਵਰ ਤੇ ਅਟਕ ਦੇ ਰਾਹ ਕੋਰਟ ਸਣੇ ਆਵੀਤਾਬੀਲ ਦੇ ੨੬ ਫਰਵਰੀ ਸੰਨ ੧੮੨੭ ਨੂੰ ਲਾਹੌਰ ਪਹੁੰਚ ਗਿਆ।*

ਲਾਹੌਰ ਪਹੁੰਚਕੇ ਕੋਰਟ ਪਹਿਲਾਂ ਕੁਝ ਦਿਨ ਵੈਨਤੂਰਾ ਦੇ ਘਰ ਰਿਹਾ । ਇਸ ਦੇ ਉਪਰੰਤ ਉਸ ਦੀ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰੀ ਹੋਈ । ਯੋਗ ਪੁਛ ਗਿਛ ਦੇ ਬਾਅਦ ਮਹਾਰਾਜਾ ਸਾਹਿਬ ਨੇ

---

*ਕੋਰਟ ਨੇ ਇਸ ਸਫ਼ਰ ਬਾਰੇ ਈਰਾਨ ਤੋਂ ਲੈ ਕੇ ਕਾਬਲ ਤਕ, ਬੜਾ ਸਵਿਸਥਾਰ ਸਫ਼ਰਨਾਮਾ ਫ਼ਰਾਂਸੀਸੀ ਭਾਸ਼ਾ ਵਿਚ ਲਿਖਿਆ ਸੀਂ । ਜੇਹੜਾ ਭੂਗੋਲਕ ਦ੍ਰਿਸ਼ਟੀ-ਕੋਨ ਤੋਂ ਬਹੁਮੁੱਲੀ ਚੀਜ਼ ਸਮਝਿਆ ਜਾਂਦਾ ਸੀ । ਇਸ ਸਫ਼ਰਨਾਮੇ ਦਾ ਖਰੜਾ ਈਸਟ ਇੰਡੀਆ ਕੰਪਨੀ ਦੇ ਕਰਮਚਾਰੀਆਂ ਨੇ ਕੋਰਟ ਤੋਂ ੫੦੦੦) ਰੁਪਏ ਪਰ ਸੰਨ ੧੮੩੩ ਵਿਚ ਖਰੀਦ ਲਿਆ । ਇਸ ਨੂੰ ਵੱਡੀ ਵਾਕਫ਼ੀ ਦੀ ਚੀਜ਼ ਸਮਝ ਕੇ ਕਈ ਸਾਲਾਂ ਤਕ ਕੰਪਨੀ ਨੇ ਇਸ ਨੂੰ ਆਪਣੇ ਪਾਸ ਲੁਕਾ ਕੇ ਰਖੀ ਰਖਿਆ ।

ਕੋਰਟ ਨੂੰ ੩੫੦੦) ਰੁਪਿਆ ਮਹੀਨਾ ਤਲਬ ਪਰ ਤੋਪਾਂ ਢਾਲਣ ਦੇ ਈਦਗਾਹ ਵਾਲੇ ਕਾਰਖਾਨੇ* ਦੀ ਦੇਖ ਭਾਲ ਲਈ ਨੀਯਤ ਕਰ ਦਿੱਤਾ।

ਕੋਰਟ ਦੇ ਮਹਾਰਾਜਾ ਸਾਹਿਬ ਪਾਸ ਨੌਕਰ ਹੋਣ ਤੋਂ ਪਹਿਲਾਂ ਲਾਹੌਰ ਵਿਚ ਚਾਰ ਵੱਡੇ ਤੋਪਾਂ ਢਾਲਣ ਦੇ ਕਾਰਖਾਨੇ ਚਲ ਰਹੇ ਸਨ। ਇਨ੍ਹਾਂ ਵਿਚ ਇਕ ਕਿਲੇ ਦੇ ਅੰਦਰ ਮੀਆਂ ਕਾਦਰ ਬਖ਼ਸ਼ † ਤੇ ਸਰਦਾਰ ਅਨੂਪ ਸਿੰਘ ਦੀ ਨਿਗਰਾਨੀ ਵਿਚ ਚਲ ਰਿਹਾ ਸੀ।

ਦੂਜਾ ਕਾਰਖਾਨਾ-ਸ਼ਾਹਦਰੇ ਵਿਚ ਸਰਦਾਰ ਸਰੂਪ ਸਿੰਘ ਤੇ ਜਵਾਹਰ ਮਲ ਦੀ ਸੌਂਪਣੀ ਵਿਚ ਸੀ।

ਤੀਜਾ ਮੁਜੰਗ ਵਿਚ ਸਰਦਾਰ ਸੋਭਾ ਸਿੰਘ ਦੀ ਤਹਿਤ ਵਿਚ ਦਿਨ ਰਾਤ ਚਲਦਾ ਸੀ।

ਚੌਥਾ ਈਦਗਾਹ ਦੇ ਲਾਗੇ ਵਾਲੇ ਹਾਤੇ ਵਿਚ ਸੀ, ਜਿਸ ਦੀ ਦੇਖ ਭਾਲ ਸਰਦਾਰ ਨਾਹਰ ਸਿੰਘ ਕਰਦੇ ਸਨ। ਹੁਣ ਸਰਦਾਰ ਸਾਹਿਬ ਦੇ ਨਾਲ ਕੋਰਟ ਵੀ ਨਿਗਰਾਨ ਥਾਪਿਆ ਗਿਆ।

ਇਹ ਚਾਰੇ ਕਾਰਖਾਨੇ ਕੋਰਟ ਦੇ ਲਾਹੌਰ ਪਹੁੰਚਣ ਤੋਂ ਢੇਰ ਚਿਰ ਪਹਿਲਾਂ ਚਲ ਰਹੇ ਸਨ। ਸੰਨ ੧੮੪੩ ਵਿਚ ਕੋਰਟ ਦੇ ਨੌਕਰੀ ਛੱਡਕੇ ਲਾਹੌਰੋਂ ਚਲੇ ਜਾਣੇ ਦੇ ਬਾਅਦ ਵੀ ਇਹ ਬਰਾਬਰ ਜਾਰੀ ਰਹੇ। ਇਸ ਗੱਲ ਦਾ ਪੱਕਾ ਸਬੂਤ ਇਹ ਹੈ ਕਿ ਇਨ੍ਹਾਂ ਉਪਰੋਕਤ ਕਾਰਖਾਨਿਆਂ

---

*ਇਹ ਤੇ ਇਸ ਦੇ ਨਾਲ ਦੇ ਤਿੰਨ ਹੋਰ ਤੋਪਾਂ ਢਾਲਣ ਦੇ ਕਾਰਖ਼ਾਨੇ ਕਈ ਸਾਲਾਂ ਤੋਂ ਲਾਹੌਰ ਵਿਚ ਚਾਲੂ ਸਨ।

†ਮੀਆਂ ਕਾਦਰ ਬਖ਼ਸ਼, ਜਸਟਿਸ ਮੁਹੰਮਦ ਸ਼ਾਹ ਦੀਨ ਜੱਜ ਹਾਈਕੋਰਟ ਬਾਗ਼ਬਾਨ ਪੁਰੇ ਵਾਲੇ ਦਾ ਦਾਦਾ ਸੀ। ਮੀਆਂ ਸਾਹਿਬ ਨੇ ਸ਼ੇਰਿ ਪੰਜਾਬ ਦੇ ਹੁਕਮ ਨਾਲ ਤੋਪਾਂ ਦੀ ਢਲਾਈ ਦੇ ਹੁਨਰ ਪਰ ਕਈ ਪੁਸਤਕਾਂ ਫ਼ਾਰਸੀ ਵਿਚ ਉਲਥਾ ਕੀਤੀਆਂ ਸਨ। ਮੀਆਂ ਸਾਹਿਬ ਤੋਪਾਂ ਦੀ ਢਲਾਈ ਦੇ ਕੰਮ ਵਿਚ ਇੱਕ ਚੋਟੀ ਦੇ ਇੰਜੀਨੀਅਰ ਸਨ। **ਇਸ** ਨੇ ਆਪਣੇ ਇਸ ਕਮਾਲ ਦੇ ਬਦਲੇ ਸ਼ੇਰਿ ਪੰਜਾਬ ਤੋਂ ਵੱਡੀਆਂ ਵੱਡੀਆਂ ਜਾਗੀਰਾਂ ਤੇ ਇਨਾਮ ਪ੍ਰਾਪਤ ਕੀਤੇ ਸਨ।

ਵਿਚ ਢਾਲੀਆਂ ਗਈਆਂ ਤੋਪਾਂ ਪਰ ਜੋ ਲਿਖਤ ਉਕਰੀ ਹੋਈ ਹੈ, ਉਸ ਵਿਚ ਉਸ ਕਾਰਖਾਨੇ ਦਾ ਨਾਮ, ਨਿਗਰਾਨ ਦਾ ਨਾਮ, ਕਾਰੀਗਰ ਦਾ ਨਾਮ ਅਤੇ ਢਲਾਈ ਦਾ ਸੰਨ (ਸਾਲ) ਦਰਜ ਹੈ ।

ਕੁਝ ਤੋਪਾਂ ਪਰ ਇਹ ਵੀ ਲਿਖਿਆ ਮਿਲਦਾ ਸੀ ਕਿ ਇਸ ਤੋਪ ਵਿਚ ਕਿੰਨਾਂ ਬਰੂਦ ਪਾਣਾ ਚਾਹੀਦਾ ਹੈ ਅਤੇ ਕਿੰਨੇ ਵਜ਼ਨ ਦਾ ਗੋਲਾ ਚਲਾਣਾ ਚਾਹੀਦਾ ਹੈ* ।

ਸੰਨ ੧੮੩੧ ਦੇ ਖਾਲਸਾ ਦਰਬਾਰ ਦੇ ਬਰਾਵਰਦ (ਤਲਬ ਦਾ ਰਜਿਸਟ੍ਰ) ਵਿਚ ਕੋਰਟ ਦੀ ਤਲਬ ੨੫੦੦ ਲਿਖੀ ਹੋਈ ਮਿਲਦੀ ਹੈ । ਚੂੰਕਿ ਇਸ ਇੰਨੀ ਬੜੀ ਤਲਬ ਦੇ ਟਾਕਰੇ ਪਰ ਉਸ ਪਾਸ ਕੰਮ ਬਹੁਤ ਘੱਟ ਸੀ, ਇਸ ਲਈ ਮਹਾਰਾਜਾ ਸਾਹਿਬ ਨੇ ਤੋਪਖਾਨਿਆਂ ਦੇ ਪ੍ਰਚੱਲਤ ਨਿਯਮਾਂ ਵਿਚ ਸੁਧਾਰ ਦਾ ਕੰਮ ਵੀ ਕੋਰਟ ਦੇ ਜ਼ਿੰਮੇ ਪਾ ਦਿੱਤਾ ।

ਇਸ ਕੰਮ ਵਿਚ ਕੋਰਟ ਨੂੰ ਕਾਫ਼ੀ ਸਫ਼ਲਤਾ ਪ੍ਰਾਪਤ ਹੋਈ ਜਿਸ ਦੇ ਕਾਰਨ ਉਸ ਨੂੰ ਸੰਨ ੧੮੩੬ ਵਿਚ ਜਰਨੈਲੀ ਦਾ ਅਹੁਦਾ ਦਿੱਤਾ ਗਿਆ । ਇਸ ਦੇ ਨਾਲ ੬੫੦) ਰੁਪਏ ਦੀ ਜਾਗੀਰ ਵੀ ਬਖ਼ਸ਼ੀ ਗਈ।

ਕੋਰਟ ਦੀ ਛਾਵਣੀ ਦਾ ਨਾਮ ਬੇਗਮ ਪੁਰਾ ਸੀ, ਜਿਸ ਨੂੰ ਅੱਜ ਕਲ ਮੁਗਲਪੁਰਾ ਕਹਿੰਦੇ ਹਨ ।†

ਕੋਰਟ ਦਾ ਵਿਆਹ

ਕੋਰਟ ਨੂੰ ਪੰਜਾਬ ਵਿਚ ਆਇਆਂ ਅਜੇ ਕੋਈ ਦੋ ਕੁ ਸਾਲ ਬੀਤੇ

---

*ਇਨਕ੍ਰਿਪਸ਼ਨਸ ਆਨ ਦੀ ਸਿਖ ਗਨਜ਼ ਸਫ਼ਾ ੧-੧੨੨; ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਲਾਹੌਰ ਸ: ੩੮੪-੩੮੮; ਮਿਰਜ਼ਾ ਅਬਦੁੱਲ ਕਰੀਮ ਤੋਫਾਤੁਲ ਅਹਬਾਬ, ਸਫ਼ਾ ੬੦ ।

†ਇਹ ਵਸੋਂ ਨਵਾਬ ਜ਼ਕਰੀਆ ਖਾਨ, ਪ੍ਰਸਿੱਧ ਖ਼ਾਨ ਬਹਾਦਰ ਦੀ ਮਾਂ 'ਬੇਗਮ ਜਾਨ' ਦੀ ਯਾਦਗਾਰ ਵਿਚ ਵਸਾਈ ਗਈ ਸੀ । ਇਥੇ ਬੜੀਆਂ ਸ਼ਾਨਦਾਰ ਇਮਾਰਤਾਂ ਸਨ, ਜੋ ਅੰਗਰੇਜ਼ੀ ਰਾਜ ਸਮੇਂ ਇੱਟਾਂ ਦੇ ਠੇਕੇਦਾਰਾਂ ਨੇ ਇੱਟਾਂ ਵੇਚਣ ਦੇ ਲਾਲਚ ਵਿਚ ਇਨ੍ਹਾਂ ਇਮਾਰਤਾਂ ਨੂੰ ਢਾਹ ਕੇ ਹਜ਼ਾਰਾਂ ਰੁਪਿਆਂ ਦੀਆਂ ਇੱਟਾਂ ਵੇਚੀਆਂ ।

ਸਨ ਕਿ ਉਸ ਨੇ ਸੰਨ ੧੮੨੯ ਵਿਚ ਇਕ ਕਸ਼ਮੀਰੀ ਮੁਸਲਮਾਨ ਲੜਕੀ ਨਾਲ ਵਿਆਹ ਕਰਵਾ ਲਿਆ । ਹੁਣ ਉਸ ਨੇ ਮਹਾਰਾਜਾ ਸਾਂਹਿਬ ਅਗੇ ਕਿਸੇ ਖੁਲ੍ਹੇ ਘਰ ਲਈ ਬਿਨੈ ਕੀਤੀ । ਇਸ ਦੀਆਂ ਲੋੜਾਂ ਨੂੰ ਵਿਚਾਰ ਕੇ ਸਰਕਾਰ ਨੇ ਉਸ ਨੂੰ ਨਸਰਤ ਖ਼ਾਨ ਦਾ ਬਾਗ਼ ਸਣੇ ਉਸ ਦੀ ਗੁੰਬਜ਼ਦਾਰ ਹਵੇਲੀ ਦੇ ਜੋ ਬੜੀ ਸ਼ਾਨਦਾਰ ਇਮਾਰਤ ਸੀ ਕੋਰਟ ਨੂੰ ਰਹਿਣ ਲਈ ਦੇ ਦਿੱਤੀ । ਇਸ ਬਾਗ਼ ਅਤੇ ਬਾਰਾਂਦਰੀ ਪਰ ਬਹੁਤ ਸਾਰਾ ਰੁਪਿਆ ਮਹਾਰਾਜਾ ਸਾਹਿਬ ਨੇ ਆਪਣੇ ਪਾਸੋਂ ਖ਼ਰਚ ਕਰਕੇ ਉਸ ਥਾਂ ਨੂੰ ਹੋਰ ਵਧੇਰਾ ਸੋਹਣਾ ਤੇ ਨਵਾਂ ਬਣਾ ਦਿੱਤਾ* ।

ਕੋਰਟ ਨੇ ਉਸ ਬਾਗ਼ ਅੰਦਰ ਇਕਲਾਵਾਂਢੇ ਇਕ ਛੋਟੀ ਜੇਹੀ ਸੁੰਦਰ ਮਸੀਤ ਬਣਵਾਈ ਜਿਸ ਵਿਚ ਉਸ ਦੀ ਬੇਗ਼ਮ ਨਿਮਾਜ਼ ਪੜ੍ਹਿਆ ਕਰਦੀ ਸੀ ।

ਕੋਰਟ ਦੀ ਬੇਗ਼ਮ ਦੀ ਮੌਤ

ਕੋਰਟ ਦੀ ਬੇਗ਼ਮ ਨੂੰ ਸੰਨ ੧੮੩੭ ਵਿਚ ਲੜਕੀ ਜਨਮੀ । ਬੱਚੀ ਦਾ ਜਨਮ ਆਪਣੀ ਮਾਤਾ ਲਈ ਡਾਢਾ ਦੁਖਦਾਈ ਸਿੱਧ ਹੋਇਆ । ਅਰਥਾਤ ਦੂਜੇ ਦਿਨ ਲੜਕੀ ਤੇ ਮਾਂ ਦੋਵੇਂ ਇਸ ਸੰਸਾਰ ਤੋਂ ਕੂਚ ਕਰ ਗਈਆਂ ।

ਕੋਰਟ ਨੇ ਆਪਣੀ ਔਰਤ ਨੂੰ ਉਸੇ ਮਸੀਤ ਦੇ ਲਾਗੇ ਆਪਣੇ ਬਾਗ਼ ਵਿਚ ਦਫਨਾਇਆ । ਅਤੇ ਬਹੁਤ ਸਾਰਾ ਧਨ ਲਾ ਕੇ ਉਸ ਦੀ ਬੜੀ ਸੁੰਦਰ ਕਬਰ ਬਣਵਾਈ ।

ਕੋਰਟ ਨੇ ਕੋਈ ਜੰਗੀ ਸੇਵਾ ਨਹੀਂ ਕੀਤੀ

ਕੋਰਟ ਦੀ ਖਾਲਸਾ ਰਾਜ ਲਈ ਜੰਗੀ ਸੇਵਾ ਬਾਰੇ ਅਸਾਂ ਦਰਬਾਰ

*ਨਸਰਤ ਖਾਨ ਸ਼ਾਹ ਜਹਾਨ ਅਤੇ ਔਰੰਗਜ਼ੇਬ ਬਾਦਸ਼ਾਹ ਦੀ ਹਕੂਮਤ ਸਮੇਂ ਵੱਡਾ ਅਮੀਰੁਲ ਉਮਰਾ ਸੀ । ਉਹ ੧੦੭੦ ਹਿਜਰੀ ਮੁਤਾਬਕ ੧੬੫੯ ਵਿਚ ਲਾਹੌਰ ਵਿਚ ਮਰ ਗਿਆ ।

ਦੀਆਂ ਪੁਰਾਤਨ ਲਿਖਤਾਂ ਨੂੰ ਵਿਚਾਰਿਆ, ਪਰ ਕੇਵਲ ਇਕ ਵਾਰ ਸੰਨ ੧੮੩੪ ਵਾਲੀ ਪਿਸ਼ਾਵਰ ਦੀ ਚੜ੍ਹਾਈ ਸਮੇਂ ਕੋਰਟ ਸਰਦਾਰ ਹਰੀ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੇ ਅਧੀਨ ਫ਼ੌਜ ਦੇ ਨਾਲ ਗਿਆ ਸੀ । ਇਸ ਤੋਂ ਛੁਟ ਹੋਰ ਕੋਈ ਕਾਰਨਾਮਾ ਨਹੀਂ ਮਿਲਦਾ । ਇਸ ਦੀ ਨੌਕਰੀ ਦਾ ਸਾਰਾ ਸਮਾਂ ਛਾਵਣੀ ਵਿਚ ਹੀ ਰਹਿੰਦਿਆਂ ਬੀਤਿਆ ਸੀ ।

ਕੋਰਟ ਸ਼ੇਰਿ ਪੰਜਾਬ ਦੇ ਸਾਰੇ ਯੂਰਪੀ ਨੌਕਰਾਂ ਵਿਚੋਂ ਸਭ ਤੋਂ ਵਧੇਰੇ ਲਿਖਿਆ ਪੜ੍ਹਿਆ ਆਦਮੀ ਸੀ । ਪਰ ਇਹ ਗੱਲ ਵੱਡੀ ਹੈਰਾਨਗੀ ਵਿਚ ਪਾਵਣ ਵਾਲੀ ਹੈ ਕਿ ਜਿੰਨਾ ਉਹ ਬਹੁਤਾ ਵਿਦਵਾਨ ਸੀ ਉਤਨਾ ਹੀ ਉਹ ਛੋਟ-ਦਿਲਾ ਸੀ । ਉਹ ਨਿੱਕੀ ਨਿੱਕੀ ਗਲ ਪਰ ਛਿੱਥਾ ਪੈ ਜਾਂਦਾ ਸੀ । ਇਸ ਕਮਜ਼ੋਰੀ ਤੋਂ ਛੁਟ ਉਸ ਦੀ ਰਹਿਣੀ ਬਹਿਣੀ ਨੂੰ ਉਸ ਦੀ ਆਪਣੀ ਫ਼ੌਜ ਦੇ ਸਰਦਾਰ ਸ਼ੰਕੇ ਭਰੀ ਨਜ਼ਰ ਨਾਲ ਦੇਖਦੇ ਸਨ। ਉਹਨਾਂ ਦਾ ਖਿਆਲ ਸੀ ਕਿ ਕੋਰਟ ਕਿਸੇ ਬਾਹਰਲੀ ਤਾਕਤ ਨਾਲ ਖੁਫੀਆ ਚਿੱਠੀ ਪੱਤ੍ਰ ਕਰਨ ਦਾ ਸੰਬੰਧ ਰਖਦਾ ਹੈ । ਅਲੈਗਜ਼ੰਡਰ ਬਾਰਨਸ ਦਾ ਖਤ ਤੇ ਨਕਸ਼ਾ ਜਿਹੜਾ ਉਸ ਨੇ ਕੋਰਟ ਨੂੰ ਭੇਜਿਆ ਪਕੜਿਆ ਗਿਆ ਸੀ । ਜਿਸ ਬਾਰੇ ਸਾਰੇ ਦਰਬਾਰ ਦਾ ਸ਼ੱਕ ਵਧ ਗਿਆ ।

[ਬਰਨਸ ਕਾਬਲ, ਸਫ਼ਾ ੧੬੨.

ਇਸ ਸ਼ੱਕ ਦਾ ਸਿੱਟਾ ਇਹ ਨਿਕਲਿਆ ਕਿ ਉਸ ਦੇ ਕੰਪੂ ਦੀ ਖਾਲਸਾ ਫ਼ੌਜ ਉਸ ਦੇ ਕਾਬੂ ਤੋਂ ਬਾਹਰ ਹੋ ਗਈ । ਉਸ ਦੇ ਅਯੋਗ ਸਲੂਕ ਦੇ ਕਾਰਣ, ਬੇਗਮਪੁਰੇ ਦੀ ਸਾਰੀ ਛਾਵਣੀ ਵਿਚ ਅਸ਼ਾਂਤੀ ਖਿਲਰ ਗਈ ਛੇਕੜ ਉਹ ਆਪਣੇ ਆਦਮੀਆਂ ਤੋਂ ਕਵੈਦ ਪਰੇਟ ਦਾ ਕੰਮ ਲੈਣ ਤੋਂ ਵੀ ਅਸਮਰਥ ਹੋ ਗਿਆ ।

ਕੋਰਟ ਲਈ ਪ੍ਰੀਖਿਆ ਦੀ ਘੜੀ

ਕੋਰਟ ਦੇ ਹੌਸਲੇ ਦੀ ਪ੍ਰੀਖਿਆ ਦੀ ਘੜੀ ਉਸ ਦਿਨ ਆਈ, ਜਦ ੨੯ ਜਨਵਰੀ ਸੰਨ ੧੮੪੩ ਦੇ ਦਿਨ, ਉਸ ਦੇ ਤੋਪਖਾਨੇ ਦੇ ਕੁਝ

ਜ਼ਿੰਮੇਵਾਰ ਉਸ ਦੇ ਨਿਵਾਸ ਅਸਥਾਨ ਪਰ ਗਏ ਅਤੇ ਉਪਰੋਕਤ ਸ਼ੱਕ ਦੀ ਸਫ਼ਾਈ ਪੇਸ਼ ਕਰਨ ਲਈ ਉਸ ਤੋਂ ਮੰਗ ਕੀਤੀ।

ਕੋਰਟ ਦਾ ਫੀਰੋਜ਼ਪੁਰ ਭਜ ਜਾਣਾ

ਕੋਰਟ ਨੇ ਬਜਾਏ ਇਸ ਦੇ ਕਿ ਉਹ ਆਪਣੀ ਫ਼ੌਜ ਦੇ ਮੁਖੀਆਂ ਦੇ ਸਾਹਮਣੇ ਆਕੇ ਉਸ ਪਰ ਲਾਏ ਗਏ ਦੂਸ਼ਣਾ ਦੀ ਨਖੇਧੀ ਕਰਕੇ ਆਪਣੇ ਆਪ ਨੂੰ ਬਿਦੋਸ਼ਾ ਸਾਬਤ ਕਰਦਾ, ਇਸ ਦੇ ਉਲਟ ਕੋਰਟ ਆਪਣੇ ਘਰ ਦੇ ਚੋਰ ਦਰਵਾਜ਼ੇ ਥਾਣੀਂ ਨਿਕਲਕੇ ਆਵੀਤਾਬੀਲ ਦੀ ਕੋਠੀ ਵਿਚ ਜਾਕੇ ਲੁਕ ਗਿਆ।*

ਇਥੇ ਹੀ ਬੱਸ ਨਹੀਂ, ਉਸ ਦੀ ਘਬਰਾਹਟ ਇਥੋਂ ਤਕ ਵਧ ਗਈ ਕਿ ਉਹ ਰਾਤੋ ਰਾਤ ਲਾਹੌਰ ਤੋਂ ਨੱਸਕੇ ਅੰਗਰੇਜ਼ੀ ਇਲਾਕੇ ਵਿਚ ਫੀਰੋਜ਼ ਪੁਰ ਜਾ ਪੁਜਾ।

ਫੀਰੋਜ਼ਪੁਰ ਪਹੁੰਚਣ ਪਰ ਹੈਨਰੀ ਲਾਰੰਸ ਨੇ ਕੋਰਟ ਦੇ ਇਸ ਤਰ੍ਹਾਂ ਬਿਨਾਂ ਆਗਿਆ ਦੇ ਨੱਸ ਕੇ ਆਣ ਨੂੰ ਚੰਗੀ ਨਜ਼ਰ ਨਾਲ ਨਾ ਡਿੱਠਾ ਅਤੇ ਉਸ ਨੂੰ ਮੁੜ ਲਾਹੌਰ ਪਰਤ ਜਾਣ ਲਈ ਬੜਾ ਹੌਸਲਾ ਦਿਵਾਇਆ ਪਰ ਕੋਰਟ ਐਸੀ ਮਨ ਦੀ ਢੇਰੀ ਢਾਹ ਬੈਠਾ ਸੀ, ਕਿ ਉਹ ਮੁੜ ਲਾਹੌਰ ਜਾਣ ਲਈ, ਕਿਸੇ ਦੀ ਪ੍ਰੇਰਨਾ ਗ੍ਰਹਿਣ ਕਰਨ ਲਈ ਤਿਆਰ ਨਾ ਹੋ ਸਕਿਆ। ਇਸ ਕੋੜੀ ਦਿਸ਼ਾ ਵਿਚ ਕੋਰਟ ਨੇ ਪੂਰੇ ੧੨ ਮਹੀਨੇ ਫੀਰੋਜ਼ ਪੁਰ ਵਿਚ ਗੁਜ਼ਾਰ ਦਿਤੇ।

ਗ਼ਲਤੀ ਪਰ ਗ਼ਲਤੀ

ਕੋਰਟ ਦੇ ਬਿਨਾਂ ਆਗਿਆ ਜਾ ਅਸਤੀਫ਼ਾ ਦੇਣ ਦੇ ਇਸ ਤਰ੍ਹਾਂ ਲਾਹੌਰ ਤੋਂ ਭੱਜ ਕੇ ਫੀਰੋਜ਼ ਪੁਰ ਜਾ ਪਨਾਹ ਲੈਣ ਦੇ ਕੰਮ ਨੂੰ ਲਾਹੌਰ ਦਰਬਾਰ ਦੇ ਪੰਚਾਂ ਨੇ ਫ਼ੌਜੀ ਨਿਯਮਾਂ ਦੇ ਵਿਰੁਧ ਸਮਝਕੇ ਇਸ ਨੂੰ ਭਗੌੜਾ

*ਪੰਜਾਬ ਰੀਕਾਰਡਸ, ਜਿਲਦ ੧੫੧, ਚਿੱਠੀ ੨੨।

ਕਰਾਕ ਦਿੱਤਾ ਅਤੇ ਮਰਯਾਦਾ ਅਨੁਸਾਰ ਉਸਦੀ ਜਾਗੀਰ ਜ਼ਬਤ ਕਰ ਲਈ।

ਹੁਣ ਕੋਰਟ ਲਈ ਅਕਲ ਦੀ ਗੱਲ ਤਾਂ ਇਹ ਸੀ ਕਿ ਉਹ ਆਪਣੀ ਭੁਲ ਪਰ ਪਸ਼ਚਾਤਾਪ ਪ੍ਰਗਟ ਕਰਕੇ ਖਾਲਸਾ ਦਰਬਾਰ ਤੋਂ ਭੁਲ ਬਖਸ਼ਾਂਦਾ। ਉਲਟਾ ਉਸ ਅੰਗਰੇਜ਼ੀ ਗਵਰਨਮਿੰਟ ਦੀ ਰਾਹੀਂ ਜਾਗੀਰ ਦੇ ਮੁੜ ਪ੍ਰਾਪਤ ਕਰਨ ਦਾ ਯਤਨ ਕੀਤਾ। ਪਰ ਕੋਰਟ ਦੀ ਨਿਰਾਸਤਾ ਦੀ ਕੋਈ ਹੱਦ ਨਾ ਰਹੀ, ਜਦ ਗਵਰਨਮਿੰਟ ਆਫ ਇੰਡੀਆ ਨੇ ਇਸ ਮਾਮਲੇ ਵਿਚ ਦਖਲ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ।*

ਪੰਜਾਬ ਤੋਂ ਕੂਚ

ਇਸੇ ਖਿਚੋਤਾਣ ਵਿਚ ਕੋਰਟ ਸੰਨ ੧੮੪੪ ਨੂੰ ਸਣੇ ਆਪਣੀ ਦੂਜੀ ਪਹਾੜੀ ਮੇਮ ਸਾਹਿਬ ਦੇ† ਪੰਜਾਬ ਤੋਂ ਕੂਚ ਕਰਕੇ ਕਲਕੱਤੇ ਤੋਂ ਹੁੰਦਾ ਹੋਇਆ ਫ਼ਰਾਂਸ ਪਹੁੰਚ ਗਿਆ।

ਕੋਰਟ ਮਧਰੇ ਕੱਦ ਦਾ ਆਦਮੀ ਸੀ, ਇਸ ਦਾ ਜੁੱਸਾ ਦੋਹਰਾ ਸੀ, ਚੇਹਰੇ ਪਰ ਚੀਚਕ ਦੇ ਨਿਸ਼ਾਨ ਸਨ।

ਕੋਰਟ ਸੰਬੰਧੀ ਫ਼ਰਾਂਸ ਵਿਚ ਜੀਵਨ ਬਿਤਾਣ ਬਾਰੇ ਬਹੁਤੇ ਸਮਾਚਾਰ ਨਹੀਂ ਮਿਲਦੇ। ਮਾਲੂਮ ਹੁੰਦਾ ਹੈ ਜਿਹਾ ਕਿ ਕੋਰਟ ਸੁਭਾਵਕ ਇਕਾਂਤ-ਪਸੰਦ ਮਨੁੱਖ ਸੀ, ਅਤੇ ਛੇਕੜਲੀ ਉਮਰ ਵਿਚ ਉਹ ਵਧੇਰਾ ਇਕਾਂਤੀ ਹੋ ਗਿਆ ਹੋਣਾ ਹੈ।

ਕੋਰਟ ਬਾਰੇ ਛੇਕੜ ਵੱਧ ਤੋਂ ਵੱਧ ਇੰਨਾ ਹੀ ਮਾਲੂਮ ਹੋ ਸਕਿਆ ਹੈ ਕਿ ਉਹ ਜੁਲਾਈ ਸੰਨ ੧੮੮੧ ਨੂੰ ਫ਼ਰਾਂਸ ਵਿਚ ਮਰ ਗਿਆ।

---

*ਪੰਜਾਬ ਰੀਕਾਰਡਸ, ਜਿਲਦ ੧੫੧, ਚਿੱਠੀ ੨੨।

†ਕੋਰਟ ਨੇ ਇਹ ਦੂਜਾ ਵਿਆਹ ਵੀ ਇਕ ਕਸ਼ਮੀਰਨ ਮੁਸਲਮਾਨ ਲੜਕੀ ਨਾਲ ਕਰਵਾਇਆ ਸੀ।

ਆਵੀਤਾਬੀਲ ਦੇ ਬਾਅਦ ਕੋਰਟ ਦੂਜਾ ਬਦੇਸ਼ੀ ਜਰਨੈਲ ਸੀ, ਜੇਹੜਾ ਜੰਗ ਵਿਚ ਕਿਸੇ ਨੂੰ ਮਾਰਨ ਦੀ 'ਜੀਵ-ਹੱਤਿਆ' ਦੇ ਪਾਪ ਦਾ ਭਾਰ ਸਿਰ ਲੈਣ ਤੋਂ ਸਦਾ ਲਈ ਸਾਫ਼ ਬਚਿਆ ਰਿਹਾ ਸੀ ।

---o---

ਡਾਕਟਰ ਬੈਂਟ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡਾਕਟਰ ਬੈਂਟ	ਫ਼ਰਾਂਸੀਸੀ	ਅਪ੍ਰੈਲ ੧੮੩੮-੪੦	੧੦੦੦

ਲਾਹੌਰ ਆਉਣਾ

ਡਾਕਟਰ ਬੈਂਟ ਅਪ੍ਰੈਲ ਸੰਨ ੧੮੩੮ ਵਿਚ ਲਾਹੌਰ ਪੁਜਾ । ਸ਼ੇਰਿ ਪੰਜ਼ਾਬ ਖਾਲ਼ਸਾ ਰਾਜ ਦੀ ਫ਼ੌਜੀ ਤੇ ਮੁਲਕੀ ਜੀਵਾਂ ਦੀ ਅਰੋਗਤਾ ਦੀ ਦੇਖ ਭਾਲ ਲਈ ਸਦਾ ਹੀ ਚੰਗੇ ਡਾਕਟਰਾਂ ਤੇ ਹਕੀਮਾਂ ਦੀ ਵੱਡੀ ਲੋੜ ਅਨੁਭਵ ਕਰਦੇ ਸਨ । ਬੈਂਟ ਜਦ ਲਾਹੌਰ ਆਇਆ ਤਾਂ ਜਨਰਲ ਐਲਾਰਡ ਦੀ ਜਾਣ ਪਛਾਣ ਪਰ ਮਹਾਰਾਜਾ ਸਾਹਿਬ ਨੇ ਉਸ ਨੂੰ ਛੇਤੀ ਹੀ ਨੌਕਰੀ ਪਰ ਲਾ ਲਿਆ ।

ਫ਼ੌਜ ਤੇ ਮੁਲਕੀ ਅਰੋਗਤਾ ਦੀ ਨਿਗਰਾਨੀ

ਫ਼ੌਜ ਅਤੇ ਮੁਲਕੀ ਦੋਹਾਂ ਸੀਗ਼ਿਆਂ ਦੀ ਅਰੋਗਤਾ ਦੀ ਨਿਗਰਾਨੀ ਦਾ ਅਹੁਦਾ ਉਸ ਨੂੰ ਸੌਂਪਿਆ ਗਿਆ । ਪਹਿਲਾਂ ੮੦੦) ਰੁਪਏ ਤਲਬ ਨੀਯਤ ਹੋਈ ਇਕ ਸਾਲ ਦੀ ਸੇਵਾ ਦੇ ਉਪਰੰਤ ਉਸ ਨੂੰ ਦੋ ਸੌ ਰੁਪਿਆ ਮਹੀਨਾ ਤਰੱਕੀ ਦੇ ਕੇ ੧੦੦੦) ਰੁਪਿਆ ਮਹੀਨਾ ਤਲਬ ਕਰ ਦਿੱਤੀ ਗਈ ।

ਡਾਕਟਰ ਬੈਂਟ ਦੇ ਰਹਿਣ ਲਈ ਇਕ ਸ਼ਹਾਨਾ ਬਾਰਾਂਦਰੀ ਸਣੇ ਬਾਗ਼ ਦੇ ਉਸ ਨੂੰ ਦਿੱਤੀ । ਮਿਸਟਰ ਬਾਰ ਨੇ, ਬੈਂਟ ਦੇ ਇਸ ਮਕਾਨ

ਨੂੰ ਦੇਖ ਕੇ, ਫਰਵਰੀ ਸੰਨ ੧੯੩੯ ਵਿਚ ਇਸ ਦੀ ਬੜੀ ਸ਼ਲਾਘਾ ਲਿਖੀ ਹੈ। ਉਹ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ "ਡਾਕਟਰ ਬੈਂਟ ਦੇ ਰਹਿਣ ਵਾਲਾ ਮਕਾਨ ਬੜਾ ਸੁਹਾਨਾ ਹੈ। ਉਸ ਵਿਚ ਕਈ ਕਮਰੇ ਹਨ ਜਿਨ੍ਹਾਂ ਵਿਚ ਸ਼ੀਸ਼ੇ ਦਾ ਬੜਾ ਵਧੀਆ ਕੰਮ ਹੋਇਆ ਹੈ। ਉਸਦੇ ਨਾਲ ਲਾਗਵਾਂ ਬਾਗ਼ ਲਾਹੌਰ ਦੇ ਚੋਣਵੇਂ ਬਾਗ਼ਾਂ ਵਿਚੋਂ ਹੈ। ਮਹਾਰਾਜਾ ਰਣਜੀਤ ਸਿੰਘ ਬੈਂਟ ਨਾਲ ਬੜੀ ਕ੍ਰਿਪਾਲਤਾ ਦਾ ਵਰਤਾਵ ਕਰਦੇ ਹਨ। ਜਿਸ ਦੇ ਕਾਰਨ ਮਹਾਰਾਜਾ ਸਾਹਿਬ ਸਾਰੇ ਵੱਡੇ ਵੱਡੇ ਨਾਮੀ ਸਰਦਾਰਾਂ ਤੋਂ ਇਸ ਦੀ ਬੜੀ ਖੁਲ੍ਹੀ ਆਮਦਨ ਹੁੰਦੀ ਹੈ। ਉਹ ਇਸ ਤਰਾਂ ਬਹੁਤ ਸਾਰਾ ਰੁਪਿਆ, ਤਲਬ ਤੋਂ ਵੱਖ ਉਪਰੋਂ ਕਮਾਉਂਦਾ ਹੈ।"

ਮਹਾਰਾਜਾ ਸਾਹਿਬ ਜਿਉਂ ਜਿਉਂ ਉਸ ਨੂੰ ਆਪਣੇ ਅਹੁਦੇ ਦੇ ਫ਼ਰਜ਼ ਪੂਰੇ ਕਰਨੇ ਅਤੇ ਸਫ਼ਲਤਾ ਦੀ ਪ੍ਰਾਪਤੀ ਨੂੰ ਦੇਖਦੇ ਸਨ ਉਹ ਤਿਉਂ ਤਿਉਂ ਉਸ ਪਰ ਵਧ ਤੋਂ ਵਧ ਬਖਸ਼ਸ਼ਾਂ ਕਰ ਕੇ ਉਸ ਨੂੰ ਨਿਹਾਲ ਕਰਦੇ ਰਹਿੰਦੇ ਸਨ। ਇਸ ਬਾਰੇ ਮੁੜ ਬਾਰ ਲਿਖਦਾ ਹੈ:-

ਬੈਂਟ ਨੂੰ ਇਨਾਮ

'ਅਜੇ ਥੋਹੜੇ ਦਿਨ ਹੋਏ ਹਨ ਕਿ ਮਹਾਰਾਜਾ ਸਾਹਿਬ ਨੇ ਇਕ ਬਹੁਮੁੱਲਾ ਸੰਦੂਕ, ਜੇਹੜਾ ਮਹਿੰਗੀਆਂ ਦਵਾਈਆਂ ਨਾਲ ਭਰਪੂਰ ਸੀ, ਭਰੇ ਦਰਬਾਰ ਵਿਚ ਡਾਕਟਰ ਬੈਂਟ ਨੂੰ ਬਖ਼ਸ਼ ਦਿੱਤਾ ਹੈ ਤਾਕਿ ਇਹ ਕੀਮਤੀ ਦਵਾਈਆਂ ਉਹ ਆਮ ਜਨਤਾ ਦੀ ਅਰੋਗਤਾ ਲਈ ਵਰਤ ਲਵੇ। ਇਹ ਕੀਮਤੀ ਸੁਗਾਤ ਲਾਰਡ ਵਿਲੀਅਮ ਬੈਂਟਕ ਗਵਰਨਰ ਜਨਰਲ ਹਿੰਦ ਨੇ ਮਹਾਰਾਜਾ ਸਾਹਿਬ ਦੀ ਭੇਟ ਕੀਤਾ ਸੀ। ਸ਼ੇਰਿ ਪੰਜਾਬ ਨੇ ਡਾਕਟਰ ਬੈਂਟ ਦੇ ਸਾਹਮਣੇ ਇਕ ਬਕਸ ਰੱਖ ਕੇ ਉਸ ਤੋਂ ਪੁਛਿਆ ਕਿ ਇਹ ਸੁਗਾਤ ਕਿੰਨੇ ਕੁ ਮੁਲ ਦੀ ਹੋਣੀ ਹੈ। ਡਾਕਟਰ ਨੇ ਆਖਿਆ ਕਿ ਇਸ ਦਾ ਮੁਲ ਪਾਉਣਾ ਕਠਨ ਹੈ ਪਰ ਇੰਨਾ ਕਹਿ ਸਕਦਾ ਹਾਂ ਕਿ ਇਹ ਚੀਜ਼ ਬਹੁਤੇ ਮੁਲ ਦੀ ਹੈ। ਫਿਰ ਮਹਾਰਾਜਾ ਸਾਹਿਬ ਨੇ

ਡਾਕਟਰ ਨੂੰ ਕਿਹਾ ਇਹ ਆਪ ਨੂੰ ਬਖ਼ਸ਼ਸ਼ ਹੈ । ਇਸ ਦੀਆਂ ਦਵਾਈਆਂ ਰੋਗੀਆਂ ਦੀ ਭਲਾਈ ਲਈ ਵਰਤਿਆ ਕਰੋ ।' ਬਾਰ ਇਹ ਵੀ ਲਿਖਦਾ ਹੈ ਕਿ ਇਸ ਸਮੇਂ ਕਈ ਦਰਬਾਰੀਆਂ ਨੇ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਬੇਨਤੀ ਕੀਤੀ ਕਿ ਇਹ ਸਾਰੀਆਂ ਦਵਾਈਆਂ ਡਾਕਟਰ ਨੂੰ ਇਕੋ ਵਾਰੀ ਇਕੱਠੀਆਂ ਦੇਣ ਨਾਲੋਂ ਇਹ ਵਧੇਰਾ ਚੰਗਾ ਹੋਵੇਗਾ ਕਿ ਇਹਨਾਂ ਵਿਚੋਂ ਲੋੜ ਅਨੁਸਾਰ ਨਾਲੋ ਨਾਲ ਥੋਹੜੀਆਂ ਦਵਾਈਆਂ ਉਸ ਨੂੰ ਦਿੱਤੀਆਂ ਜਾਣ । ਇਸ ਤਰ੍ਹਾਂ ਕਰਨ ਨਾਲ ਇਸ ਬਖ਼ਸ਼ਸ਼ ਦੀ ਲੜੀ ਕਈ ਦਿਨਾਂ ਤਕ ਚਾਲੂ ਰਹੇਗੀ । ਪਰ ਮਹਾਰਾਜਾ ਨੇ ਇਹ ਗੱਲ ਨਾ ਮੰਨੀ ਅਤੇ ਇਹ ਸਭ ਦਵਾਈਆਂ ਇਕੋ ਵਾਰੀ ਡਾਕਟਰ ਬੈਂਟ ਨੂੰ ਬਖ਼ਸ਼ ਦਿੱਤੀਆ*।

ਵਾਪਸ ਫ਼ਰਾਂਸ ਜਾਣਾ

ਡਾਕਟਰ ਬੈਂਟ, ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਦੇ ਬਾਅਦ ਸੰਨ ੧੮੪੦ ਵਿਚ ਫਰਾਂਸ ਵਿਚ ਆਪਣੀ ਕਿਸੇ ਘਰੋਗੀ ਲੋੜ ਦੇ ਕਾਰਨ ਖਾਲਸੇ ਦੀ ਨੌਕਰੀ ਛੱਡਕੇ ਆਪਣੇ ਦੇਸ ਫ਼ਰਾਂਸ ਪਰਤ ਗਿਆ।

ਡਾਕਟਰ ਬੈਂਟ ਦੀ ਇਸ ਦੋ ਸਾਲਾ ਨੌਕਰੀ ਸਮੇਂ, ਕਈ ਸ਼ਹਿਰਾਂ ਵਿਚ ਸ਼ਫ਼ਾਖਾਨਾ ਖੋਹਲੇ ਗਏ, ਸ਼ਹਿਰਾਂ ਦੀ ਸਫ਼ਾਈ ਤੇ ਅਰੋਗਤਾ ਨੂੰ ਸਥਿਰ ਰੱਖਣ ਲਈ ਬੜੇ ਲਾਭਵੰਦੇ ਢੰਗ ਜਾਰੀ ਕੀਤੇ ਗਏ ਸਨ ।

---o---

ਡੀਲਾਫੋਂਟ

ਨਾਮ	ਕੌਮੀਅਤ	ਸਮਾਂ	ਤਲਬ
ਡੀਲਾਫੋਂਟ	ਫ਼ਰਾਂਸੀਸੀ	੧੮੩੮-੪੩	੮੦੦

ਖਾਲਸਾ ਰਾਜ ਸਮੇਂ ਦੀਆਂ ਲਿਖਤਾਂ ਦੀ ਪੜਚੋਲ ਕੀਤਿਆਂ

*ਬਾਰਜ਼ ਜਰਨਲ ਆਫ਼ਿ ਮਾਰਚ, ਫਰਾਮ ਦਿੱਲੀ ਟੂ ਪਿਸ਼ਾਵਰ, ਸਫ਼ਾ ੮੮ ।

ਉਪਰੋਕਤ ਨਾਮ ਦੇ ਦੋ ਅਹੁਦੇਦਾਰ ਮਿਲਦੇ ਹਨ । ਇਨ੍ਹਾਂ ਦਾ ਇਕੋ ਜਿਹਾ ਨਾਮ, ਇਕੋ ਜਿਹਾ ਅਹੁਦਾ ਅਤੇ ਇਕੋ ਜਿੰਨੀ ਤਲਬ ਸੀ । ਇਹ ਦੋਵੇਂ ਭਾਈ ਸਨ । ਇਥੇ ਅਸੀਂ ਪਹਿਲਾਂ ਵੱਡੇ ਡੀਲਾਫੋਂਟ ਦਾ ਹਾਲ ਦਿੰਦੇ ਹਾਂ ।

ਜਰਨੈਲ ਐਲਾਰਡ ਜਦ ਸੰਨ ੧੮੩੪--੩੫ ਵਿਚ ਅਠਾਰਾਂ ਮਹੀਨਿਆਂ ਦੀ ਛੁਟੀ ਪਰ ਫ਼ਰਾਂਸ ਗਿਆ ਸੀ ਤਾਂ ਉਥੇ ਉਸ ਨੂੰ ਵੱਡਾ ਡੀਲਾਫੋਂਟ ਮਿਲਿਆ ਅਤੇ ਉਸ ਨੇ ਐਲਾਰਡ ਨਾਲ ਗੱਲ ਬਾਤ ਕਰਦਿਆਂ ਆਪਣਾ ਇਰਾਦਾ ਪ੍ਰਗਟ ਕੀਤਾ ਕਿ ਜੇ ਕਦੇ ਜਰਨੈਲ ਕ੍ਰਿਪਾ ਪੂਰਬਕ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਨੌਕਰੀ ਦਿਵਾ ਦੇਣ ਤਾਂ ਉਹ ਸਦਾ ਉਸ ਦਾ ਧੰਨਵਾਦੀ ਰਹੇਗਾ । ਜਰਨੈਲ ਐਲਾਰਡ ਨੇ ਉਸ ਨੂੰ ਦੱਸਿਆ ਸੀ ਕਿ ਸ਼ੇਰਿ ਪੰਜਾਬ ਫ਼ੌਜੀ ਹੁਨਰ ਦੇ ਜਾਣੂ ਨੌਜਵਾਨਾਂ ਨੂੰ ਵੱਡੀ ਕਦਰ ਦੀ ਨਜ਼ਰ ਨਾਲ ਦੇਖਦੇ ਹਨ । ਜਦ ਉਹ ਲਾਹੌਰ ਆ ਜਾਏਗਾ ਤਾਂ ਉਸ ਨੂੰ ਉਸ ਦੇ ਗੁਣਾਂ ਅਨੁਸਾਰ ਖਾਲਸਾ ਫ਼ੌਜ ਵਿਚ ਨੌਕਰੀ ਦਿਵਾ ਦਿਤੀ ਜਾਏਗੀ ।

ਜਨਰਲ ਐਲਾਰਡ ਤਾਂ ਛੁਟੀ ਦੇ ਪੂਰਾ ਹੋਣ ਪਰ ਲਾਹੌਰ ਪਰਤ ਆਇਆ ਪਰ ਡੀਲਾਫੋਂਟ ਆਪਣੇ ਪਹਿਲੇ ਕੰਮ ਤੋਂ ਦੋ ਸਾਲ ਦੇ ਲਗ ਪਗ ਛੁਟਕਾਰਾ ਨਾ ਪਾ ਸਕਿਆ ਤੇ ਉਹ ਫ਼ਰਾਂਸ ਵਿਚ ਹੀ ਰਿਹਾ । ਇਸ ਦੇ ਬਾਅਦ ਅਰਥਾਤ ਸੰਨ ੧੮੩੭ ਵਿਚ ਡੀਲਾਫੋਂਟ ਪਹਿਲਾਂ ਬੰਬਈ ਅਤੇ ਫਿਰ ਦਿਲੀ ਪਹੁੰਚਿਆ ।

ਡੀਲਾਫੋਂਟ ਤੇ ਰਾਹਦਾਰੀ

ਦਿੱਲੀ ਵਿਚ ਇਸ ਨੂੰ ਪਤਾ ਲੱਗਾ ਕਿ ਪੰਜਾਬ ਵਿਚ ਵੜਨ ਤੋਂ ਪਹਿਲਾਂ ਅੰਗਰੇਜ਼ੀ ਹਕੂਮਤ ਤੋਂ ਰਾਹਦਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ । ਇਥੇ ਉਸ ਨੇ ਰਾਹਦਾਰੀ ਲਈ ਇਕ ਦਰਖਾਸਤ ਲਿਖ ਦਿਤੀ ।

ਉਨ੍ਹੀਂ ਦਿਨੀਂ ਡਾਕ ਦਾ ਪ੍ਰਬੰਧ ਇੱਨਾ ਚੰਗਾ ਨਹੀਂ ਸੀ । ਗਵਰਨਰ

ਜਨਰਲ ਦੇ ਉੱਤਰ ਆਉਣ ਵਿਚ ਚੋਖਾ ਸਮਾਂ ਲੰਘ ਗਿਆ । ਇਸ ਦੇ ਬਾਅਦ ਉਤਰ ਆਇਆ ਕਿ ਜਾਚਕ ਦੀ ਦਰਖਾਸਤ ਅਧੂਰੀ ਹੈ । ਉਸ ਵਿਚ ਉਸ ਨੇ ਇਹ ਨਹੀਂ ਪ੍ਰਗਟ ਕੀਤਾ ਕਿ ਲਾਹੌਰ ਜਾ ਕੇ ਉਹ ਕੇਹੜਾ ਕੰਮ ਕਰੇਗਾ । ਰਾਹਦਾਰੀ ਪ੍ਰਾਪਤ ਕਰਨ ਲਈ ਇਸ ਗੱਲ ਦਾ ਖੋਲ੍ਹ ਕੇ ਵੇਰਵਾ ਲਿਖਣਾ ਜ਼ਰੂਰੀ ਹੈ ।

ਮੁੜ ਦੂਜੀ ਦਰਖਾਸਤ ਦੇਣ ਤੋਂ ਡੀਲਾਫੌਂਟ ਨੇ ਇਸ ਦਲੀਲ ਪਰ ਨਾਂਹ ਕਰ ਦਿਤੀ ਕਿ ਉਹ ਅੰਗਰੇਜ਼ੀ ਪਰਜਾ ਨਹੀਂ ਅਤੇ ਮਹਾਰਾਜ ਰਣਜੀਤ ਸਿੰਘ ਖੁਦ-ਮੁਖਤਾਰ ਹੁਕਮਰਾਨ ਹੈ, ਇਸ ਲਈ ਉਸਨੂੰ ਲਾਹੌਰ ਜਾਣ ਵਿਚ ਕਿਸੇ ਬੰਧਨ ਦੀ ਲੋੜ ਨਹੀਂ ।

ਬਿਨਾ ਰਾਹਦਾਰੀ ਲਾਹੌਰ ਆਉਣਾ

ਹੁਣ ਥੋੜੇ ਦਿਨਾਂ ਦੇ ਉਪਰੰਤ ਡੀਲਾਫੌਂਟ ਚੁਪ ਚੁਪਾਤਾ ਦਿੱਲੀ ਤੋਂ ਨਿਕਲ ਕੇ ਭਾਵਲ ਪੁਰ ਦੇ ਰਾਹ ਸਿੱਧਾ ਲਾਹੌਰ ਪਹੁੰਚ ਗਿਆ । ਜਿਹਾ ਕਿ ਪਾਠਕ ਉਪਰ ਪੜ੍ਹ ਆਏ ਹਨ ਕਿ ਵੱਡਾ ਡੀਲਾਫੌਂਟ ਐਲਾਰਡ ਨੂੰ ਫ਼ਰਾਂਸ ਵਿਚ ਮਿਲ ਚੁੱਕਾ ਸੀ ਇਸ ਲਈ ਮਹਾਰਾਜਾ ਸਾਹਿਬ ਤੋਂ ਨੌਕਰੀ ਪ੍ਰਾਪਤ ਕਰਨ ਵਿਚ ਉਸ ਨੂੰ ਕੋਈ ਕਠਨਤਾਈ ਨਹੀਂ ਸੀ ਹੋਈ। ਸ਼ੇਰਿ ਪੰਜਾਬ ਨੇ ਉਸ ਦੇ ਫੌਜੀ ਹੁਨਰ ਦੇ ਪਰਤਾਵਾ ਕਰਨ ਦੇ ਉਪਰੰਤ ੮੦੦) ਰੁਪਿਆ ਮਹੀਨਾ ਤਲਬ ਪਰ ਉਸ ਨੂੰ ਫ਼ੌਜ ਵਿਚ ਮੇਜਰ ਦਾ ਅਹੁਦਾ ਦੇ ਦਿਤਾ ।

ਪਹਿਲੇ ਪਹਿਲ ਡੀਲਾਫੌਂਟ ਨੂੰ 'ਫਤਹ ਰਜਮੰਟ' ਵਿਚ ਲਾਇਆ ਗਿਆ । ਇਸ ਨੇ ਥੋੜੇ ਦਿਨਾਂ ਵਿਚ ਹੀ ਆਪਣੀ ਯੋਗਤਾ ਅਨੁਸਾਰ ਰਜਮੰਟ ਦੇ ਕੰਮ ਵਿਚ ਖਾਸੀ ਉਨਤੀ ਕੀਤੀ ।

ਉਧਰ ਸਰਕਾਰ ਅੰਗਰੇਜ਼ੀ ਨੂੰ ਜਦ ਡੀਲਾਫੌਂਟ ਦੀ ਆਪ-ਹੁਦਰੀ ਦਾ ਪਤਾ ਲੱਗਾ ਤਾਂ ਉਸਨੇ ਆਪਣੇ ਪੁਲੀਟੀਕਲ ਏਜੰਟ ਲੁਧਿਆਣਾ ਦੀ ਰਾਹੀਂ ਮਹਾਰਾਜਾ ਸਾਹਿਬ ਨੂੰ ਲਿਖਿਆ ਕਿ ਉਸ ਨੂੰ ਨੌਕਰੀ ਨਾ

ਦਿਤੀ ਜਾਏ । ਪਰ ਮਹਾਰਾਜਾ ਸਾਹਿਬ ਨੇ ਡੀਲਾਫੋਂਟ ਦੀ ਉਪਰ ਲਿਖੀ ਦਲੀਲ ਦੇ ਚਾਨਣੇ ਵਿਚ ਅੰਗਰੇਜ਼ੀ ਹਕੂਮਤ ਦੀ ਮੰਗ ਨੂੰ ਕੋਈ ਤੋਲ ਨਾ ਦਿੱਤਾ । ਡੀਲਾਫੋਂਟ ਬਰਾਬਰ ੧੮੪੩ ਤਕ ਖਾਲਸਾ ਫ਼ੌਜ ਵਿਚ ਕਮਾਂਡਰ ਦੇ ਅਹੁਦੇ ਪਰ ਕੰਮ ਕਰਦਾ ਰਿਹਾ ।

ਇੱਕ ਸਾਲ ਦੀ ਛੁਟੀ ਜਾਂਣਾ

ਡੀਲਾਫੋਂਟ ਦੀ ਨੌਕਰੀ ਦਾ ਵਧੇਰਾ ਸਮਾਂ ਹਜ਼ਾਰੇ ਵਿਚ ਬੀਤਿਆ। ਉਹ ਸੰਨ ੧੮੪੩ ਵਿਚ ਇਕ ਸਾਲ ਦੀ ਛੁਟੀ ਪਰ ਫ਼ਰਾਂਸ ਗਿਆ ਸੀ ਪਰ ਉਸ ਨੂੰ ਘਰੋਗੀ ਲੋੜਾਂ ਨੇ ਐਨਾ ਬੇਵਸ ਕਰ ਦਿੱਤਾ ਕਿ ਉਹ ਪਰਤ ਕੇ ਮੁੜ ਪੰਜਾਬ ਨਾ ਆ ਸਕਿਆ ।

ਕੋਈ ਜੰਗੀ ਸੇਵਾ ਨਹੀ ਸੀ

ਡੀਲਾਫੋਂਟ ਦੀ ਖਾਲਸਾ ਰਾਜ ਲਈ ਮੈਦਾਨ ਜੰਗ ਦੀ ਕੋਈ ਸੇਵਾ ਨਹੀਂ । ਮੇਜਰ ਸਮਾਇਥ ਲਿਖਦਾ ਹੈ ਕਿ ਉਸ ਨੂੰ ਖਾਲਸਾ ਰਾਜ ਦੀਆਂ ਕਈ ਖੁਫ਼ੀਆ ਗੱਲਾਂ ਡੀਲਾਫੋਂਟ ਨੇ ਹੀ ਦੱਸੀਆਂ ਸਨ* ।

---o---

ਛੋਟਾ ਡੀਲਾਫੋਂਟ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
(ਛੋਟਾ) ਡੀਲਾਫੋਂਟ	ਫ਼ਰਾਂਸੀਸੀ	੧੮੩੮-੪੩	੮੦੦

ਛੋਟੇ ਭਾਈ ਨੂੰ ਲਾਹੌਰ ਮੰਗਵਾਉਣਾ

ਵੱਡਾ ਡੀਲਾਫੋਂਟ ਜਦ ਸੰਨ ੧੮੩੮ ਦੇ ਆਰੰਭ ਵਿਚ ਸ਼ੇਰਿ ਪੰਜਾਬ ਦੀ ਫ਼ੌਜ ਵਿਚ ਨੌਕਰ ਹੋ ਗਿਆ ਤਾਂ ਉਸ ਨੇ ਯਤਨ ਕਰਕੇ

---

*ਸਮਾਇਥਜ਼, ਰੇਨੰਗ ਫੈਮਲੀ ਆਫ਼ ਲਾਹੌਰ, ਦੀਬਾਚਾ ਸਫ਼ਾ ੩੦ ।

ਮਹਾਰਾਜਾ ਸਾਹਿਬ ਤੋਂ ਆਪਣੇ ਨਿਕੇ ਭਾਈ ਲਈ ਵੀ ਨੌਕਰੀ ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ।

ਉਸ ਨੇ ਸ਼ੇਰਿ ਪੰਜਾਬ ਨੂੰ ਦੱਸਿਆ ਕਿ ਉਸ ਦਾ ਨਿੱਕਾ ਭਾਈ ਵੀ ਉਸ ਦੇ ਨਾਲ ਫ਼ਰਾਂਸੀਸੀ ਫ਼ੌਜ ਵਿਚ ਕਰਨੈਲ ਰਹਿ ਚੁਕਾ ਸੀ। ਚੂੰਕਿ ਮਹਾਰਾਜਾ ਵੱਡੇ ਡੀਲਾਫੌਂਟ ਦੇ ਕੰਮ ਪਰ ਪ੍ਰਸੰਨ ਸਨ ਇਸ ਲਈ ਉਸ ਨੂੰ ਆਪਣੇ ਨਿਕੇ ਭਾਈ ਨੂੰ ਲਾਹੌਰ ਮੰਗਵਾਉਣ ਲਈ ਪ੍ਰਵਾਨਗੀ ਦੇ ਦਿੱਤੀ ।

ਇਸ ਤਰ੍ਹਾਂ ਛੋਟਾ ਡੀਲਾਫੌਂਟ ਵੀ ਉਸੇ ਸਾਲ ੧੮੩੯ ਦੇ ਅਖ਼ੀਰ ਪਰ ਲਾਹੌਰ ਪਹੁੰਚ ਗਿਆ ।

ਸ਼ੇਰਿ ਪੰਜਾਬ ਨੇ ਉਸ ਦਾ ਕੰਮ ਦੇਖ ਕੇ, ਉਸ ਨੂ ੮੦੦) ਰੁਪਏ ਮਹੀਨੇ ਪਰ ਫ਼ਰਾਂਸੀਸੀ ਕੰਪੂ ਵਿਚ ਇਕ ਰਜਮੰਟ ਦੀ ਕਮਾਂਡ ਦੇ ਦਿੱਤੀ। ਇਹ ਆਪਣੇ ਭਾਈ ਨਾਲ ਵਧੇਰੇ ਸਮਾਂ ਹਜ਼ਾਰੇ ਆਦਿ ਪੰਜਾਬ ਦੇ ਸਰਹੱਦੀ ਇਲਾਕੇ ਵਿਚ ਰਿਹਾ । ਉਹ ਵੀ ਸੰਨ ੧੮੪੩ ਵਿਚ ਫ਼ਰਾਂਸ ਪਰਤ ਗਿਆ । ਇਸ ਦੀ ਵੀ ਕੋਈ ਜੰਗੀ ਸੇਵਾ ਨਹੀਂ ।

---o---

ਮਾਂਊਟਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਮਾਂਊਟਨ	ਫ਼ਰਾਂਸੀਸੀ	੧੮੩੯–੪੬	੮੦੦

ਮਾਂਊਟਨ ਫ਼ਰਾਂਸੀਸੀ ਫ਼ੌਜ ਵਿਚ ਲਫਟੈਨੀ ਦੇ ਅਹੁਦੇ ਤੋਂ ਤਰੱਕੀ ਕਰਦਾ ਹੋਇਆ ਸੰਨ ੧੮੩੮ ਵਿਚ ਮੇਜਰ ਦੇ ਅਹੁਦੇ ਤਕ ਪੁਜਾ। ਇਸ ਦੇ ਉਪਰੰਤ ਫ਼ਰਾਂਸ ਦੇ ਫ਼ੌਜੀ ਨਿਯਮਾਂ ਅਨੁਸਾਰ ਮਾਂਊਟਨ ਦਾ ਨਾਮ ਅੱਧੀ ਤਲਬ ਪਰ ਰੀਜ਼ਰਵ ਫ਼ੌਜ ਦੀ ਲਿਸਟ ਵਿਚ ਲਿਖਿਆ ਗਿਆ ।

ਮਾਂਊਟਨ ਦਾ ਨਿਰਬਾਹ ਅੱਧੀ ਤਲਬ ਪਰ ਫ਼ਰਾਂਸ ਵਿਚ ਰਹਿਕੇ

ਬੜਾ ਕਠਨ ਹੋ ਗਿਆ। ਜਿਸ ਕਰਕੇ ਉਹ ਉਥੇ ਬੜਾ ਉਪਰਾਮ ਰਹਿੰਦਾ ਸੀ।

ਮਾਂਊਟਨ ਦਾ ਵੈਨਤੂਰਾ ਨਾਲ ਮੇਲ

ਇਹਨਾਂ ਦਿਨਾਂ ਵਿਚ ਸੰਜੋਗ ਨਾਲ ਮਾਂਊਟਨ ਦਾ ਜਨਰਲ ਵੈਨਤੂਰਾ ਨਾਲ ਮੇਲ ਹੋ ਗਿਆ। ਜੋ ਇਹਨੀਂ ਦਿਨੀਂ ਫ਼ਰਾਂਸ ਛੁਟੀ ਪਰ ਗਿਆ ਹੋਇਆ ਸੀ। ਉਸ ਸਮੇਂ ਉਸ ਨੇ ਆਪਣਾ ਇਰਾਦਾ ਲਾਹੌਰ ਜਾਣ ਲਈ ਪ੍ਰਗਟ ਕੀਤਾ।

ਜਨਰਲ ਵੈਨਤੂਰਾ ਨੇ ਜਦ ਮਾਂਊਟਨ ਬਾਰੇ ਉਥੇ ਫ਼ਰਾਂਸ ਵਿਚ ਪੁਛ ਗਿਛ ਕੀਤਾ ਤਾਂ ਉਸ ਦੀ ਫ਼ੌਜੀ ਯੋਗਤਾ ਨੂੰ ਫ਼ਰਾਂਸ ਦੇ ਜੰਗੀ ਦਫ਼ਤਰ ਨੇ ਸਭ ਤਰ੍ਹਾਂ ਭਰੋਸੇ ਯੋਗ ਦਸਿਆ।

ਵੈਨਤੂਰਾ ਦਾ ਮਾਂਊਟਨ ਨੂੰ ਪੰਜਾਬ ਲੈ ਆਉਣਾ

ਵੈਨਤੂਰਾ ਛੁਟੀ ਗੁਜ਼ਾਰਨ ਦੇ ਉਪਰੰਤ ਜਦ ਲਾਹੌਰ ਵਲ ਤੁਰਨ ਲੱਗਾ ਤਾਂ ਮਾਂਊਟਨ ਨੂੰ ਆਪਣੇ ਨਾਲ ਪੰਜਾਬ ਲੈ ਆਇਆ। ਇਹ ਦੋਵੇਂ ਸੰਨ ੧੮੩੯ ਦੀਆਂ ਗਰਮੀਆਂ ਦੇ ਅਰੰਭ ਵਿਚ ਲਾਹੌਰ ਪਹੁੰਚ ਗਏ।

ਕੁਝ ਦਿਨਾਂ ਦੇ ਉਪਰੰਤ ਵੈਨਤੂਰਾ ਨੇ ਮਾਂਊਟਨ ਨੂੰ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਕੀਤਾ ਅਤੇ ਇਸ ਬਾਰੇ ਸਾਰੀਆਂ ਗੱਲਾਂ ਦਾ ਉਹ ਆਪ ਜ਼ਿਮਾਵਾਰ ਬਣਿਆ ਅਤੇ ਇਸ ਨੂੰ ਆਪਣੇ ਕੈਂਪੂ ਵਿਚ ਕਰਨੈਲੀ ਦੇ ਅਹੁਦੇ ਪਰ ਲਾ ਲਿਆ। ਮਹਾਰਾਜਾ ਸਾਹਿਬ ਨੇ ਇਸ ਦੀ ਆਰੰਭ ਵਿਚ ੮੦੦) ਮਹੀਨਾ ਤਲਬ ਨੀਯਤ ਕੀਤੀ।

ਮਾਂਊਟਨ ਪਹਿਲਾਂ ਪੰਜਾਬ ਦੀ ਸਰਹੱਦ ਪਰ ਹਜ਼ਾਰਾ ਤੇ ਛਛ ਦੇ ਇਲਾਕੇ ਵਿਚ ਕਮਾਂਡਰ ਦੇ ਅਹੁਦੇ ਪਰ ਰਿਹਾ। ਇਸ ਦੇ ਉਪਰੰਤ ਪਹਾੜੀ ਇਲਾਕਾ ਮੰਡੀ ਵਿਚ ਰਿਹਾ।

ਡਾਕਟਰ ਮੈਕਗ੍ਰੇਗਰ ਨੇ ੧੮੪੫ ਵਾਲੀ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦੇ ਹਾਲਾਤ ਲਿਖੇ ਹਨ । ਉਸ ਪੁਸਤਕ ਵਿਚ ਇਕ ਥਾਂ ਲਿਖਤ ਆਉਂਦੀ ਹੈ ਕਿ ਮਾਂਊਟਨ ਨੇ ਸੁਬਰਾਉ ਦੇ ਮੈਦਾਨ ਵਿਚ ਖਾਲਸਾ ਫ਼ੌਜ ਲਈ ਐਸੇ ਦਮਦਮੇ ਤਿਆਰ ਕਰਵਾਏ ਸਨ ਜਿਨ੍ਹਾਂ ਦਾ ਤੋੜਨਾ ਵੱਡਾ ਕਠਨ ਕੰਮ ਸੀ ।

ਮਾਂਊਟਨ ਅੰਗਰੇਜ਼ਾਂ ਦੀ ਕੈਦ ਵਿਚ

ਅੰਗਰੇਜ਼ਾਂ ਦੇ ਲਾਹੌਰ ਵਿਚ ਆ ਵੜਨ ਸਮੇਂ ਉਹਨਾਂ ਮਾਂਊਟਨ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਵਿਚੋਂ ਦੇਸ਼ ਨਿਕਾਲਾ ਦੇ ਦਿਤਾ । ਇਸ ਦੀ ਸਾਰੀ ਨੌਕਰੀ ਸਮੇਂ ਦਾ ਕੰਮ ਏਹ ਸੀ ਕਿ ਇਸ ਨੇ ਖਾਲਸਾ ਫ਼ੌਜ ਲਈ ਸੁਬਰਾਉ ਦੇ ਮੈਦਾਨ ਵਿਚ ਦਮਦਮੇ ਤਿਆਰ ਕਰਵਾਏ ਸਨ । ਇਸ ਤੋਂ ਪਹਿਲਾਂ ਕੋਈ ਜੰਗੀ ਸੇਵਾ ਨਹੀਂ ਸੀ ।

ਮੇਜਰ ਸਮਾਇਥ ਲਿਖਦਾ ਹੈ ਕਿ ਮਾਂਊਟਨ ਨੇ ਮੈਨੂੰ ਖਾਲਸਾ ਫ਼ੌਜ ਦੀਆਂ ਕਈ ਜ਼ਰੂਰੀ ਖੁਫ਼ੀਆ ਗੱਲਾਂ ਦੱਸੀਆਂ ਸਨ* ।

---o---

ਡੀਲਾਰੋਸ਼ੀ

ਨਾਮ	ਕੌਮੀਅਤ	ਸਮਾਂ	ਤਲਬ
ਡੀਲਾਰੋਸ਼ੀ	ਫ਼ਰਾਂਸੀਸੀ	੧੮੩੮-੪੨	੫੦੦

ਸੰਨ ੧੮੩੮ ਦਾ ਸਾਲ ਬਦੇਸ਼ੀਆਂ ਲਈ ਖਾਲਸਾ ਰਾਜ ਵਿਚ ਨੌਕਰੀਆਂ ਪ੍ਰਾਪਤ ਕਰਨ ਲਈ ਵੱਡਾ ਭਾਗਵੰਤ ਸਾਲ ਸੀ । ਖੋਜ ਤੋਂ ਪਤਾ ਲਗਦਾ ਹੈ ਕਿ ਜਿੱਨੇ ਵਧ ਬਦੇਸ਼ੀ ਇਸ ਸਾਲ ਖਾਲਸਾ ਰਾਜ ਦੀ ਨੌਕਰੀ ਵਿਚ ਆਏ ਸਨ ਐਨੇ ਹੋਰ ਕਿਸੇ ਸਾਲ ਨਹੀਂ ਸਨ ਆਏ ।

*ਸਮਾਇਥਜ਼, ਰੇਨੰਗ ਫ਼ੈਮਲੀ ਆਫ਼ ਲਾਹੌਰ, ਭੂਮਿਕਾ ਸਫ਼ਾ ੩੦ ।

ਡੀਲਾਰੋਸ਼ੀ ਤੇ ਬੇਗ਼ਮ ਸਮਰੂ

ਕੁਝ ਲਿਖਤਾਂ ਤੋਂ ਇਹ ਵੀ ਪਤਾ ਮਿਲਦਾ ਹੈ ਕਿ ਡੀਲਾਰੋਸ਼ੀ ਪੰਜਾਬ ਵਿਚ ਆਵਣ ਤੋਂ ਪਹਿਲਾਂ ਕੁਝ ਸਮਾਂ, ਬੇਗ਼ਮ ਸਮਰੂ ਦੀ ਨੌਕਰੀ ਵਿਚ ਕਮਾਂਡਿਰ ਰਿਹਾ ਸੀ* ।

ਪਹਿਲੇ ਪਤੀ ਦੇ ਮਰਨ ਦੇ ਉਪਰੰਤ ਬੇਗਮ ਨੇ ਕੈਥੋਲਕ ਮਤ ਧਾਰਨ ਕਰਕੇ ਸੰਨ ੧੭੯੩ ਵਿਚ ਆਪਣੀ ਫ਼ੌਜ ਦੇ ਇੱਕ ਫ਼ਰਾਂਸੀਸੀ ਨੌਕਰ ਲਵਾਸੋ ਨਾਲ ਮੁੜ ਸ਼ਾਦੀ ਕਰ ਲਈ । ਲਵਾਸੋ ਨੇ ਦੋ ਵਰ੍ਹੇ ਦੇ ਉਪਰੰਤ ਆਤਮਘਾਤ ਕਰਕੇ ਬੇਗ਼ਮ ਤੋਂ ਖਲਾਸੀ ਪਾਈ । ਇਸ ਕਤਲ ਦੇ ਸ਼ਕ ਵਿਚ ਬੇਗਮ ਪਕੜੀ ਗਈ, ਪਰ ਥਾਮਸ ਦੀ ਰਾਹੀਂ ਛੁਟਕਾਰਾ ਪਾ ਕੇ ਮੁੜ ਰਿਆਸਤ ਦਾ ਕੰਮ ਚਲਾਣ ਲੱਗੀ ।

ਸੰਨ ੧੮੦੫ ਵਿਚ ਉਹ ਅੰਗਰੇਜ਼ੀ ਹਕੂਮਤ ਦੀ ਅਨਸਾਰੀ ਹੋ ਕੇ ਰਾਜ ਕਰਨ ਲੱਗੀ ।

ਇਸਦਾ ਇਲਾਕਾ ਮੁਜ਼ੱਫ਼ਰ ਗੜ੍ਹ ਤੋਂ ਅਲੀ ਗੜ੍ਹ ਤਕ ਖਿਲਰਿਆ ਹੋਇਆ ਸੀ । ਇਹ ਆਪਣੇ ਸਮੇਂ ਦੀ ਬੜੀ ਦਾਨੀ ਇਸਤ੍ਰੀ ਮੰਨੀ ਜਾਂਦੀ ਸੀ । ਇਸ ਨੇ ਕੇਵਲ ਮੇਰਠ ਦੇ ਗਿਰਜੇ ਦੀ ਉਸਾਰੀ ਪਰ ੫੦੦੦੦) ਰੁਪਿਆ ਖਰਚ ਕੀਤਾ ਸੀ ਇਸ ਤੋਂ ਵੱਖ ਉਸ ਨੇ ੫੦੦੦੦) ਰੁਪਿਆ ਹੋਰ ਕਲਕਤੇ ਦੇ ਬਿਸ਼ਪ ਨੂੰ ਈਸਾਈ ਮਤ ਦੇ ਪ੍ਰਚਾਰ ਲਈ ਦਿਤਾ ਸੀ।

ਬੇਗਮ ਸਮਰੂ ਦੀ ਵਿਥਿਆ

ਬੇਗ਼ਮ ਸਮਰੂ ੨੭ ਜਨਵਰੀ ਸੰਨ ੧੮੩੬ ਵਿਚ ੮੦ ਸਾਲ ਦੀ

*ਬੇਗ਼ਮ ਸਮਰੂ ਦਾ ਅਸਲ ਨਾਮ ਜ਼ੇਬੁਲਨਿਸਾ ਸੀ । ਇਸ ਦਾ ਜਨਮ ਲੁਤਫ਼ ਅਲੀ ਖਾਨ ਦੇ ਘਰ ਇਕ ਕਸ਼ਮੀਰਨ ਮਾਂ ਦੇ ਪੇਟ ਤੋਂ ਸੰਨ ੧੭੫੧ ਵਿਚ ਹੋਇਆ । ਸੰਨ ੧੭੬੫ ਵਿਚ ਇਸ ਦਾ ਵਿਆਹ ਸਮਰੂ ਨਾਮੀ ਇਕ ਫ਼ਰਾਂਸੀਸੀ ਭਗੌੜੇ ਨਾਲ ਹੋਇਆ, ਜਿਸ ਨੇ ਉਸ ਸਮੇਂ ਸਰਧਨਾ (ਮੇਰਟ) ਵਿਚ ਇਕ ਛੋਟੀ ਜਿਹੀ ਰਿਆਸਤ ਸਥਾਪਤ ਕਰ ਲਈ ਸੀ । ਸੰਨ ੧੭੭੮ ਵਿਚ ਆਪਣੇ ਪਤੀ ਦੇ ਮਰਨ ਦੇ ਉਪਰੰਤ ਉਸ ਨੇ ਰਿਆਸਤ ਅਤੇ ਉਸ ਦੀ ਫ਼ੌਜ ਦੇ ਪ੍ਰਬੰਧ ਨੂੰ ਬੜੀ ਯੋਗਤਾ ਨਾਲ ਸਾਂਭਿਆ।

ਉਮਰ ਭੋਗ ਕੇ ਮੋਈ । ਉਹ ਅੱਠ ਲੱਖ ਰੁਪਿਆ ਰੋਕ ਪਿਛੇ ਛੱਡ ਗਈ ਸੀ । ਬੇਗ਼ਮ ਸਮਰੂ ਦੇ ਜੀਵਨ ਦੀ ਵਿਥਿਆ ਉਸ ਦੇ ਆਪਣੇ ਮੁਨਸ਼ੀ ਗੋਕਲ ਚੰਦ ਨੇ 'ਜ਼ੇਬੁਲ ਤਵਾਰੀਖ' ਨਾਮੀ ਪੁਸਤਕ ਵਿਚ ਵਿਸਥਾਰ ਨਾਲ ਦਿੱਤੀ ਹੈ ।

ਸੰਨ ੧੮੩੮ ਵਿਚ ਡੀਲਾਰੋਸ਼ੀ ਲਾਹੌਰ ਪੁਜਾ । ਉਸਦੇ ਇਥੇ ਆਉਣ ਦਾ ਇਹ ਪਤਾ ਨਹੀਂ ਮਿਲਦਾ ਕਿ ਉਹ ਕੇਹੜੇ ਰਾਹ ਲਾਹੌਰ ਪੁਜਾ ।

ਲਾਹੌਰ ਪਹੁੰਚਣ ਪਰ ਉਸਦੇ ਫ਼ੌਜੀ ਕਰਤਬ ਦੀ ਪ੍ਰੀਖਿਆ ਕੀਤੀ ਗਈ ਅਤੇ ਇਸਦੀ ਯੋਗਤਾ ਅਨੁਸਾਰ ੫੦੦) ਰੁਪਿਆ ਮਹੀਨਾ ਤਲਬ ਪਰ ਸ਼ੇਰਿ ਪੰਜਾਬ ਨੇ ਉਸ ਨੂੰ ਮੇਜਰ ਦਾ ਅਹੁਦਾ ਦੇ ਕੇ ਨੌਕਰ ਰੱਖ ਲਿਆ ।

ਦਰਬਾਰੀ ਰੋਜ਼ਨਾਮਚਿਆਂ ਤੇ ਕੁਝ ਹੋਰਨਾਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਡੀਲਾਰੋਸ਼ੀ ਕੇਵਲ ਦੋ ਵਾਰੀ ਆਪਣੀ ਨੌਕਰੀ ਸਮੇਂ ਹੱਦ ਬੰਨਿਆਂ ਦੀ ਕਾਇਮੀ ਲਈ ਆਪਣੀ ਛਾਉਣੀ ਤੋਂ ਬਾਹਰ ਗਿਆ ।

ਡੀਲਾਰੋਸ਼ੀ ਬੇਲਦਾਰਾਂ ਵਿਚ

ਨੌਕਰੀ ਦੇ ਛੇਕੜਲੇ ਸਾਲਾਂ ਵਿਚ ਉਸ ਨੂੰ ਬੇਲਦਾਰ* ਰਜਮੰਟ ਵਿਚ ਬਦਲ ਦਿੱਤਾ ਗਿਆ ਸੀ ।

ਬੇਹੋਸ਼ੀ ਵਿਚ ਘੋੜੇ ਤੋਂ ਡਿੱਗ ਕੇ ਮਰ ਗਿਆ

ਸੰਨ ੧੮੪੨ ਦੇ ਵਡੇ ਦਿਨਾਂ ਵਿਚ ਉਸ ਨੇ ਇੰਨੀ ਢਿੱਡ ਭਰ ਕੇ ਸ਼ਰਾਬ ਪੀਤੀ ਕਿ ਉਸ ਨੂੰ ਆਪਣੀ ਜਾਨ ਦੀ ਵੀ ਕੋਈ ਸੁਧ ਨਾ

---

*ਬੇਲਦਾਰ ਰਜਮਟ ਖਾਲਸਾ ਰਾਜ ਸਮੇਂ ਮੌਜੂਦਾ ਸਾਈਪਰਸ ਐਂਡ ਮਾਈਨਰਜ਼ ਦੀ ਤਰ੍ਹਾਂ ਸੀ । ਇਸ ਰਜਮਟ ਦੇ ਜਵਾਨ ਸੜਕਾਂ, ਪੁਲਾਂ ਆਦਿ ਦੇ ਬਨਾਉਣ ਵਿਚ ਚਤਰ ਸਮਝੇ ਜਾਂਦੇ ਸਨ ।

ਰਹੀ । ਉਹ ਇਸੇ ਹੀ ਖੁਮਾਰੀ ਵਿਚ ਆਪਣੇ ਘੋੜੇ ਤੋਂ ਡਿੱਗ ਕੇ ਐਸਾ ਬੇਸੁਧ ਹੋਇਆ ਕਿ ਕਈ ਦਿਨਾਂ ਦੇ ਇਲਾਜ ਕਰਨ ਪਰ ਵੀ ਉਹ ਮੁੜ ਹੋਸ਼ ਵਿਚ ਨਾ ਆਇਆ । ਡੀਲਾਰੋਸ਼ੀ ਇਸੇ ਦਿਸ਼ਾ ਵਿਚ ਮਰ ਗਿਆ † ਲਾਹੌਰ ਵਿਚ ਉਸਦੀ ਕਬਰ ਮੌਜੇ ਦਰਿਆ ਦੇ ਮਕਬਰੇ ਦੇ ਲਾਗੇ ਪੱਕੀ ਬਨਵਾਈ ਗਈ ਸੀ ‡ ।

----o----

ਅਰਗੌਂਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਅਰਗੌਂਡ	ਫ਼ਰਾਂਸੀਸੀ	ਨਵੰਬਰ ੧੮੩੬-੩੭	੪੦੦

ਅਰਗੌਂਡ ਰੰਗਰੂਟਾਂ ਦੀ ਸਿਖਲਾਈ ਪਰ

ਬੀ. ਅਰਗੌਂਡ ਬਾਰੇ ਪੁਰਾਣੇ ਪੰਨਿਆਂ ਤੋਂ ਕੇਵਲ ਇੰਨਾਂ ਹੀ ਥਹੁ ਮਿਲਦਾ ਹੈ ਕਿ ਉਹ ਨਵੰਬਰ ਸੰਨ ੧੮੩੬ ਵਿਚ ਨਵੇਂ ਭਰਤੀ ਹੋਏ ਰੰਗਰੂਟਾਂ ਨੂੰ ਪਹਾੜੀ ਕਵੈਦ ਸਿਖਾਣ ਦੇ ਕੰਮ ਪਰ ੪੦੦) ਰੁਪਿਆ ਮਹੀਨਾ ਤਲਬ ਪਰ ਨੌਕਰ ਰਖਿਆ ਗਿਆ ਸੀ ।

ਅਰਗੌਂਡ ਬੜੇ ਨੀਵੇਂ ਆਚਰਨ ਦਾ ਬੰਦਾ ਸੀ । ਲਾਹੌਰ ਵਿਚ ਝਬਦੇ ਹੀ ਉਸ ਦੀਆਂ ਬੁਰੀਆਂ ਕਰਤੂਤਾਂ ਆਮ ਜਨਤਾ ਪਰ ਪ੍ਰਗਟ ਹੋ ਗਈਆਂ ।

ਉਹ ਜਦ ਸ਼ਰਾਬ ਦੇ ਲੋਰੇ ਵਿਚ ਲਾਹੌਰ ਦੀਆਂ ਸੜਕਾਂ ਪਰ ਨਿਕਲਦਾ ਹੁੰਦਾ ਸੀ ਤਾਂ ਇਹ ਆਪਣੇ ਆਪ ਨੂੰ ਨੈਪੋਲੀਅਨ ਬੋਨਾਪਾਰਟ ਸਮਝਦਾ ਹੁੰਦਾ ਸੀ ।

---

† ਸਮਾਇਬਜ਼ ਰੇਨੰਗ ਫ਼ੈਮਲੀ ਆਫ਼ ਲਾਹੌਰ ਸਫ਼ਾ ੩੬ ।

‡ ਮਿਸਜ਼ ਅਰਵੰਨ ਨੇ ਲਿਖਿਆ ਹੈ ਕਿ ਡੀਲਾਰੋਸ਼ੀ ਦੀ ਪੱਕੀ ਕਬਰ ਉਸਦੀ ਪਹਾੜੀ ਔਰਤ 'ਫ਼ਤਹ ਬਖ਼ਸ਼' ਨੇ ਬਣਵਾਈ ਸੀ ।

[ਦੇਖੋ ਮੋਨੀਉਮੇਂਟਲ ਇਨਸਕ੍ਰਿਪਸ਼ਨ ਇਨ ਦੀ ਪੰਜਾਬ ਸਫ਼ਾ ,੨ ।

ਨੌਕਰੀ ਤੋਂ ਵੱਖ ਕਰਨਾ

ਅਰਗੌਂਡ ਦੀਆਂ ਰੋਜ਼ ਰੋਜ਼ ਦੀਆਂ ਅਯੋਗ ਕਰਤੂਤਾਂ ਤੋਂ ਤੰਗ ਆ ਕੇ ਮਹਾਰਾਜਾ ਸਾਹਿਬ ਨੇ ਉਸ ਨੂੰ ਪੰਜਾਂ ਮਹੀਨਿਆਂ ਦੀ ਨੌਕਰੀ ਦੇ ਉਪਰੰਤ ਅਪਰੈਲ ਸੰਨ ੧੮੩੭ ਵਿਚ ਨੌਕਰੀ ਤੋਂ ਵੱਖ ਕਰ ਦਿੱਤਾ ।

ਕਪਤਾਨ ਬਾਰਨਸ ਦੀ ਰਾਏ

ਅਰਗੌਂਡ ਲਾਹੌਰ ਤੋਂ ਨਿਕਲ ਕੇ ਨੌਕਰੀ ਦੀ ਭਾਲ ਵਿਚ ਭਾਵਲ ਪੁਰ ਦੇ ਰਾਹ, ਕਾਬਲ ਨੂੰ ਤੁਰ ਗਿਆ ।

ਇਨ੍ਹਾਂ ਦਿਨਾਂ ਵਿਚ ਕਪਤਾਨ ਬਾਰਨਸ* ਤੇ ਕਪਤਾਨ ਵੁਡ ਅੰਗਰੇਜ਼ੀ ਮਿਸ਼ਨ ਪਰ ਕਾਬਲ ਜਾਂਦੇ ਹੋਏ ੧੨ ਮਈ ਸੰਨ ੧੮੩੭ ਨੂੰ ਜਦ ਭਾਵਲ ਪੁਰ ਪਹੁੰਚੇ ਤਾਂ ਉਹਨਾਂ ਨੂੰ ਕਿਸੇ ਦਸਿਆ ਕਿ ਉਥੇ ਦੀ ਕਾਰਵਾਨੀ ਸਰਾਂ ਵਿਚ ਇਕ ਯੂਰਪੀਨ ਠਹਿਰਿਆ ਹੋਇਆ ਹੈ । ਬਾਰਨਸ ਲਿਖਦਾ ਹੈ, ਯੂਰਪੀਨ ਦਾ ਨਾਮ ਸੁਣ ਕੇ ਮੈਂ ਉਸੇ ਵਕਤ ਆਪਣਾ ਨੌਕਰ ਸਰਾਂ ਵਿਚ ਭੇਜ ਕੇ ਉਸ ਨੂੰ ਆਪਣੇ ਪਾਸ ਬੁਲਵਾ ਲਿਆ । ਇਹ ਸਮਾਂ ਰਾਤ ਦੇ ਖਾਣੇ ਦਾ ਸੀ ਉਸ ਪਾਸ ਨੌਕਰ ਪਹੁੰਚਣ ਦੀ ਢਿਲ ਸੀ ਕਿ ਉਹ ਝੱਟ ਸਾਡੇ ਡੇਰੇ ਪਹੁੰਚ ਗਿਆ ਅਤੇ ਉਸ ਆਪਣੇ ਆਪ ਆਪਣਾ ਨਾਮ ਅਰਗੌਂਡ ਦਸਿਆ । ਨਾਲ ਹੀ ਇਹ ਵੀ ਪਤਾ ਲੱਗਾ ਕਿ ਉਹ ਲਾਹੌਰੋਂ ਇਥੇ ਪੁਜਾ ਸੀ । ਉਹ ਝੱਟ ਸਾਡੇ ਖਾਣੇ ਦੇ ਮੇਜ਼ ਪਰ ਬੈਠ ਗਿਆ ਅਤੇ ਅੱਧੀ ਰਾਤ ਤਕ ਲਗਾਤਾਰ ਖਾਂਦਾ ਅਤੇ ਪੀਂਦਾ ਰਿਹਾ। ਇਸ ਸਮੇਂ ਉਹ ਇੰਨੀ ਵੱਧ ਸ਼ਰਾਬ ਪੀ ਗਿਆ ਕਿ ਮੂੰਹ ਤੋਂ ਅਲਜ਼ ਬਜ਼ਲ ਕਹਿਣ ਲੱਗ ਪਿਆ† ਅਤੇ ਅਜ਼ਾਦੀ ਤੇ ਸਮਾਨਤਾ ਦੇ ਉਚੇ ਉਚੇ

---

*ਇਹ ਪਿਛੇ ਜਾਕੇ ਸਰ ਅਲਿਗਜ਼ੰਡਰ ਬਾਰਨਸ ਦੇ ਨਾਮ ਨਾਲ ਪ੍ਰਸਿੱਧ ਹੋਇਆ ਅਤੇ ੨ ਨਵੰਬਰ ਸੰਨ ੧੮੪੧ ਮੰਗਲਵਾਰ ਦੀ ਸਵੇਰ ਨੂੰ ਕਾਬਲ ਵਿਚ ਆਪਣੇ ਛੋਟੇ ਭਾਈ ਚਾਰਲਸ ਬਾਰਨਸ ਦੇ ਕਤਲ ਕੀਤਾ ਗਿਆ ।

†ਬਾਰਨਸ, ਕਾਬਲ ਸਫ਼ਾ ੬੮ ।

ਨਾਅਰੇ ਲਾਉਣੇ ਲੱਗਾ । ਇਹ ਮਾਮਲਾ ਰਾਤ ਦਾ ਸੀ ਅਗਲੇ ਦਿਨ ਦਾ ਹਾਲ ਵੀ ਸੁਣੋ । ਬਾਰਨਸ ਲਿਖਦਾ ਹੈ ਕਿ ਅਗਲੀ ਭਲਕ ਨੂੰ ਅਰਗੌਂਡ ਤਿੱਖਾ ਤਿੱਖਾ ਆਇਆ ਅਤੇ ਬਿਨਾਂ ਮੇਰੀ ਆਗਿਆ ਦੇ ਓਹ ਇਕਾ ਇਕ ਮੇਰੇ ਸੌਣ ਵਾਲੇ ਕਮਰੇ ਵਿਚ ਆ ਵੜਿਆ ਅਤੇ ਉੱਚਾ ਪੁਕਾਰ ਕੇ ਕਹਿਣ ਲੱਗਾ ਕਿ ਹੁਣ ਸਤ ਵੱਜ ਚੁਕੇ ਹਨ, ਇਹ ਸੌਣ ਦਾ ਸਮਾਂ ਨਹੀਂ ।

ਅਰਗੌਂਡ ਦੀ ਵਫ਼ਾਦਾਰੀ ਦਾ ਨਮੂਨਾ

ਕਪਤਾਨ ਬਾਰਨਸ ਅੱਗੇ ਜਾ ਕੇ ਲਿਖਦਾ ਹੈ ਕਿ ਅਰਗੌਂਡ ਨੇ ਮੈਨੂੰ ਇਹ ਵੀ ਦਸਿਆ ਕਿ ਉਹ ਕਾਬਲ ਜਾ ਕੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਪ੍ਰੇਰ ਕੇ ਉਹ ਹਰਾ ਝੰਡਾ (ਜਹਾਦੀ ਨਸ਼ਾਨ) ਸਿੱਖਾਂ ਦੇ ਵਿਰੁਧ ਖੜਾ ਕਰਵਾ ਕੇ, ਉਨ੍ਹਾਂ ਦੀ ਹਕੂਮਤ ਨੂੰ ਮੁਕਾ ਦੇਵੇਗਾ * ।

ਅਰਗੌਂਡ ਦਾ ਮੁਸਲਮ ਹੋਣਾ

ਬਾਰਨਸ ਲਿਖਦਾ ਹੈ ਕਿ ਅਸਾਂ ਉਸ ਦੀ ਬੋਲ ਚਾਲ ਤੋਂ ਸਮਝ ਲਿਆ ਕਿ 'ਕਮਲਾ' ਹੈ । ਬਾਰਨਸ ਇਹ ਵੀ ਲਿਖਦਾ ਹੈ ਕਿ ਜਦ ਕਾਬਲ ਦੇ ਰਾਹ ਵਿਚ ਕਬਾਇਲੀਆਂ ਵਲੋਂ ਅਰਗੌਂਡ ਨੂੰ ਔਕੜਾਂ ਦਾ ਸਾਹਮਣਾ ਹੋਇਆ ਤਾਂ ਉਸ ਨੇ ਮੁਹੰਮਦ (ਸਾਹਿਬ) ਦਾ ਕਲਮਾ ਪੜ੍ਹ ਕੇ ਮੁਸਲਮਾਨੀ ਮਤ ਧਾਰਨ ਕਰ ਲਿਆਂ ।

ਲਫ਼ਟੈਨ ਵੂਡ ਦੀ ਰਾਏ

ਮਿਸਟਰ ਵੂਡ ਕਪਤਾਨ ਬਾਰਨਸ ਦਾ ਇਸ ਸਫ਼ਰ ਦੇ ਸਮੇਂ ਸਾਥੀ ਸੀ । ਉਹ ਅਰਗੌਂਡ ਬਾਰੇ ਬਾਰਨਸ ਤੋਂ ਵੀ ਚਾਰ ਕਦਮ ਹੋਰ ਅੱਗੇ ਵਧ

---

*ਬਾਰਨਸ ਕਾਬਲ, ਸਫ਼ਾ ੬੯ ।

† ਬਾਰਨਸ ਕਾਬਲ, ਸਫ਼ਾ ੬੯ ।

ਕੇ ਉਸ ਦੇ ਜੀਵਨ ਪਰ ਚਾਨਣਾ ਪਾਂਦਾ ਹੈ ।

ਵੁਡ ਲਿਖਦਾ ਹੈ:-ਅਸੀਂ ਰਾਤ ਦਾ ਖਾਣਾ ਖਾ ਰਹੇ ਸਾਂ ਕਿ ਇਕ ਫ਼ਰਾਂਸੀਸੀ ਜਿਸ ਦਾ ਨਾਮ ਅਰਗੌਂਡ ਸੀ, ਅੰਦਰ ਆ ਗਿਆ । ਉਸ ਨੇ ਮੇਜ਼ ਪਰ ਬੈਠਦਿਆਂ ਹੀ ਅੰਧਾ-ਧੁੰਧ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਅਤੇ ਇੰਨੀ ਵਧ ਪੀ ਗਿਆ ਕਿ ਬੇ-ਸੁਧ ਹੋ ਗਿਆ । ਇਸ ਦਿਸ਼ਾ ਵਿਚ ਉਹ ਆਪਣੀਆਂ ਦੋਹਾਂ ਵੀਣੀਆਂ ਨਾਲ ਮੇਜ਼ ਨੂੰ ਉਸ ਧਾਰਨਾ ਨਾਲ ਕੁੱਟਣ ਲੱਗਾ ਜਿਸ ਤਰ੍ਹਾਂ ਫ਼ੌਜੀ ਵਾਜੇ ਵਿਚ ਤੰਬੂਰ (ਡਫਲੀ) ਵੱਜਦੀ ਹੈ । ਛੇਕੜ ਉਹ ਇਸੇ ਬੇਸੁਧੀ ਵਿਚ ਕਿਸੇ ਦੇ ਬਿਸਤਰੇ ਪਰ ਜਾ ਢੱਠਾ ।

ਅਗਲੀ ਭਲਕ ਨੂੰ ਅਜੇ ਬਹੁਤ ਸਵੇਰ ਸੀ ਕਿ ਅਰਗੌਂਡ ਨੇ ਸਾਡੇ ਕੈਂਪ ਦੇ ਦੁਆਲੇ ਫੇਰੀਆਂ ਲਾਣੀਆਂ ਅਰੰਭ ਦਿੱਤੀਆਂ । ਇੰਨੇ ਨੂੰ ਇਕਾ ਇਕ ਉਹ ਕਪਤਾਨ ਬਾਰਨਸ ਦੇ ਨਿਜ ਦੇ ਕਮਰੇ ਵਿਚ ਧਹਿ ਵੜਿਆ ਜਦ ਕਿ ਬਾਰਨਸ ਨੇ ਅਜੇ ਕੱਪੜੇ ਵੀ ਨਹੀਂ ਸਨ ਪਹਿਣੇ ।

ਪਹਿਲਾਂ ਤਾਂ ਅਰਗੌਂਡ ਨੇ ਕਪਤਾਨ ਨੂੰ ਐਨੀ ਦੇਰ ਤਕ ਸੁੱਤੇ ਰਹਿਣ ਪਰ ਕੁਝ ਝਾੜ ਪਾਈ । ਫਿਰ ਝੱਟ ਉਸ ਨੂੰ ਕਹਿਣ ਲੱਗਾ ਮੈਨੂੰ ਸ਼ਰਾਬ ਪਿਲਾਓ । ਕਪਤਾਨ ਬਾਰਨਸ ਨੇ ਉਸ ਨੂੰ ਉੱਤਰ ਦਿੱਤਾ ਕਿ ਮੈਂ ਖਾਣੇ ਤੋਂ ਪਹਿਲਾਂ ਸ਼ਰਾਬ ਨਹੀਂ ਵਰਤਦਾ ਹੁੰਦਾ । ਇਸ ਪਰ ਅਰਗੌਂਡ ਨੇ ਬਾਰਨਸ ਨੂੰ ਆਖਿਆ ਕਿ ਆਪ ਨੇ ਮੇਰੀ ਮੰਗ ਤੋਂ ਇਨਕਾਰ ਕਰ ਕੇ ਮੇਰੀ ਬੇਪਤੀ ਕੀਤੀ ਹੈ, ਮੇਰੇ ਤੋਂ ਮਾਫੀ ਮੰਗੋ । ਇਹ ਗੱਲ ਅਜੇ ਉਸ ਦੇ ਮੂੰਹ ਵਿਚ ਹੀ ਸੀ ਕਿ ਉਹ ਬਾਹਰ ਨੂੰ ਭੱਜ ਗਿਆ ।

ਅਸੀਂ ਜਦ ਕਾਬਲ ਵਿਚ ਠਹਿਰੇ ਹੋਏ ਸਾਂ ਤਾਂ ਸਾਨੂੰ ਪਤਾ ਲੱਗਾ ਕਿ ਅਰਗੌਂਡ ਵੀ ਕਾਬਲ ਪਹੁੰਚ ਗਿਆ ਹੈ । ਪਰ ਉਹ ਆਪਣੇ ਉਸ ਅਯੋਗ ਵਰਤਾਵ ਦੇ ਕਾਰਨ ਜੋ ਉਸ ਨੇ ਭਾਵਲਪੁਰ ਵਿਚ ਸਾਡੇ ਨਾਲ ਵਰਤਿਆ ਸੀ ਉਹ ਕਾਬਲ ਵਿਚ ਸਾਡੇ ਸਾਹਮਣੇ ਆਉਣ ਦਾ ਹੀਆ

ਨਾ ਕਰ ਸਕਿਆ ।

ਕਾਬਲ ਵਿਚ ਅਮੀਰ ਦੋਸਤ ਮੁਹੰਮਦ ਖਾਨ ਨੇ ਅਰਗੌਂਡ ਨੂੰ ਮੂੰਹ ਨਾ ਲਾਇਆ ਅਤੇ ਉਹ ਬਿਨਾਂ ਸਾਨੂੰ ਮਿਲੇ ਦੇ ਪਿਸ਼ਾਵਰ ਵਲ ਚਲਾ ਗਿਆ* ।

ਪਿਛੋਂ ਜਾ ਕੇ ਪਤਾ ਲੱਗਾ ਕਿ ਅਰਗੌਂਡ ਕਲਕੱਤੇ ਵਿਚ ਇਕ ਇਕ ਪੈਸੇ ਲਈ ਆਤਰ ਹੋ ਕੇ ਰੁਲ ਖੁਲ ਗਿਆ ।

----o----

ਜਾਨ ਡੀਫ਼ਾਸੀਊ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜਾਨ ਡੀਫ਼ਾਸੀਊ	ਫ਼ਰਾਂਸੀਸੀ	ਜਨਵਰੀ ੧੮੪੧ ਨਵੰਬਰ ੧੮੪੩	੮੦੦

ਡੀਫ਼ਾਸੀਊ ਫ਼ਰਾਂਸ ਦੀ ਫ਼ੌਜ ਵਿਚ ਕਰਨੈਲ ਰਹਿ ਚੁਕਾ ਸੀ । ਉਹ ਸਣੇ ਆਪਣੇ ਪੁਤ੍ਰ ਦੇ ਪੰਜਾਬ ਆਇਆ ਸੀ ।

ਡੀਫ਼ਾਸੀਊ ਜ਼ਰਹਪੋਸ਼ਾਂ ਵਿਚ

ਜਰਨੈਲ ਐਲਾਰਡ ਦੀ ਜਾਣ-ਪਛਾਣ ਦੇ ਕਾਰਨ ਉਸ ਨੂੰ ਛੇਤੀ ਹੀ ਨੌਕਰੀ ਮਿਲ ਗਈ ।

ਡੀਫ਼ਾਸੀਊ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਐਲਾਰਡ ਦੇ ਫ਼ਰਾਂਸੀਸੀ ਜ਼ਰਹਪੋਸ਼ ਡੇਰੇ ਵਿਚ ੮੦੦) ਰੁਪਿਆ ਮਹੀਨਾ ਤਲਬ ਪਰ ਕਰਨੈਲੀ ਦਾ ਅਹੁਦਾ ਦੇ ਕੇ ਨੌਕਰ ਰੱਖ ਲਿਆ ।

ਸੰਨ ੧੮੪੩ ਵਿਚ ਡੀਫ਼ਾਸੀਊ ਨੇ ਬੀਮਾਰ ਹੋ ਜਾਣ ਦੇ ਕਾਰਨ ਨੌਕਰੀ ਛੱਡ ਦਿੱਤੀ ।

*ਵੁਡਜ਼ ਜਰਨੀ ਟੂ ਦੀ ਸੋਰਸ ਆਫ ਦੀ ਰਿਵਰ ਆਕਸਸ ਸਫਾ ੬੯-੭੦।

ਉਹ ਕਦੇ ਵੀ ਮੈਦਾਨ ਜੰਗ ਵਿਚ ਨਾ ਸੀ ਗਿਆ ।

---o---

ਹੈਨਰੀ ਡੀ.ਫਾਸੀਊ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਹੈਨਰੀ ਡੀਫਾਸੀਊ	ਫ਼ਰਾਂਸੀਸੀ	੧੮੪੧-੧੮੪੩	੩੦੦

ਹੈਨਰੀ ਡੀ.ਫਾਸੀਊ ਜਾਨ ਦਾ ਪੁੱਤ ਸੀ

ਪਾਠਕ ਹੈਨਰੀ ਡੀਫ਼ਾਸੀਊ ਬਾਰੇ ਉਸ ਦੇ ਪਿਤਾ ਦੇ ਸਮਾਚਾਰ ਵਿਚ ਪੜ੍ਹ ਆਏ ਹਨ ਕਿ ਡੀਫ਼ਾਸੀਊ ਪਿਉ ਪੁਤਰ ਦੋਵੇਂ ਖ਼ਾਲਸਾ ਫ਼ੌਜ ਵਿਚ ਨੌਕਰੀ ਲਈ ਕੱਠੇ ਆਏ ਸਨ ।

ਮਹਾਰਾਜਾ ਸ਼ੇਰ ਸਿੰਘ ਦੀ ਤਖ਼ਤ-ਨਸ਼ੀਨੀ ਸਮੇਂ ਉਹ ਲਾਹੌਰ ਪਹੁੰਚੇ ਸਨ । ਮਹਾਰਾਜਾ ਨੇ ਦੋਹਾਂ ਪਿਉ ਪੁਤਰਾਂ ਨੂੰ ਐਲਾਰਡ ਦੀ ਸਫ਼ਾਰਸ਼ ਪਰ ਨੌਕਰ ਰੱਖ ਲਿਆ ।

ਐਲਾਰਡ ਦੀ ਤਹਿਤ ਵਿਚ

ਛੋਟਾ ਡੀ ਫਾਸੀਊ ਵੀ ਐਲਾਰਡ ਦੇ ਡੇਰੇ ਵਿਚ ਲਾ ਲਿਆ ਗਿਆ ਸੀ । ਚੂੰਕਿ ਇਸ ਨੂੰ ਵਧੇਰੇ ਫ਼ੌਜੀ ਹੁਨਰ ਨਹੀਂ ਸੀ ਆਉਂਦਾ ਇਸ ਲਈ ਉਸ ਨੂੰ ੩੦੦ ਰੁਪਿਆ ਮਹੀਨਾ ਤਲਬ ਪਰ ਨੌਕਰ ਰੱਖਿਆ ਗਿਆ । ਦੋ ਸਾਲ ਨੌਕਰੀ ਕਰਨ ਦੇ ਉਪਰੰਤ ਉਹ ਆਪਣੇ ਪਿਤਾ ਦੀ ਬੀਮਾਰੀ ਦੇ ਕਾਰਨ ਉਸ ਦੇ ਨਾਲ ਹੀ ਨੌਕਰੀ ਛੱਡ ਗਿਆ । ਇਹ ਵੀ ਆਪਣੇ ਬਜ਼ੁਰਗ ਪਿਤਾ ਦੀ ਤਰ੍ਹਾਂ ਕਿਸੇ ਰਣ ਤਤੇ ਵਿਚ ਕਦੇ ਨਹੀਂ ਸੀ ਗਿਆ।

---o---

ਗਿਲੋਟ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਹੈਨਰੀ	ਫਰਾਂਸੀਸੀ	੧੮੪੨-੪੪	੩੦੦

ਗਿਲੋਟ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਲਾਹੌਰ ਆਇਆ ਸੀ । ਉਹ ਫ਼ੌਜੀ ਕੰਮ ਸਾਧਾਰਨ ਜਿਹਾ ਜਾਣਦਾ ਸੀ । ੩੦੦ ਰੁਪਿਆ ਮਹੀਨਾ ਤਲਬ ਪਰ ਤੋਪਖਾਨੇ ਦੇ ਰੰਗਰੂਟਾਂ ਨੂੰ ਕਵਾਇਦ ਦੱਸਣ ਲਈ ਨੌਕਰ ਰਖ ਲਿਆ ਗਿਆ ।

ਸਾਧਾਰਨ ਅਧਿਆਪਕ ਸੀ

ਗਿਲੋਟ ਦੀ ਫ਼ੌਜੀ ਯੋਗਤਾ ਇਕ ਅਧਿਆਪਕ ਤੋਂ ਵਧ ਨਹੀਂ ਸੀ। ਉਸ ਨੂੰ ਸੰਨ ੧੮੪੪ ਦੇ ਆਰੰਭ ਵਿਚ ਨੌਕਰੀ ਤੋਂ ਵੱਖ ਕੀਤਾ ਗਿਆ। ਉਹ ਕਦੇ ਕਿਸੇ ਲੜਾਈ ਵਿਚ ਨਹੀਂ ਸੀ ਗਿਆ ।

-:-o-:-

ਗੈਰਵੈਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਗੈਰਵੈਸ	ਫ਼ਰਾਂਸੀਸੀ	੧੮੪੨-੪੩	੨੫੦

ਗੈਰਵੈਸ ਬਾਰੂਦ ਖਾਨੇ ਵਿਚ

ਗੈਰਵੈਸ ਨੇ ਨੌਕਰ ਹੋਣ ਸਮੇਂ ਆਪਣੇ ਆਪ ਨੂੰ ਫ਼ਰਾਂਸੀਸੀ ਲਿਖਾਇਆ ਸੀ । ਉਸ ਨੇ ਬਾਰੂਦਖਾਨੇ ਵਿਚ ਇਕ ਸਾਲ ਕੰਮ ਕੀਤਾ। ਉਹ ਕਿਸੇ ਹੁਨਰ ਦਾ ਜਾਣੂ ਨਹੀਂ ਸੀ, ਇਸ ਲਈ ਇਸ ਨੂੰ ਛੇਤੀ ਹੀ ਨੌਕਰੀ ਤੋਂ ਵਖ ਕਰ ਦਿਤਾ ਗਿਆ । ਉਹ ਕਦੇ ਜੰਗ ਵਿਚ ਨਹੀਂ ਸੀ ਗਿਆ ।

----o----

ਬਾਇਲ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਬ਼ਾਇਲ	ਫਰਾਂਸੀਸੀ	੧੮੪੩-੪੫	੩੦੦

ਬਾਇਲ ਕੰਪਨੀ ਦਾ ਭਗੌੜਾ ਸੀ

ਬਾਇਲ ਬਾਰੇ ਖਾਲਸਾ ਦਰਬਾਰ ਦੀਆਂ ਲਿਖਤਾਂ ਤੋਂ ਬਹੁਤ ਥੋੜੇ ਸਮਾਚਾਰ ਮਿਲਦੇ ਹਨ । ਮੈਕਗ੍ਰੇਗਰ ਆਪਣੀ ਲਿਖਤ ਹਿਸਟਰੀ ਵਿਚ ਲਿਖਦਾ ਹੈ ਕਿ ਬਾਇਲ, ਫਸਟ ਯੂਰਪੀਅਨ ਲਾਈਟ ਇਨਫੈਂਟਰੀ ਵਿਚੋਂ ਭਗੌੜਾ ਹੋਕੇ, ਪੰਜਾਬ ਆਇਆ ਸੀ; ਜੋ ਖਾਲਸਾ ਫ਼ੌਜ ਵਿਚ ਨੌਕਰ ਹੋ ਗਿਆ । ਉਹ ਸਣੇ ਆਪਣੇ ਇਕ ਹੋਰ ਸਾਥੀ ਦੇ, ਸਤਲੁਜ ਦੀ ਲੜਾਈ ਵਿਚ ਸ਼ਾਮਲ ਸੀ * । ਇਸਦੇ ਉਪਰੰਤ ਬਾਇਲ ਦਾ ਕੋਈ ਪਤਾ ਨਹੀਂ ਮਿਲਿਆ ।

-:-o-:-

ਜੈਰਵਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜ਼ੈਰਵ੍ਹਸ	ਫ਼ਰਾਂਸੀਸੀ	੧੮੪੨	੧੫੦

ਜ਼ੈਰਵ੍ਹਸ ਦਾ ਹਾਲ ਖਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਕੇਵਲ ਇਕੋ ਵਾਰੀ ਆਵੰਦਾ ਹੈ । ਕਰਨਲ ਗਾਰਡਨਰ ਨੇ ਜੈਰਵਸ ਦਾ ਨਾਮ ਆਪਣੀ ਲਿਖਤ ਵਿਚ ਲਿਖਿਆ ਹੈ । ਉਸ ਦੀ ਨੌਕਰੀ ਇਕ ਸਾਲ ਤੋਂ ਘਟ ਸੀ, ਉਹ ਕਿਸੇ ਲੜਾਈ ਵਿਚ ਸ਼ਾਮਲ ਨਹੀਂ ਸੀ ਹੋਇਆ।

-:-o-:-

*ਮੈਕਗ੍ਰੇਗਰ ਹਿਸਟਰੀ ਆਫ ਦੀ ਸਿਖਜ਼, ਜਿਲਦ ੨, ਸਫ਼ਾ ੧੪੧ ।

ਡੀਪੋਇਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡੀਪੋਇਸ	ਫ਼ਰਾਂਸੀਸੀ	੧੮੪੨-੪੪	੫੦੦

ਡੀਪੋਇਸ ਨੂੰ ਜਰਨੈਲ ਵੈਨਤੂਰਾ ਨੇ ਫ਼ਰਾਂਸ ਤੋਂ ਲਾਹੌਰ ਮੰਗਵਾਇਆ ਸੀ । ਪਹਿਲਾਂ ਉਸ ਨੂੰ ਤੋਪਖਾਨੇ ਵਿਚ ਲਾਇਆ ਗਿਆ ਅਤੇ ਉਹ ਨਵੇਂ ਭਰਤੀ ਹੋਏ ਰੰਗਰੂਟਾਂ ਨੂੰ ਕੰਮ ਦੱਸਦਾ ਸੀ । ਇਕ ਸਾਲ ਬਾਅਦ ਇਕ ਰਜਮਟ ਦੀ ਕਮਾਂਡ ਪੂਰ ਕਰਨ ਲਈ ਤਰੱਕੀ ਦਿੱਤੀ ਗਈ; ਪਰ ਉਹ ਐਨਾ ਮੂਰਖ ਸੀ ਕਿ ਉਹ ਆਪਣੀ ਰਜਮਟ ਦੇ ਪ੍ਰਬੰਧ ਨੂੰ ਕਾਬੂ ਰਖਣ ਦੇ ਮੂਲੋਂ ਹੀ ਅਸਮਰਥ ਸੀ । ਉਸ ਦੀ ਰਜਮਟ ਵਿਚ ਸਦਾ ਅਸ਼ਾਂਤੀ ਵਰਤੀ ਰਹਿੰਦੀ ਸੀ । ਇਸ ਲਈ ਸੰਨ ੧੮੪੪ ਵਿਚ ਉਸ ਨੂੰ ਨੌਕਰੀ ਤੋਂ ਵਖ ਕਰ ਦਿੱਤਾ ਗਿਆ । ਆਪਣੀ ਨੌਕਰੀ ਸਮੇਂ ਉਹ ਕਦੇ ਕਿਸੇ ਮੈਦਾਨ ਜੰਗ ਵਿਚ ਨਹੀਂ ਸੀ ਗਿਆ ।

---o---

ਫਾਰਿਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਫਾਰਿਸ	ਫਾਰਾਂਸੀਸੀ	੧੮੪੧-੪੨	੩੦੦

ਇੱਕ ਸਾਲ ਬਾਰੂਦ ਖ਼ਾਨੇ ਦੀ ਨੌਕਰੀ

ਫ਼ਾਰਿਸ ਇੱਕ ਸਾਲ ਬਾਰੂਦਖਾਨੇ ਵਿਚ ਨੌਕਰ ਰਿਹਾ । ਉਹ ਫ਼ੌਜੀ ਕੰਮ ਤੋਂ ਅਣਜਾਣੂ ਸੀ । ਉਹ ਇੱਕ ਸਾਲ ਦੇ ਬਾਅਦ ਪੰਜਬ ਤੋਂ ਚਲਾ ਗਿਆ ।

-:-o-:-

ਰੋਸਾਇਕਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਰੋਸਾਇਕਸ	ਫ਼ਰਾਂਸੀਸੀ	੧੮੪੩-੪੪	੫੦੦

ਇਹ ਇੰਜੀਨੀਅਰ ਸੀ

ਰੋਸਾਇਕਸ ਫ਼ਰਾਂਸ ਦਾ ਵਸਨੀਕ ਸੀ । ਉਸ ਨੇ ਫ਼ਰਾਂਸ ਦੇ ਕਿਸੇ ਇੰਜੀਨੀਅਰੀ ਦੇ ਸਕੂਲ ਵਿਚ ਸੜਕਾਂ ਤੇ ਪੁਲਾਂ ਦੇ ਬਣਾਨ ਦਾ ਕੰਮ ਸਿਖਿਆ ਸੀ । ਮਹਾਰਾਜਾ ਸ਼ੇਰ ਸਿੰਘ ਦੀ ਹਜ਼ੂਰੀ ਵਿਚ ਜਦ ਉਹ ਹਾਜ਼ਰ ਹੋਇਆ ਤਾਂ ਮਹਾਰਾਜਾ ਸਾਹਿਬ ਨੇ ਇਸ ਨੂੰ ੫੦੦) ਰੁਪਿਆ ਮਹੀਨਾ ਪਰ ਇੰਜੀਨੀਅਰੀ ਦੇ ਕੰਮ ਲਈ ਨੌਕਰ ਰੱਖ ਲਿਆ ।

ਰੋਸਾਇਕਸ ਲੱਗ ਪੱਗ ਇੱਕ ਸਾਲ ਦਰਬਾਰ ਦੀ ਨੌਕਰੀ ਵਿਚ ਰਿਹਾ । ਇਸ ਸਮੇਂ ਵਿਚ ਇਸ ਨੇ ਕਈ ਸੜਕਾਂ ਤੇ ਪੁਲਾਂ ਤਿਆਰ ਕਰਵਾਈਆਂ, ਜੰਗੀ ਸੇਵਾ ਕੋਈ ਨਹੀਂ ਸੀ ।

-:-o-:-

ਅਲੈਗਜ਼ੰਡਰ ਯਾ ਮੁਹੰਮਦ ਸਦੀਕ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਅਲੈਗਜ਼ੰਡਰ ਯਾ ਮੁਹੰਮਦ ਸਦੀਕ	ਫ਼ਰਾਂਸੀਸੀ	੧੮੪੧-੪੩	੧੫੦

ਅਲੈਗਜ਼ੰਡਰ ਖਾਲਸੇ ਪਾਸ ਨੌਕਰੀ ਹੋਣ ਤੋਂ ਪਹਿਲਾਂ ਕੁਝ ਸਮਾਂ ਸ਼ਾਹ ਸ਼ੁਜਾ ਪਾਸ ਨੌਕਰ ਰਹਿ ਚੁਕਾ ਸੀ । ਸ਼ਾਹ ਨੇ ਉਸ ਨੂੰ ਕਈ ਤਰ੍ਹਾਂ ਦੇ ਹਰੇ ਭਰੇ ਬਾਗ਼ ਦੱਸਕੇ ਮੁਸਲਮਾਨ ਬਣਾ ਲਿਆ । ਜਦ ਮੁਸਲਮਾਨ ਹੋਣ ਪਰ ਵੀ ਉਸ ਦੀਆਂ ਆਸਾਂ ਅਧੂਰੀਆਂ ਰਹੀਆਂ ਤਾਂ ਉਸ ਨੇ ਸ਼ਾਹ ਸ਼ੁਜਾ ਅਲਮੁਲਕ ਦੀ ਨੌਕਰੀ ਛੱਡ ਦਿਤੀ ।

ਅਲੈਗਜ਼ੰਡਰ ਸ਼ਾਹ ਦੀ ਨੌਕਰੀ ਤੋਂ ਵਖ ਹੋਕੇ, ਕਈ ਦੇਸਾਂ ਵਿਚ ਫਿਰਦਾ ਹੋਇਆ ਸੰਨ ੧੮੪੧ ਦੇ ਛੇਕੜਲੇ ਦਿਨਾਂ ਵਿਚ ਲਾਹੌਰ ਪੁਜਾ, ਮਹਾਰਾਜ ਸ਼ੇਰ ਸਿੰਘ ਦੇ ਸਾਹਮਣੇ ਹਾਜ਼ਰੀ ਹੋਈ, ਉਹ ਫ਼ੌਜੀ ਕੰਮ ਬਹੁਤ ਘਟ ਜਾਣਦਾ ਸੀ। ਉਸ ਨੂੰ ਮੇਜਰ ਹੋਲਮਜ਼ ਦਾ ਸਹਾਇਕ ਲਾ ਲਿਆ ਗਿਆ। ਕੰਮ ਦੇਖਣ ਪਰ ੧੫੦) ਰੁਪਿਆ ਉਸ ਦੀ ਤਲਬ ਨੀਯਤ ਕੀਤੀ ਗਈ। ਹੈਰਾਨਗੀ ਦੀ ਗੱਲ ਇਹ ਹੈ ਕਿ ਅਲੈਗਜ਼ੰਡਰ ਦੇ ਪੰਜਾਬ ਵਿਚੋਂ ਚਲੇ ਜਾਣ ਬਾਰੇ ਕੋਈ ਖਬਰ ਨਹੀਂ ਮਿਲਦੀ। ਜੰਗੀ ਸੇਵਾ ਕੋਈ ਨਹੀਂ।

–:–o–:–

ਡੂਬੋਏਗਨਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡੂਬੋਏਗਨਨ	ਫ਼ਰਾਂਸੀਸੀ	੧੮੩੬–੩੭	੩੦੦

ਡੂਬੋਏਗਨਨ ਲਾਹੌਰ ਆਉਣ ਤੋਂ ਪਹਿਲਾਂ, ਬੇਗ਼ਮ ਸਮਰੂ ਦੀ ਫ਼ੌਜ ਵਿਚ ਨੌਕਰ ਰਹਿ ਚੁੱਕਾ ਸੀ। ਸੰਨ ੧੮੩੪ ਵਿਚ ਜਰਨੈਲ ਵੈਨਤੂਰਾ ਨੇ ਮਹਾਰਾਜਾ ਸਾਹਿਬ ਤੋਂ ਤਿਨਾਂ ਮਹੀਨਿਆਂ ਦੀ ਛੁਟੀ ਲਈ ਸੀ ਤਾਕਿ ਉਹ ਹਿੰਦੁਸਤਾਨ ਦੀਆਂ ਪ੍ਰਸਿੱਧ ਇਤਿਹਾਸਕ ਯਾਦਗਾਰਾਂ ਦੀ ਸੈਰ ਕਰੇ। ਵੈਨਤੂਰਾ ਦਿੱਲੀ ਆਦਿ ਦੇਖਕੇ ਜਦ ਮੇਰਠ ਪੁਜਾ ਤਾਂ ਉਥੇ ਉਸ ਨੂੰ ਡੂਬੋਏਗਨਨ ਮਿਲਿਆ ਅਤੇ ਕਈ ਦਿਨਾਂ ਦੇ ਉਪਰੰਤ ਵੈਨਤੂਰਾ ਨੇ ਉਸ ਨਾਲ ਆਪਣੀ ਸਾਲੀ ਦਾ ਵਿਆਹ ਕਰਵਾ ਦਿਤਾ।

ਸੰਨ ੧੮੩੬ ਵਿਚ ਬੇਗ਼ਮ ਸਮਰੂ ਦੀ ਮੌਤ ਦੇ ਬਾਅਦ ਡੂਬੋਏਗਨਨ ਲਾਹੌਰ ਆ ਗਿਆ। ਇਥੇ ਉਸ ਨੂੰ ਵੈਨਤੂਰਾ ਦੀ ਸਫ਼ਾਰਸ਼ ਪਰ ਸ਼ੇਰਿ ਪੰਜਾਬ ਨੇ ੩੦੦) ਰੁਪਿਆ ਮਹੀਨੇ ਪਰ ਨੌਕਰ ਰਖ ਲਿਆ। ਪਹਿਲਾਂ ਉਸ ਨੂੰ ਐਲਾਰਡ ਦਾ ਸਹਾਇਕ ਏ. ਡੀ. ਸੀ. ਦਾ ਅਹੁਦਾ ਦਿੱਤਾ। ਇੱਕ ਸਾਲ ਡੂਬੋਏਗਨਨ ਇਸ ਅਹੁਦੇ ਪਰ ਰਿਹਾ। ਅਗਲੇ

ਸਾਲ ਉਹ ਨੌਕਰੀ ਤੋਂ ਵੱਖ ਹੋ ਗਿਆ ਅਤੇ ਮਹਾਰਾਜਾ ਸਾਹਿਬ ਦੀ ਇੱਛਾ ਅਨੁਸਾਰ ਡੂਬੋਏਗਨਨ ਨੇ ਲਾਹੌਰ ਵਿਚ ਸੌਦਾਗਰੀ ਦੀ ਦੁਕਾਨ ਖੋਲ੍ਹ ਲਈ* । ਉਹ ਕਸ਼ਮੀਰ ਦੀਆਂ ਸ਼ਾਲਾਂ ਤੇ ਹੋਰ ਕਈ ਦਸਤਕਾਰੀ ਦੀਆਂ ਚੀਜ਼ਾਂ ਇਥੋਂ ਫ਼ਰਾਂਸ ਭੇਜਦਾ ਸੀ ਅਤੇ ਉਥੋਂ ਦੇ ਬਣੇ ਹੋਏ ਹਥਿਆਰ ਕਪੜੇ, ਬੂਟ, ਘੜੀਆਂ ਅਤੇ ਦੂਰਬੀਨਾਂ ਆਦਿ ਲਾਹੌਰ ਵਿਚ ਵੇਚਕੇ ਕਾਫ਼ੀ ਨਫ਼ਾ ਕਮਾਂਦਾ ਰਿਹਾ ।

ਕਲਕੱਤੇ ਦੁਕਾਨ ਖੋਲ੍ਹਣੀ

ਮਹਾਰਾਜਾ ਸ਼ੇਰ ਸਿੰਘ ਦੀ ਮੌਤ ਦੇ ਉਪਰੰਤ ਡੂਬੋਏਗਨਨ ਪੰਜਾਬੋਂ ਚਲਾ ਗਿਆ ਅਤੇ ਕਲਕੱਤੇ ਜਾ ਦੁਕਾਨ ਖੋਲ੍ਹੀ ਪਰ ਉਥੇ ਉਸ ਦਾ ਕੰਮ ਨਾ ਚੱਲ ਸਕਿਆ ਅਤੇ ਮੁੜ ਪੰਜਾਬ ਵਿਚ ਆ ਕੇ ਲੁਧਿਆਣੇ ਦੁਕਾਨ ਖੋਲ੍ਹੀ । ਉਹ ਉਥੇ ਸੰਨ ੧੮੬੮ ਵਿਚ ਮਰ ਗਿਆ । ਡੂਬੋਏਗਨਨ ਜਿੰਨਾਂ ਚਿਰ ਖਾਲਸੇ ਪਾਸ ਨੌਕਰ ਰਿਹਾ, ਉਹ ਕਦੇ ਮੈਦਾਨ ਜੰਗ ਵਿਚ ਨਹੀਂ ਸੀ ਗਿਆ ।

---o---

ਫ਼ਰਾਂਸਿਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਫ਼ਰਾਂਸਿਸ	ਫ਼ਰਾਂਸੀਸੀ	੧੮੩੩-੩੩	੧੫੦

ਛੇਤੀ ਹੀ ਨੌਕਰੀ ਤੋਂ ਵੱਖ ਕੀਤਾ ਗਿਆ

ਫ਼ਰਾਂਸਿਸ ਬਹੁਤ ਥੋੜਾ ਸਮਾਂ ਖਾਲਸਾ ਫ਼ੌਜ ਵਿਚ ਰਿਹਾ । ਉਹ ਫ਼ੌਜੀ ਕੰਮ ਤੋਂ ਅਣਜਾਣੂ ਹੋਣ ਦੇ ਕਾਰਨ ਬਹੁਤ ਛੇਤੀ ਨੌਕਰੀ ਤੋਂ ਅੱਡ ਕੀਤਾ ਗਿਆ । ਉਹ ਕਦੇ ਮੈਦਾਨ ਜੰਗ ਵਿਚ ਨਾਸੀ ਗਿਆ ।

---

*ਸਮਿਥ, ਰੇਨੰਗ ਫ਼ੈਮਲੀ ਆਫ਼ ਲਾਹੌਰ, ਅੰਤਕਾ, ਸਫ਼ਾ ੩੬ ।

—:—੦—:—

ਫ਼ੋਕੀਨੋਲ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਫ਼ੋਕੀਨੋਲ	**ਫ਼ਰਾਂਸੀਸੀ**	**੧੮੨੨–੧੮੨੩**	**੧੫੦**

ਫ਼ੋਕੀਨੋਲ ਨੇ ਕੁਝ ਮਹੀਨੇ ਬੇਲਦਾਰ ਪਲਟਨ ਵਿਚ ਅਤੇ ਕੁਝ ਸਮਾਂ ਬਾਰੂਦਖਾਨੇ ਵਿਚ ਕੰਮ ਕੀਤਾ। ਪਰ ਇਸ ਦਾ ਸੁਭਾ ਬੜਾ ਕ੍ਰੋਧੀ ਸੀ ਇਸ ਲਈ ਇਸ ਨੂੰ ਛੇਤੀ ਹੀ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ। ਉਹ ਮੈਦਾਨ ਜੰਗ ਵਿਚ ਕਦੇ ਨਹੀਂ ਸੀ ਗਿਆ।

—:—੦—:—

ਜਾਨ ਸਾਹਿਬ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜਾਨ ਸਾਹਿਬ	**ਫ਼ਰਾਂਸੀਸੀ**	**੧੮੨੪**	**੩੦੦**

ਜਾਨ ਸਾਹਿਬ ਬਾਰੇ ਵਡੇਰਾ ਹਾਲ ਕਿਸੇ ਲਿਖਤ ਤੋਂ ਨਹੀਂ ਮਿਲਦਾ ਕੇਵਲ ਪੰਜਾਬ ਰੀਕਾਰਡ ਤੋਂ ਇਨਾ ਮਿਲਦਾ ਹੈ ਕਿ ਇੱਕ ਫ਼ਰਾਂਸੀਸੀ, ਜਾਨ ਸਾਹਿਬ ਨਾਮੀ ਕਾਬਲ ਤੋਂ ਅੰਮ੍ਰਿਤਸਰ ਪੁਜਾ। ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ੧੦) ਰੁਪਏ ਰੋਜ਼ਾਨਾ ਪਰ ਨੌਕਰ ਰਖ਼ ਲਿਆ ਸੀ। ਕਿਸੇ ਲੜਾਈ ਵਿਚ ਨਹੀਂ ਸੀ ਗਿਆ।

—:—੦—:—

ਵਿਲੀਅਮ ਲੀ ਯਾ ਮੁਹੰਮਦ ਖ਼ਾਨ

ਨਾਮ	ਕੌਮੀਅਤ	ਸਮਾਂ	ਤਲਬ
ਵਿਲੀਅਮ ਲੀਂ ਯਾ ਮੁਹੰਮਦ ਖਾਨ	**ਫ਼ਰਾਂਸੀਸੀ**	**੧੮੨੫–੧੮੩੦**	**੩੦੦**

ਲੀ ਫ਼ਰਾਂਸ ਵਿਚੋਂ ਆ ਕੇ ਪਹਿਲਾਂ ਕੁਝ ਸਮਾਂ ਸਿੰਧ ਵਿਚ ਰਿਹਾ। ਉਥੇ ਹੀ ਉਸ ਨੇ ਇਸਲਾਮੀ ਮਤ ਧਾਰਨ ਕੀਤਾ । ਉਸਦਾ ਇਸਲਾਮੀ ਨਾਮ ਮੁਹੰਮਦ ਖਾਨ ਰਖਿਆ ਗਿਆ ।

ਨਕਸ਼ਾ ਨਵੀਸੀ ਦੇ ਕੰਮ ਪਰ

ਉਹ ਜੂਨ ੧੮੨੫ ਵਿਚ ਲਾਹੌਰ ਪੁਜਾ । ਜਦ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਸਰਕਾਰ ਨੇ ਉਸ ਤੋਂ ਪੁਛਿਆ ਕਿ ਕੀ ਉਹ ਕੋਈ ਹੁਨਰ ਜਾਣਦਾ ਹੈ । ਇਸ ਨੇ ਦੱਸਿਆ ਕਿ ਉਹ ਨਕਸ਼ਾ ਨਵੀਸੀ ਦਾ ਕੰਮ ਜਾਣਦਾ ਹੈ । ਉਸ ਸਮੇਂ ਉਸ ਨੇ ਆਪਣੇ ਤਿਆਰ ਕੀਤੇ ਹੋਏ ਕੁਝ ਨਕਸ਼ੇ ਜੋ ਸਿੰਧ ਦੇ ਇਲਾਕੇ ਦੇ ਅਤੇ ਇੱਕ ਅਫ਼ਗਾਨਿਸਤਾਨ ਦਾ ਸੀ, ਮਹਾਰਾਜਾ ਸਾਹਿਬ ਦੇ ਸਾਹਮਣੇ ਪੇਸ਼ ਕੀਤੇ। ਸ਼ੇਰਿ ਪੰਜਾਬ ਨੇ ਲੀ ਦੇ ਨਕਸ਼ੇ ਦੇਖ ਕੇ ਉਸਨੂੰ ੩੦੦) ਰੁਪਿਆ ਮਹੀਨਾ ਪਰ ਆਪਣੇ ਪਾਸ ਨਕਸ਼ਾ ਨਵੀਸੀ ਲਈ ਨੌਕਰ ਰਖ ਲਿਆ, ਅਤੇ ਉਸ ਨੂੰ ਜਰਨੈਲ ਵੈਨਤੂਰਾ ਦੇ ਤਾਹਿਤ ਵਿਚ ਕੰਮ ਸੌਂਪਿਆ ਗਿਆ । ਸੰਨ ੧੮੩੦ ਦੇ ਉਪਰੰਤ ਖਾਲਸਾ ਦਰਬਾਰ ਦੀਆਂ ਲਿਖਤਾਂ ਤੋਂ ਉਸ ਦਾ ਕੁਝ ਪਤਾ ਨਹੀਂ ਚਲਦਾ । ਮਾਲੂਮ ਹੁੰਦਾ ਹੈ ਕਿ ਉਹ ਇਸੇ ਸਾਲ ਲਾਹੌਰ ਵਿਚ ਮਰ ਗਿਆ । ਇਸ ਦੀ ਕਬਰ ਦੀ ਭਾਲ ਕੀਤਿਆਂ ਵੀ ਕੋਈ ਪਤਾ ਨਹੀਂ ਮਿਲ ਸਕਿਆ । ਉਹ ਕਿਸੇ ਜੰਗ ਵਿਚ ਸ਼ਾਮਲ ਨਹੀਂ ਸੀ ਹੋਇਆ ।

---o---

ਗੈਰੋਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਗੈਰੋਨ	ਫ਼ਰਾਂਸੀਸੀ	੧੮੩੮	੨੫੦

ਇਹ ਫ਼ੌਜੀ ਹੁਨਰ ਤੋਂ ਅਣਜਾਣੂ ਸੀ

ਗੈਰੋਨ ਫ਼ੌਜੀ ਹੁਨਰ ਬਹੁਤ ਘੱਟ ਜਾਣਦਾ ਸੀ । ਪਹਿਲਾਂ ਉਸ

ਨੂੰ ਪਰਤਾਵੇ ਲਈ ਰਸਾਲਾ ਫ਼ੌਜ ਨਾਲ ਲਾਇਆ ਗਿਆ । ਪਰ ਬਹੁਤ ਛੇਤੀ ਪਤਾ ਲੱਗ ਗਿਆ ਕਿ ਉਹ ਉਸ ਕੰਮ ਦੀ ਆਪਣੇ ਅੰਦਰ ਕੋਈ ਯੋਗਤਾ ਨਹੀਂ ਸੀ ਰਖਦਾ । ਇਸ ਲਈ ਉਸ ਨੂੰ ਇਸੇ ਸਾਲ ਦੇ ਛੇਕੜ ਪਰ ਨੌਕਰੀ ਤੋਂ ਅੱਡ ਕਰਕੇ ਲਾਹੌਰ ਤੋਂ ਵਿਦਾ ਕਰ ਦਿੱਤਾ ਗਿਆ ।

ਗੈਰੋਨ ਕਦੇ ਮੈਦਾਨ ਜੰਗ ਵਿਚ ਨਹੀਂ ਸੀ ਗਿਆ । ਮੇਜਰ ਪੀਅਰ ਗੈਰੋਨ ਬਾਰੇ ਲਿਖਦਾ ਹੈ ਕਿ ਇਹ ਅੰਗਰੇਜ਼ਾਂ ਦਾ ਖੁਫੀਆ ਏਜੰਟ ਸੀ*। ਖਾਲਸਾ ਦਰਬਾਰ ਦੀਆਂ ਫ਼ਾਰਸੀ ਲਿਖਤਾਂ ਵਿਚ ਗੈਰੋਨ ਦਾ ਨਾਮ ਕਾਰੂਨ ਲਿਖਿਆ ਹੈ । ਪੁਰਾਣੀ ਫ਼ਾਰਸੀ ਵਿਚ ਗਾਫ਼ ਦੀ ਥਾਂ ਕਾਫ਼ ਲਿਖਿਆ ਜਾਂਦਾ ਸੀ ।

*ਪੀਅਰਜ਼, ਗਾਰਡਨਰ, ਸਫ਼ਾ ੩੪੨-੩੪੩ ।

ਅਮਰੀਕਨ ਕਾਰਿੰਦੇ

ਗਾਰਡਨਰ

ਨਾਮ	ਕੌਮੀਆਤ	ਨੌਕਰੀ ਦਾ ਸਮਾਂ	ਤਲਬ
ਗਾਰਡਨਰ	ਅਮਰੀਕਨ	੧੮੩੧-੧੮੪੪	੫੦੦

ਜਨਮ

ਕਰਨਲ ਅਲੈਗਜ਼ੰਡਰ ਗਾਰਡਨਰ ਦਾ ਨਾਮ ਖਾਲਸਾ ਫ਼ੌਜ ਵਿਚ 'ਗੋਰਦੋਨਾ ਸਾਹਿਬ' ਪ੍ਰਸਿੱਧ ਸੀ ।

ਉਸ ਦਾ ਜਨਮ ਸੰਨ ੧੭੮੫ ਵਿਚ ਇਕ ਸਕਾਚ ਡਾਕਟਰ ਗਾਰਡਨਰ ਦੇ ਘਰ ਅਮਰੀਕਾ ਦੀ ਇਕ ਰਿਆਸਤ ਮੈਕਸੀਕੋ ਵਿਚ ਹੋਇਆ* ।

ਗਾਰਡਨਰ ਦੇ ਆਪਣੇ ਦੱਸੇ ਅਨੁਸਾਰ ਮੁੱਢਲੀ ਸਾਧਾਰਨ ਵਿਦਿਆ ਦੀ ਪ੍ਰਾਪਤੀ ਦੇ ਬਾਅਦ ਉਹ ਕੈਰੋ (ਮਿਸਰ) ਤੇ ਯੂਰਸ਼ਲਮ

---

*ਗਾਰਡਨਰ ਨੇ ਆਪਣੇ ਜਨਮ ਦੀ ਵਿਥਿਆ ਨੌਕਰ ਹੋਣ ਸਮੇਂ ਉਪਰੋਕਤ ਲਿਖਤ ਅਨੁਸਾਰ ਲਿਖਵਾਈ ਸੀ ਪਰ ਕਈ ਖੋਜੀਆਂ ਨੂੰ ਗਾਰਡਨਰ ਦੇ ਜਨਮ ਬਾਰੇ ਸ਼ੰਕਾ ਸੀ । ਉਹਨਾਂ ਦੀ ਰਾਏ ਇਹ ਸੀ ਕਿ ਇਹ ਕਹਾਣੀ ਗਾਰਡਨਰ ਦੀ ਕਲਪਤ ਸੀ । ਹਕੀਕਤ ਵਿਚ ਉਹ ਆਇਰਸ਼ ਜਾਤੀ ਦਾ ਈਸਟ ਇੰਡੀਆ ਕੰਪਨੀ ਦੀ ਫ਼ੌਜ ਦਾ ਇਕ ਭਗੌੜਾ ਸੀ । ਪਹਿਲਾਂ ਉਹ ਅੰਗਰੇਜ਼ੀ ਜਹਾਜ਼ੀ ਬੇੜੇ ਵਿਚ ਮਲਾਹ ਸੀ । ਉਥੋਂ ਭੱਜ ਕੇ ਉਹ ਲਾਹੌਰ ਆਇਆ । ਭਗੌੜੇ-ਪਨ ਦੀ ਸਜ਼ਾ ਤੋਂ ਬਚਣ ਲਈ, ਗਾਰਡਨਰ ਆਪਣਾ ਜਨਮ ਤੇ ਜਨਮ-ਭੂਮੀ, ਦੋਵੇਂ ਕਲਪਤ ਦੱਸਦਾ ਹੁੰਦਾ ਸੀ ।

(ਬੈਰਨ ਹੂਗਲ ਸਫਾ ੩੧੮-੩੨੨)



ਜਨਰਲ ਗਾਰਡਨਰ







ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ





ਬਾਬਾ ਪ੍ਰੇਮ ਸਿੰਘ ਹੋਤੀ







ਤੋਂ ਹੁੰਦਾ ਹੋਇਆ, ਅਸਤਰਾਖਾਨ (ਰੂਸ) ਵਿਚ ਪੁੱਜਾ ।

ਜਰਮਨ ਸੈਲਾਨੀ ਦਾ ਮੇਲ

ਇਥੇ ਪਹੁੰਚੇ ਅਜੇ ਉਸ ਨੂੰ ਕੋਈ ਦਿਨ ਹੀ ਬੀਤੇ ਸਨ ਕਿ ਉਸਨੂੰ ਇਕ ਜਰਮਨ ਸੈਲਾਨੀ ਮਿਲ ਗਿਆ । ਜਿਸ ਨੇ ਇਸ ਨੂੰ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦੀਆਂ ਬਖ਼ਸ਼ਿਸ਼ਾਂ ਦੇ ਮਨਮੋਹਣੇ ਸਮਾਚਾਰ ਦੱਸੇ ।

ਪੰਜਾਬ ਪਹੁੰਚਣ ਦੀ ਵਚਿੱਤ੍ਰ ਵਿਥਿਆ

ਗਾਰਡਨਰ ਨੇ ਜਦ ਸ਼ੇਰਿ ਪੰਜਾਬ ਦੀ ਖੁਲ੍ਹ-ਦਿਲੀ ਦੇ ਮਾਜਰੇ ਸੁਣੇ, ਤਦ ਉਸ ਨੇ ਪੱਕਾ ਇਰਾਦਾ ਕਰ ਲਿਆ ਕਿ ਜਿਸ ਤਰ੍ਹਾਂ ਭੀ ਹੋ ਸਕੇ ਉਸ ਨੂੰ ਪੰਜਾਬ ਪਹੁੰਚ ਕੇ ਐਸੇ ਦਾਨੀ ਮਾਲਕ ਦੇ ਦੁਵਾਰਿਓਂ ਲਾਭ ਪ੍ਰਾਪਤ ਕਰਨਾ ਲੋੜੀਂਦਾ ਹੈ ।

ਉਪਰੋਕਤ ਇਰਾਦੇ ਨਾਲ ਗਾਰਡਨਰ ਸਣੇ ਆਪਣੇ ਜਰਮਨੀ ਸਾਥੀ ਦੇ ਪਹਿਲਾਂ ਈਰਾਨ ਅਤੇ ਉਥੋਂ ਹਿਰਾਤ ਦੇ ਰਾਹ ਅਫ਼ਗਾਨਿਸਤਾਨ ਵਿਚ ਪਹੁੰਚ ਗਿਆ, ਇਥੋਂ ਇਸ ਦਾ ਪਹਿਲਾ ਸੰਗੀ ਪਤਾ ਨਹੀਂ ਕਿਉਂ ਉਸ ਤੋਂ ਵਿੱਛੜ ਗਿਆ* ।

ਇਸ ਤੋਂ ਅੱਗੇ ਗਾਰਡਨਰ ਦੱਸਦਾ ਸੀ ਕਿ ਉਹ ਖੋਜ਼ਦ ਜਾ ਪਹੁੰਚਿਆ ।

ਗਾਰਡਨਰ ਨੂੰ ਉਥੇ ਥੋੜੇ ਦਿਨ ਹੀ ਇਕੱਲੇ ਬੀਤੇ ਸਨ ਕਿ ਉਸ ਨੂੰ ਇਕ ਪੋਲਸ਼ ਲੁਗੜ ਮਿਲ ਪਿਆ, ਜੇਹੜਾ 'ਧਰਮ ਅਤੇ ਸ਼ਰਮ' ਦੋਵਾਂ ਤੋਂ ਸੁਤੰਤਰ ਸੀ । ਉਸ ਪੋਲ ਨੇ ਆਪਣਾ ਅਸਲ ਨਾਮ ਬਦਲ ਕੇ ਨਕਲੀ ਨਾਮ 'ਆਗ਼ਾ ਬੇਗ਼' ਰਖਿਆ ਹੋਇਆ ਸੀ । ਗਾਰਡਨਰ ਵੀ ਉਸ

---

*ਮੇਜਰ ਪੀਅਰਸ ਗਾਰਡਨਰ, ਸਫਾ ੪੯ ।

ਅਜੀਬ ਪੋਲਸ਼ ਨਾਲ ਮਿਲ ਕੇ ਉਸੇ ਜਿਹਾ ਹੋ ਗਿਆ ਅਰਥਾਤ ਹੁਣ ਗਾਰਡਨਰ ਨੇ ਭੀ ਆਪਣਾ ਨਾਮ ਵਟਾ ਕੇ 'ਅਰਬ ਸ਼ਾਹ' ਰਖ ਲਿਆ।

ਡਾਕੇ ਮਾਰਨੇ

ਗਾਰਡਨਰ ਦੇ ਜੀਵਨ ਦੀ ਸਭ ਤੋਂ ਵਧ ਅਚੰਭੇ ਵਿਚ ਪਾਣ ਵਾਲੀ ਗੱਲ ਇਹ ਹੈ ਕਿ ਉਹ ਉਸ ਪੋਲ ਨਾਲ ਮਿਲਕੇ ਉਨ੍ਹਾਂ ਦੋਵਾਂ ਨੇ ਉਸ ਇਲਾਕੇ ਦੇ ਕੁਝ ਹੋਰ ਡਾਕੂ ਆਪਣੇ ਨਾਲ ਮਿਲਾ ਕੇ ਲੁਟੇਰਿਆਂ ਦਾ ਇਕ ਟੋਲਾ ਬਣਾ ਲਿਆ, ਜਿਨ੍ਹਾਂ ਦਾ ਕੰਮ ਸੀ ਡਾਕੇ ਮਾਰ ਕੇ ਰਾਹ-ਗੁਜਰੂਆਂ ਨੂੰ ਲੁਟਣਾ ।*

ਇਸ ਤਰ੍ਹਾਂ ਲਗ ਪਗ ਇਕ ਸਾਲ ਉਨ੍ਹਾਂ ਲੁਟ ਮਾਰ ਕਰਦਿਆਂ ਬਿਤਾਇਆ । ਇਸ ਦੇ ਉਪਰੰਤ ਗਾਰਡਨਰ, ਹਬੀਬਉਲਾ ਖਾਨ ਵਾਲੀਏ ਖੀਵਾ ਨੂੰ ਜਾ ਮਿਲਿਆ† ।

ਵਿਆਹ ਤੇ ਸੰਤਾਨ

ਹਬੀਬੁਲਾਖਾਨ ਨੇ ਅਰਬ ਸ਼ਾਹ, ਗਾਰਡਨਰ ਨੂੰ ਆਪਣੇ ਨਵੇਂ ਖੜੇ ਕੀਤੇ ਲਸ਼ਕਰ ਦੀ ਸਰਦਾਰੀ ਸੌਂਪ ਦਿਤੀ । ਇਥੇ ਹੀ ਬਸ ਨਹੀਂ ਗਾਰਡਨਰ ਦੇ ਆਪਣੇ ਲਿਖੇ ਅਨੁਸਾਰ ਹਬੀਬਬੁਲਾ ਖਾਨ ਨੇ, ਆਪਣੀਆਂ ਸਾਰੀਆਂ ਕਨੀਜ਼ਾਂ (ਦਾਸੀਆਂ) ਵਿਚੋਂ ਸਭ ਤੋਂ ਵਧ ਸੁੰਦਰ ਦਾਸੀ ਨਾਲ ਗਾਰਡਨਰ

---

*ਗਾਰਡਨਰ ਨੇ ਉਪਰੋਕਤ ਵਿਥਿਆ ਆਪਣੀ ਕਾਨੀ ਨਾਲ ਲਿਖਕੇ ਮੇਜਰ ਪੀਅਰ ਨੂੰ ਸਿਰੀ ਨਗਰ (ਕਸ਼ਮੀਰ) ਵਿਚ ਇਸ ਲਈ ਦਿਤੀ ਸੀ ਤਾਕਿ ਉਹ ਇਸ ਮਸਾਲੇ ਨਾਲ ਉਸ ਦਾ ਜੀਵਨ ਬ੍ਰਿਤਾਂਤ ਲਿਖੇ ।

† ਹਬੀਬਉਲਾ ਖਾਨ, ਮੁਹੰਮਦ ਅਜੀਮ ਖਾਨ ਬਾਰਕਜ਼ਈ ਦਾ ਪੁੱਤਰ ਅਤੇ ਅਮੀਰ ਦੋਸਤ ਮੁਹੰਮਦ ਖਾਨ ਦਾ ਭਤੀਜਾ ਸੀ । ਇਸ ਸਮੇਂ ਉਹ ਇਕ ਲਸ਼ਕਰ ਤਿਆਰ ਕਰ ਰਿਹਾ ਸੀ, ਤਾਕਿ ਉਹ ਆਪਣੇ ਚਾਚੇ ਅਮੀਰ ਦੋਸਤ ਮੁਹੰਮਦ ਖਾਨ ਪਰ ਚੜ੍ਹਾਈ ਕਰਕੇ ਉਸ ਤੋਂ ਆਪਣਾ ਉਹ ਇਲਾਕਾ ਮੁੜ ਪ੍ਰਾਪਤ ਕਰ ਲਏ ਜੇਹੜਾ ਅਮੀਰ ਨੇ ਉਸ ਤੋਂ ਧੱਕੇ ਨਾਲ ਖੋਹ ਲਿਆ ਸੀ ।

ਦਾ ਨਿਕਾਹ ਪੜ੍ਹਾ ਦਿਤਾ । ਉਸ ਤੀਵੀਂ ਤੋਂ ਗਾਰਡਨਰ ਦੇ ਘਰ ਇਕ ਪੁਤਰ ਜਨਮਿਆ ਜਿਸ ਦੇ ਸੁਹੱਪਣ ਦੀ ਉਹ ਬੜੀ ਮਹਿਮਾ ਲਿਖਦਾ ਹੈ । ਖੀਵਾ ਵਿਚ ਗਾਰਡਨਰ ਕੋਈ ਦੋ ਸਾਲ ਦੇ ਲਗ ਪਗ ਰਿਹਾ ।

ਹੱਥੋ ਹੱਥ ਨਿਆਂ

ਇਕ ਵੇਰਾਂ ਗਾਰਡਨਰ ਨੇ ਆਪਣੇ ਲਸ਼ਕਰ ਨਾਲ ਲਾਗਵੇਂ ਇਲਾਕੇ ਨੂੰ ਲੁਟਣ ਲਈ ਹੱਲਾ ਕੀਤਾ । ਉਹ ਜਦ ਇਸ ਲੁਟ ਦੀ ਮੁਹਿੰਮ ਪਰ ਗਿਆ ਹੋਇਆ ਸੀ ਤਾਂ ਪਿਛੇ ਗਾਰਡਨਰ ਦੇ ਘਰ ਪਰ ਵੀ ਡਾਕੂ ਆ ਪਏ । ਜਿਸ ਸਮੇਂ ਉਹ ਹੋਰਨਾਂ ਦੇ ਘਰ ਲੁਟ ਰਿਹਾ ਸੀ, ਠੀਕ ਉਸੇ ਸਮੇਂ ਖੀਵਾ ਵਿਚ ਉਸ ਦਾ ਆਪਣਾ ਘਰ ਵੀ ਲੁਟਿਆ ਜਾ ਰਿਹਾ ਸੀ । ਇਥੇ ਹੀ ਬਸ ਨਹੀਂ ਜਦ ਗਾਰਡਨਰ ਦੀ ਇਸਤ੍ਰੀ ਨੇ ਆਪਣੀ ਪਤ ਡਾਕੂਆਂ ਦੇ ਹਥੋਂ ਖ਼ਤਰੇ ਵਿਚ ਡਿੱਠੀ ਤਾਂ ਉਸ ਨੇ ਆਪਣੀ ਕ਼ਟਾਰ ਨਾਲ ਪਹਿਲਾਂ ਆਪਣੇ ਅਦੁਤੀ ਸੁੰਦਰ ਪੁਤਰ ਨੂੰ ਮਾਰ ਦਿਤਾ ਅਤੇ ਫਿਰ ਆਤਮਘਾਤ ਕਰ ਲਿਆ ।

ਗਾਰਡਨਰ ਜਦ ਇਸ ਲੁਟ ਮਾਰ ਦੀ ਮੁਹਿੰਮ ਤੋਂ ਪਰਤ ਕੇ ਆਪਣੇ ਘਰ ਪੁਜਾ ਤਾਂ ਉਸ ਨੇ ਨਾ ਕੇਵਲ ਆਪਣਾ ਘਰ ਹੀ ਲੁਟਿਆ ਪੁਟਿਆ ਡਿੱਠਾ, ਸਗੋਂ ਆਪਣੇ ਪੁਤਰ ਤੇ ਇਸਤ੍ਰੀ ਨੂੰ ਵੀ ਮੁਰਦਾ ਪਾਇਆ।

ਇਸ ਭਿਆਨਕ ਦ੍ਰਿਸ਼ ਨ ਗਾਰਡਨਰ ਦਾ ਮਨ ਐਸਾ ਤੋੜ ਦਿਤਾ ਕਿ ਉਹ ਸਭ ਕੁਝ ਖੀਵਾ ਵਿਚ ਛੱਡ ਛੁਡਾ ਕੇ ਕਾਫਰ ਸਥਾਨ, ਹਿੰਦੂਕੁਸ਼ ਦੇ ਪਹਾੜਾਂ ਦੇ ਰਾਹ, ਪਾਮੀਰ, ਯਾਰਕੰਦ, ਲੇਹ, ਬਦਖਸ਼ਾਨ, ਕੰਦੇਜ, ਹੰਜਾ-ਨਗ਼ਰ ਗਿਲਗਿਤ ਤੋਂ ਹੁੰਦਾ ਹੋਇਆ ਸਿਰੀਨਗਰ ਕਸ਼ਮੀਰ ਪਹੁੰਚ ਗਿਆ ।

ਗਾਰਡਨਰ ਬੰਦੀਖਾਨੇ ਵਿਚ

ਗਾਰਡਨਰ ਦੀ ਆਪਣੀ ਲਿਖਤ ਅਨੁਸਾਰ ਪਤਾ ਨਹੀਂ ਉਹ

ਕੇਹੜੇ ਰਾਹ ਕਸ਼ਮੀਰ ਤੋਂ ਕੰਧਾਰ ਜਾ ਨਿਕਲਿਆ, ਉਥੇ ਉਸ ਨੂੰ ਨਵਾਬ ਜੱਬਾਰ ਖਾਨ ਨੇ ਬੰਦੀਖਾਨੇ ਵਿਚ ਪਾ ਦਿਤਾ।

ਗਾਰਡਨਰ ਇਸ ਕੈਦ ਵਿਚ ਕੁਝ ਸਮਾਂ ਰਿਹਾ। ਇਥੇ ਕਿਸੇ ਵਿਚੋਲੇ ਦੀ ਰਾਹੀਂ ਜਦ ਆਪਣੀ ਬੰਦ-ਖਲਾਸੀ ਲਈ ਨਵਾਬ ਨਾਲ ਗੱਲ ਬਾਤ ਚਲਾਈ ਤਾਂ ਉਸ ਨੇ ਗਾਰਡਨਰ ਦੀ ਬੰਦ-ਖਲਾਸੀ ਦਾ ਬਦਲਾ ੧੦੦੦੦) ਰੁਪਿਆ ਮੰਗਿਆ। ਗਾਰਡਨਰ ਇੰਨੀ ਭਾਰੀ ਰਕਮ ਤਾਰਨ ਦੇ ਅਸਮਰਥ ਸੀ, ਜਿਸ ਦੇ ਕਾਰਨ ਉਹ ਕੋਈ ਨੌਂ ਮਹੀਨੇ ਨਵਾਬ ਦੀ ਕੈਦ ਵਿਚ ਰਿਹਾ।

ਮੁੜ ਅਸਲ ਰੁਜ਼ਗਾਰ ਆਰੰਭ ਦਿਤਾ

ਗਾਰਡਨਰ ਕਿਸੇ ਨਾ-ਮਾਲੂਮ ਤਰੀਕੇ ਨਾਲ ਜੱਬਾਰ ਖਾਨ ਦੀ ਕੈਦ ਤੋਂ ਆਜ਼ਾਦ ਹੋ ਗਿਆ ਅਤੇ ਉਸ ਨੇ ਆਪਣਾ ਪੁਰਾਣਾ ਪੇਸ਼ਾ, 'ਡਾਕਾ ਮਾਰੀ' ਆਰੰਭ ਦਿਤਾ।

ਕੁਝ ਸਮੇਂ ਦੇ ਬਾਅਦ ਗਾਰਡਨਰ ਕੰਧਾਰ ਤੋਂ ਕਾਬਲ ਤੇ ਕਾਬਲ ਤੋਂ ਬਾਜਵੜ ਪਹੁੰਚ ਗਿਆ।

ਗਾਰਡਨਰ ਗ਼ਾਜ਼ੀਆਂ ਦਾ ਆਗੂ

ਬਾਜਵੜ ਵਿਚ ਮੀਰ ਆਲਮ ਖਾਨ ਨੇ ਗਾਰਡਨਰ ਨੂੰ ੨੫੦ ਗ਼ਾਜ਼ੀਆਂ ਦਾ ਆਗੂ ਥਾਪ ਕੇ ਸੱਯਦ ਅਹਿਮਦ ਸ਼ਾਹ ਬਰੇਲਵੀ ਦੀ ਸਹਾਇਤਾ ਲਈ ਬਾਲਾਕੋਟ ਹਜ਼ਾਰੇ ਭੇਜਿਆ, ਜਿਥੇ ਕਿ ਸੱਯਦ ਅਹਿਮਦ ਖਾਲਸੇ ਦੇ ਵਿਰੁਧ ਜਹਾਦੀ ਜੰਗ ਲੜ ਰਿਹਾ ਸੀ*।

---

*ਸੱਯਦ ਅਹਿਮਦ ਸਾਹਿਬ ਬਰੇਲਵੀ ਬਾਲਾਕੋਟ ਦੇ ਮੈਦਾਨ ਜੰਗ ਵਿਚ ਸ਼ਾਹਜ਼ਾਦਾ ਸ਼ੇਰ ਸਿੰਘ ਦੇ ਟਾਕਰੇ ਪਰ ਲੜਦਾ ਹੋਇਆ ੩੦ ਮਈ ੧੮੩੧ ਨੂੰ ਸਣੇ ਮੌਲਾਨਾ ਅਸਮਾਈਲ ਤੇ ਹੋਰਨਾਂ ਕਈ ਮੁਜੈਦੀਨਾਂ ਦੇ ਮਾਰਿਆ ਗਿਆ। ਇਸ ਦੀ ਕਬਰ ਮੌਜਾ ਤਲਹਟ (ਹਜ਼ਾਰੇ) ਵਿਚ ਹੈ।

ਗਾਰਡਨਰ ਬਾਲਾਕੋਟ ਦੀ ਥਾਂ ਪਿਸ਼ਾਵਰ ਜਾ ਪੁਜਾ

ਗਾਰਡਨਰ ਜਹਾਦ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਆਪਣੇ ਸਾਥੀਆਂ ਨਾਲ ਲੁਟ ਦਾ ਮਾਲ-ਮਤਾ ਵੰਡਣ ਸਮੇਂ ਲੜ ਪਿਆ ਤੇ ਬਾਲਾਕੋਟ ਦੀ ਥਾਂ ਪਿਸ਼ਾਵਰ ਜਾ ਪੁਜਾ । ਇਥੇ ਗਾਰਡਨਰ ਛੇ ਮਹੀਨੇ ਸੁਲਤਾਨ ਮੁਹੰਮਦ ਖਾਨ ਦੇ ਤੋਪਖਾਨੇ ਦੇ ਤੋਪਚੀਆਂ ਨੂੰ ਸਿਖਲਾਈ ਦੇਂਦਾ ਰਿਹਾ* ।

ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ

ਗਾਰਡਨਰ ਲਿਖਦਾ ਹੈ ਕਿ ਹੁਣ ਉਸ ਦੀ ਪ੍ਰਸਿੱਧਤਾ ਸਾਰੇ ਪੰਜਾਬ ਵਿਚ ਖਿੱਲਰ ਗਈ ਸੀ ਤੇ ਉਹ ਪਿਸ਼ਾਵਰ ਤੋਂ ਲਾਹੌਰ ਪਹੁੰਚ ਗਿਆ ਸੀ ।

ਗਾਰਡਨਰ ਦੇ ਪੰਜਾਬ ਪਹੁੰਚਣ ਬਾਰੇ ਪੰਜਾਬ ਰੀਕਾਰਡਸ ਵਿਚ ਇਕ ਖਤ ਮਿਲਦਾ ਹੈ, ਜਿਸ ਵਿਚ ਉਸ ਬਾਬਤ, ਬਹੁਤ ਸਾਰੀ ਵਾਕਫ਼ੀ ਦਰਜ ਹੈ । ਇਹ ਖਤ ਇਕ ਡਾਇਰੀ, ਰੋਜ਼ਨਾਮਚੇ ਦੇ ਤੌਰ ਪਰ, ਲਾਹੌਰ ਦੇ ਅੰਗਰੇਜ਼ੀ ਖਬਰ-ਨਵੀਸ ਖੁਸ਼ਵਕਤ ਰਾਏ ਨੇ ੧੫ ਦਸੰਬਰ ਸੰਨ ੧੮੩੧ ਨੂੰ ਪੁਲੀਟੀਕਲ ਅਫ਼ਸਰ, ਲੁਧਿਆਣੇ ਨੂੰ ਲਿਖਿਆ ਸੀ, ਜੋ ਇਸ ਤਰ੍ਹਾਂ ਹੈ:-

''ਅੱਜ ਖੈਰਾ (ਕਾਨਾਰਾ) ਤੇ ਗਾਡਨ ਨਾਮੀ ਦੋ ਵਲੈਤੀ, ਜਿਨ੍ਹਾਂ ਦੀ ਆਯੂ ੩੫ ਦੇ ਲਗ-ਪਗ ਹੋਣੀ ਹੈ । ਇਹਨਾਂ ਦੇ ਚੇਹਰਿਆਂ ਦੀ

---

*ਗਾਰਡਨਰ ਦੇ ਇਸ ਸਫ਼ਰਨਾਮੇ ਬਾਰੇ ਜੇਹੜਾ ਅਸਤਰਖਾਨ ਤੋਂ ਆਰੰਭ ਹੋ ਕੇ ਪਿਸ਼ਾਵਰ ਵਿਚ ਆ ਮੁਕਦਾ ਹੈ, ਦੋ ਰਾਵਾਂ ਹਨ । ਪੁਰਾਣੇ ਲੇਖਕ ਜਿਨ੍ਹਾਂ ਵਿਚ ਸਰ ਹੈਨਰੀ ਡੋਰਿੰਡ, ਸਰ ਰਿਚਰਡ ਟੈਂਪਲ, ਸਰ ਅਲੈਗਜ਼ੰਡਰ ਬਾਰਨਸ, ਮਿਸਟਰ ਕੂਪਰ ਤੇ ਮੇਜਰ ਪੀਅਰਸ ਹਨ, ਇਸ ਨੂੰ ਠੀਕ ਮੰਨਦੇ ਹਨ । ਨਵੇਂ ਲਿਖਾਰੀਆਂ ਵਿਚੋਂ ਸਰ ਹੈਨਰੀ ਯੂਲ ਤੇ ਪ੍ਰੋਫ਼ੈਸਰ ਮਾਰਟਨ ਇਸ ਨੂੰ ਗਾਰਡਨਰ ਦੀ ਕਲਪਤ ਕਹਾਣੀ ਦਸਦੇ ਹਨ ।

ਰੰਗਤ ਸੁਫ਼ੈਦ ਅਤੇ ਸਿਰ ਦੇ ਵਾਲ ਹਲਕੇ ਸੁਨਹਿਰੀ ਹਨ । ਇਹ ਦੋਵੇਂ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋਏ । ਇਨ੍ਹਾਂ ਪੰਜ ਪੰਜ ਰੁਪਏ ਮਹਾਰਾਜ ਦੀ ਹਜ਼ੂਰੀ ਵਿਚ ਭੇਟਾ ਨਜ਼ਰ ਕੀਤੀ ਜੋ ਹੱਥ ਲਾ ਕੇ ਪਰਤਾ ਦਿੱਤੀ ਗਈ ।''

''ਮਹਾਰਾਜਾ ਸਾਹਿਬ ਨੇ ਇਹਨਾਂ ਤੋਂ ਪੁਛਿਆ ਕਿ ਉਹ ਕਿਥੋਂ ਅਤੇ ਕਿਸ ਮਨੋਰਥ ਲਈ ਇਥੇ ਆਏ ਹਨ । ਉਹਨਾਂ ਦਸਿਆ ਕਿ ਪਹਿਲਾਂ ਉਹ ਕੰਪਨੀ ਦੀ ਜਹਾਜ਼ੀ ਫ਼ੌਜ ਵਿਚ ਨੌਕਰ ਸਨ । ਪਰ ਉਸ ਕੰਮ ਤੋਂ ਉਹ ਸੰਤੁਸ਼ਟ ਨਹੀਂ ਸਨ, ਜਿਸ ਲਈ ਉਹਨਾਂ ਉਹ ਨੌਕਰੀ ਛੱਡ ਦਿਤੀ ਅਤੇ ਬੰਬਈ ਤੋਂ ਪਿਸ਼ਾਵਰ ਪਹੁੰਚੇ ਸਨ । ਉਥੇ ਉਹਨਾਂ ਨੂੰ ਸੁਲਤਾਨ ਮੁਹੰਮਦ ਖਾਨ ਨੇ ਤਿੰਨ ਰੁਪਏ ਰੋਜ਼ਾਨਾ ਪਰ ਆਪਣੀ ਫ਼ੌਜ ਵਿਚ ਨੌਕਰ ਰਖ ਲਿਆ । ਉਹ ਛੇ ਮਹੀਨੇ ਪਿਸ਼ਾਵਰ ਵਿਚ ਰਹੇ, ਪਰ ਸਰਕਾਰ ਦੀਆਂ ਬਖ਼ਸ਼ਸ਼ਾਂ ਦੀ ਮਹਿਮਾ ਸੁਣ ਕੇ ਹਜ਼ੂਰ ਦੀ ਸੇਵਾ ਵਿਚ ਨੌਕਰੀ ਲਈ ਹਾਜ਼ਰ ਹੋਏ ਹਾਂ ।''...

ਇਸ ਦੇ ਉਪਰੰਤ ਮਹਾਰਾਜ ਨੇ ਉਹਨਾਂ ਤੋਂ ਪੁਛਿਆ : 'ਕੀ ਉਹ ਤੋਪਖਾਨੇ ਦੇ ਕੰਮ ਤੋਂ ਜਾਣੂ ਹਨ ? ਉਹਨਾਂ ਹਾਂ ਵਿਚ ਉੱਤਰ ਦਿਤਾ । ਇਸ ਪਰ ਇਹਨਾਂ ਦੋਹਾਂ ਨੂੰ ੩ ਰੁਪਏ ਰੋਜ਼ਾਨਾ ਪਰ ਤੋਪਖਾਨੇ ਵਿਚ ਨੌਕਰ ਰੱਖ ਲਿਆ ।'*

ਇਹਨਾਂ ਦੋਹਾਂ, ਗਾਰਡਨਰ ਤੇ ਕਾਨਾਰਾ, ਨੇ ਆਪਣੀ ਕੌਮੀਅਤ ਅਮ੍ਰੀਕਨ ਲਿਖਵਾਈ ਸੀ, ਜਿਹਾ ਕਿ ਲਾਹੌਰ ਦੇ ਖਬਰ-ਨਵੀਸ ਦੀ ਡਾਇਰੀ ਤੋਂ ਸਿੱਧ ਹੈ । ਗਾਰਡਨਰ ਨੂੰ ਤੋਪਖਾਨੇ ਵਿਚ ਨੌਕਰੀ ਦਿੱਤੀ ਗਈ ।

---

*ਪੰਜਾਬ ਰੀਕਾਰਡਜ਼, ਜਿਲਦ ੧੩੦, ਡਾਇਰੀ ੪੪, ਗ੍ਰੇ ਤੇ ਗੈਰਟ, ਯੂਰਪੀਨ ਅਡਵਾਂਚਰਜ਼ ਇਨ ਨਾਰਥ ਇੰਡੀਆ, ਸਫ਼ਾ ੨੭੬ ।

ਰਾਜਾ ਧਿਆਨ ਸਿੰਘ ਨਾਲ ਮੇਲ

ਪਰ ਹੈਰਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਗਾਰਡਨਰ ਦਾ ਨਾਮ ਸ਼ਾਨੂੰ ਖਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਕਿਤੇ ਵੀ ਨਹੀਂ ਮਿਲਦਾ । ਇਥੇ ਤਕ ਕਿ ਖਾਲਸਾ ਫ਼ੌਜ ਦੀ ਤਲਬ ਵੰਡਣ ਵਾਲੇ ਰਜਿਸਟਰ, 'ਬਰਾਵੂਰਦ' ਵਿਚ ਵੀ ਇਸ ਦਾ ਨਾਮ ਨਹੀਂ । ਇਸ ਬਾਰੇ ਵਧੇਰੀ ਖੋਜ ਕੀਤਿਆਂ ਇਹ ਗੁੰਝਲ ਇਸ ਤਰ੍ਹਾਂ ਨਿਖ਼ਰ ਜਾਂਦੀ ਹੈ ਕਿ ਗਾਰਡਨਰ ਦੇ ਲਾਹੌਰ ਪਹੁੰਚਣ ਦੇ ਥੋੜੇ ਦਿਨਾਂ ਬਾਅਦ, ਮੀਆਂ ਧਿਆਨ ਸਿੰਘ ਨੇ ਉਸ ਨੂੰ ਸ਼ੇਰਿ ਪੰਜਾਬ ਤੋਂ ਮੰਗ ਕੇ ਆਪਣੇ ਜਾਗੀਰਦਾਰੀ ਤੋਪਖ਼ਾਨੇ ਵਿਚ ਭਰਤੀ ਕਰ ਲਿਆ ਸੀ । ਗਾਰਡਨਰ ਨੂੰ ਤਲਬ ਰਾਜਾ ਧਿਆਨ ਸਿੰਘ ਦੀ ਜਾਗੀਰ ਵਿਚੋਂ ਮਿਲਦੀ ਸੀ ।

ਰਾਜਾ ਧਿਆਨ ਸਿੰਘ ਅਤੇ ਉਸ ਦੇ ਪੁੱਤ੍ਰ ਮੀਆਂ ਹੀਰਾ ਸਿੰਘ ਦੀ ਹੱਤਿਆ ਦੇ ਬਾਅਦ ਜਦ ਡੋਗਰਿਆਂ ਦਾ ਤੋਪਖਾਨਾ ਖਾਲਸੇ ਨੇ ਤੋੜ ਦਿੱਤਾ ਤਾਂ ਪਹਿਲੀ ਵਾਰ ਨਵੰਬਰ ਸੰਨ ੧੮੪੫ ਦੇ 'ਬਰਾਵੂਰਦ' ਵਿਚ ਗਾਰਡਨਰ ਦਾ ਨਾਮ ਮਿਲਦਾ ਹੈ ਅਤੇ ਖਾਲਸੇ ਦੇ ਖ਼ਜ਼ਾਨੇ ਤੋਂ ਉਸ ਨੂੰ ਸਿੱਧੀ ਤਲਬ ਮਿਲਣ ਲੱਗੀ* ।

ਗਾਰਡਨਰ ਸੰਨ ੧੮੩੨ ਤੋਂ ਅਕਤੂਬਰ ਸੰਨ ੧੮੪੫ ਤਕ ਡੋਗਰਿਆਂ ਦੀ ਨੌਕਰੀ ਵਿਚ ਰਿਹਾ ।

ਸਾਰੀਆਂ ਗੋਂਦਾਂ ਵਿਚ ਨਾਲ ਸੀ

ਗਾਰਡਨਰ ਦਾ ਡੋਗਰਿਆਂ ਵਿਚ ਇਕ-ਮਿਕ ਹੋ ਕੇ ਰਹਿਣ ਦੇ ਕਾਰਨ, ਉਹ ਉਹਨਾਂ ਦੀਆਂ ਸਾਰੀਆਂ ਖ਼ੁਫ਼ੀਆ ਗੋਂਦਾਂ ਦਾ ਚੰਗੀ ਤਰ੍ਹਾਂ ਜਾਣੂੰ ਸੀ । ਇਹੀ ਕਾਰਨ ਹੈ ਕਿ ਗਾਰਡਨਰ ਜਦ ਡੋਗਰਿਆਂ ਦੀਆਂ

---

*ਇਸ ਸਮੇਂ ਗਾਰਡਨਰ-੨੨ ਈਸਵੀ ਘੋੜਾ ਬਾੜ੍ਹੀ (ਬੈਟਰੀ) ਵਿਚ ਕਮਾਂਡਰ ਲਾਇਆ ਗਿਆ ਸੀ ।

ਲੁਕਵੀਆਂ ਬੁਰਿਆਈਆਂ ਤੋਂ ਪਰਦਾ ਉਠਾਂਦਾ ਹੈ ਤਾਂ ਉਹਨਾਂ ਦੀ ਨੰਗੀ ਮੂਰਤ ਜਨਤਾ ਦੇ ਸਾਹਮਣੇ ਖੜੀ ਕਰ ਦੇਂਦਾ ਹੈ।

ਸਾਰੇ ਬਦੇਸ਼ੀਆਂ ਵਿਚੋਂ ਗਾਰਡਨਰ ਹੀ ਇਕ ਐਸਾ ਆਦਮੀ ਸੀ, ਜੇਹੜਾ ਧਿਆਨ ਸਿੰਘ ਦਾ ਪੱਕਾ ਜੁਟ ਸੀ; ਉਸ ਦੀਆਂ ਚਾਲਾਂ ਦਾ ਭੇਤੀ ਅਤੇ ਹਰ ਵੇਲੇ ਦਾ ਸਾਥੀ ਸੀ। ਧਿਆਨ ਸਿੰਘ ਨੇ ਬਹੁਤ ਸਾਰੇ ਅਪਵਿਤ੍ਰ ਕੰਮ, ਗਾਰਡਨਰ ਦੇ ਅੱਖੀਂ ਡਿੱਠੇ ਯਾ ਹੱਥੀਂ ਕੀਤੇ ਹੋਏ ਸਨ*।

ਸਰਦਾਰ ਚੇਤ ਸਿੰਘ ਬਾਜਵੇ ਦੀ ਹੱਤਿਆ ਦੀ ਘਟਨਾ ਜਿੰਨੇ ਵਿਸਥਾਰ ਨਾਲ ਗਾਰਡਨਰ ਨੇ ਉਲੀਕੀ ਹੈ, ਕਿਸੇ ਹੋਰ ਨੇ ਨਹੀਂ ਲਿਖੀ। ਇਸੇ ਤਰ੍ਹਾਂ ਕੰਵਲ ਨੌ-ਨਿਹਾਲ ਦੇ ਘਾਤ ਦੇ ਮਨ-ਤੜਫਾਵਣੇ ਸਮਾਚਾਰ ਤੇ ਇਸ ਗੋਂਦ ਦਾ ਭਾਂਡਾ ਜਿੰਨੀ ਸਫ਼ਾਈ ਨਾਲ ਇਸ ਨੇ ਚੌਰਾਹੇ ਵਿਚ ਭੰਨਿਆ ਹੈ, ਐਨਾ ਹੀਆ ਕਿਸੇ ਹੋਰ ਦਾ ਨਹੀਂ ਪਿਆ।

ਮਹਾਰਾਣੀ ਚੰਦ ਕੌਰ ਜੀ ਦੀ ਅਣਿਆਈ ਮੌਤ ਦੀ ਹੋਂਦ ਦੀ ਵਿਥਿਆ ਬਾਰੇ ਇਸ ਦੀ ਲਿਖਤ ਗੁਝੇ ਭੇਦਾਂ ਦੀ ਵਾਕਫ਼ੀ ਦਾ ਭੰਡਾਰ ਹੈ।

ਡੋਗਰਿਆਂ ਵੱਲੋਂ ਮਹਾਰਾਜਾ ਸ਼ੇਰ ਸਿੰਘ ਦੇ ਟਾਕਰੇ ਪਰ

ਮਹਾਰਾਜਾ ਸ਼ੇਰ ਸਿੰਘ ਨੇ ੯ ਜਨਵਰੀ ੧੮੪੧ ਨੂੰ ਜਦ ਲਾਹੌਰ ਦੇ ਕਿਲ੍ਹੇ ਪਰ ਚੜ੍ਹਾਈ ਕੀਤੀ ਤਾਂ ਗਾਰਡਨਰ ਆਪਣੇ ਅੰਨ-ਦਾਤਾ ਮੀਆਂ ਹੀਰਾ ਸਿੰਘ ਤੇ ਰਾਜਾ ਗੁਲਾਬ ਸਿੰਘ ਨਾਲ ਸਣੇ ਆਪਣੇ ਤੋਪਖਾਨੇ ਦੇ ਕਿਲ੍ਹੇ ਦੇ ਅੰਦਰ ਮਹਾਰਾਜਾ ਸ਼ੇਰ ਸਿੰਘ ਦੇ ਵਿਰੁਧ ਲੜਨ ਲਈ

---

*ਗਾਰਡਨਰ ਇਹ ਗੱਲ ਆਪ ਮੰਨਦਾ ਹੈ ਕਿ ਉਹ ਧਿਆਨ ਸਿੰਘ ਦਾ ਵੱਡਾ ਭਰੋਸੇ ਵਾਲਾ ਸੀ। ਇਸ ਲਈ ਉਹ ਉਸ ਨੂੰ ਆਪਣੀਆਂ ਸਾਜ਼ਸ਼ਾਂ ਵਿਚ ਮਿਲਾਈ ਰੱਖਦਾ ਸੀ।

(ਮੇਜਰ ਪੀਅਰਜ਼ ਗਾਰਡਨਰ, ਸਫਾ ੨੧੮)

ਮੌਜੂਦ ਸੀ* ।

ਇਸ ਸਮੇਂ ਜਿਸ ਤਰ੍ਹਾਂ ਕਿਲ੍ਹੇ ਦਾ ਖਜ਼ਾਨਾ ਡੋਗਰਿਆਂ ਲੁਟਿਆ, ਇਹ ਸਭ ਕੁਝ ਗਾਰਡਨਰ ਦੇ ਅੱਖੀਂ ਡਿਠੇ ਹਾਲ ਸਨ । ਇਸ ਤੋਂ ਛੁਟ ਜਦ ਰਾਜਾ ਧਿਆਨ ਸਿੰਘ ਨੇ, ਮਹਾਰਾਜਾ ਸ਼ੇਰ ਸਿੰਘ ਤੇ ਸ਼ਾਹਜ਼ਾਦਾ ਪ੍ਰਤਾਪ ਸਿੰਘ ਦੀ ਹੱਤਿਆ ਦਾ ਜਾਲ ਖਿਲਾਰਿਆ ਅਤੇ ਸੰਧਾਂਵਾਲੀਆ ਨੂੰ ਹਥਿਆਰ ਬਣਾ ਕੇ ਵਰਤਿਆ ਗਾਰਡਨਰ ਇਸ ਤੋਂ ਪਹਿਲਾਂ ਹੀ ਜਾਣੂ ਸੀ ।

ਇਸ ਬਾਰੇ ਗਾਰਡਨਰ ਲਿਖਦਾ ਹੈ, ਮਹਾਰਾਜਾ ਸ਼ੇਰ ਸਿੰਘ ਦੀ ਹੱਤਿਆ ਦੇ ਥੋੜੇ ਚਿਰ ਬਾਅਦ, ਉਹ ਧਿਆਨ ਸਿੰਘ ਦੀ ਰੱਖਿਆ ਲਈ ਬਾਹਰ ਨਿਕਲਿਆ ਹੀ ਸੀ ਕਿ ਇਸ ਨੂੰ ਖਬਰ ਮਿਲੀ ਕਿ ਰਾਜਾ ਧਿਆਨ ਸਿੰਘ ਹੁਣੇ ਹੀ ਮਾਰ ਦਿੱਤਾ ਗਿਆ ਹੈ† ।

ਅਗੇ ਚਲਕੇ ਗਾਰਡਨਰ ਦੱਸਦਾ ਹੈ ਕਿ ਖਾਲਸਾ ਫ਼ੌਜ ਦੇ ਆਗੂਆਂ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ, ਜਰਨੈਲ ਮੇਵਾ ਸਿੰਘ ਆਦਿ ਨੇ, ਰਾਜਾ ਹੀਰਾ ਸਿੰਘ, ਰਾਜਾ ਧਿਆਨ ਸਿੰਘ ਦੇ ਵੱਡੇ ਪੁੱਤਰ

---

*ਇਸ ਸਮੇਂ ਡੋਗਰਿਆਂ ਨੇ ਇਕ ਅਸਚਰਜ ਸਤਰੰਜੀ ਚਾਲ ਚੱਲੀ ਸੀ । ਰਾਜਾ ਗੁਲਾਬ ਸਿੰਘ ਤੇ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਸਣੇ ਡੋਗਰਾ ਫ਼ੌਜ ਦੇ, ਮਹਾਰਾਣੀ ਚੰਦ ਕੌਰ ਦੇ ਧੜੇ ਪਰ ਹੋ ਖੜੋਤੇ । ਇਹ ਧੜਾ ਇਹਨਾਂ ਆਪ, ਕੇਵਲ ਲੁਟ ਲਈ ਖੜਾ ਕੀਤਾ ਸੀ । ਧਿਆਨ ਸਿੰਘ ਆਪ ਮਹਾਰਾਜਾ ਸ਼ੇਰ ਸਿੰਘ ਦਾ ਪੱਖੀ ਬਣ ਬੈਠਾ । ਇਸ ਤਰ੍ਹਾਂ ਇਹਨਾਂ ਦੇ ਦੋਹਾਂ ਹੱਥਾਂ ਵਿਚ ਲੱਡੂ ਸਨ । ਜੇ ਮਹਾਰਾਣੀ ਜਿੱਤ ਜਾਏ, ਤਦ ਵੀ ਵਜ਼ੀਰ ਡੋਗਰੇ ਬਣਦੇ । ਅਤੇ ਜੇ ਮਹਾਰਾਜਾ ਸ਼ੇਰ ਸਿੰਘ ਸਫ਼ਲ ਹੋਇਆ ਤਾਂ ਭੀ ਵਜ਼ਾਰਤ ਉਹਨਾਂ ਦੇ ਹੀ ਹੱਥ ਰਹੀ ।

†ਰਾਜਾ ਧਿਆਨ ਸਿੰਘ ਨੂੰ ਸ: ਅਜੀਤ ਸਿੰਘ ਸੰਧਾਂਵਾਲੀਏ ਨੇ ੧੫ ਸਤੰਬਰ ਸੰਨ ੧੮੪੩ ਨੂੰ, ਲਾਹੌਰ ਕਿਲ੍ਹੇ ਦੇ, ਹਾਥੀ ਦਰਵਾਜ਼ੇ ਦੇ ਅੰਦਰ ਇਹ ਆਖਦੇ ਹੋਏ ਕਤਲ ਕੀਤਾ ਸੀ ਕਿ : 'ਤੂੰ ਮੇਰੀ ਬੇਦੋਸ਼ੀ ਭਾਬੀ, ਮਹਾਰਾਣੀ ਚੰਦ ਕੌਰ ਦਾ ਹਤਿਆਰਾ ਹੈਂ ।' ਧਿਆਨ ਸਿੰਘ ਨੇ ਇਥੋਂ ਭੱਜ ਕੇ ਜਾਨ ਬਚਾਣ ਦੀ ਅਸਫ਼ਲ ਕੋਸ਼ਸ਼ ਕੀਤੀ ਪਰ ਉਸ ਨੂੰ ਉਥੇ ਹੀ ਘੇਰ ਲਿਆ ਗਿਆ ਅਤੇ ਉਸ ਦਾ ਸਿਰ ਵੱਖ ਕਰ ਦਿਤਾ ।

ਨੂੰ ਸਣੇ ਉਸ ਦੇ ਸਾਥੀਆਂ, ਪੰਡਤ ਜੱਲਾ, ਮੀਆਂ ਸੋਹਣ ਸਿੰਘ, ਮੀਆਂ ਲਾਭ ਸਿੰਘ ਆਦਿ ਨੂੰ ਪਿੰਡ 'ਬਾਹਮਣੀ ਵਾਲੇ' ਦੇ ਲਾਗੇ ਭੱਜੇ ਜਾਂਦਿਆਂ ਨੂੰ ਜਾ ਘੇਰਿਆ ਅਤੇ ਉਥੇ ਹੀ ਇਹਨਾਂ ਸਾਰਿਆਂ ਦੀ ਅਲਖ ਮੁਕਾ ਦਿਤੀ*। ਗਾਰਡਨਰ ਦਸਦਾ ਹੈ ਇਹ ਘਟਨਾ ਮੇਰੀਆਂ ਅੱਖਾਂ ਸਾਹਮਣੇ ਹੋਈ।

ਰਾਜਾ ਹੀਰ ਸਿੰਘ ਦੀ ਹੱਤਿਆ ਦੇ ਉਪਰੰਤ ਜਦ ਸਰਦਾਰ ਜਵਾਹਰ ਸਿੰਘ ਵਜ਼ੀਰ ਬਣਿਆ† ਤਾਂ ਉਸ ਨੇ ਡੋਗਰਿਆਂ ਦਾ ਤੋਪਖਾਨਾ ਤੋੜ ਦਿਤਾ, ਜਿਸ ਵਿਚ ਗਾਰਡਨਰ ਕਰਨੈਲ ਸੀ। ਹੁਣ ਗਾਰਡਨਰ ਸਿੱਧਾ ਖਾਲਸਾ ਫ਼ੌਜ ਵਿਚ ਲੈ ਲਿਆ ਗਿਆ।

ਜੋਧ ਰਾਮ ਦਾ ਨੱਕ ਤੇ ਕੰਨ ਵੱਢਣੇ

ਇਨ੍ਹਾਂ ਦਿਨਾਂ ਵਿਚ ਗਾਰਡਨਰ ਨੇ ਇਕ ਐਸਾ ਅਸਭਿਅਤ ਕੰਮ ਕੀਤਾ, ਜਿਸ ਨਾਲ ਸਾਰੇ ਬਦੇਸ਼ੀਆਂ (ਯੂਰਪੀਨਾਂ) ਦੇ ਨਾਮ ਨੂੰ ਇਸ ਨੇ ਬੱਦੂ ਕਰ ਦਿੱਤਾ।

ਇਹ ਘਟਨਾ ਇਸ ਤਰ੍ਹਾਂ ਹੋਈ ਕਿ ਜੁਲਾਈ ੧੮੪੫ ਨੂੰ, ਕੰਵਰ ਪਿਸ਼ਾਵਰਾ ਸਿੰਘ ਨੇ ਪੰਜਾਬ ਦੀ ਮਹਾਰਾਜਗੀ ਲਈ ਅਵਾਜ਼ ਉਠਾਈ। ਖਾਲਸਾ ਫ਼ੌਜ ਵਿਚ, ਸ਼ਾਹਜ਼ਾਦਾ ਪਿਸ਼ਾਵਰਾ ਸਿੰਘ ਬਹੁਤ ਪਿਆਰਿਆ ਜਾਂਦਾ ਸੀ। ਇਸ ਸਮੇਂ ਫ਼ਰਾਂਸੀਸੀ ਬੇੜਾ ਜਿਸ ਦੀ ਕਮਾਨ ਜੋਧਰਾਮ ਦੇ ਹੱਥ ਸੀ, ਨੇ ਸ਼ਾਹਜ਼ਾਦੇ ਦੇ ਹੱਕ ਵਿਚ ਖਿਆਲ ਪ੍ਰਗਟ ਕੀਤਾ।

ਇਸ ਗੱਲ ਦਾ ਜਦ ਸਰਕਾਰ ਜਵਾਹਰ ਸਿੰਘ ਵਜ਼ੀਰ ਨੂੰ ਪਤਾ ਲੱਗਾ ਤਾਂ ਜੋਧ ਰਾਮ ਲਈ ਉਸ ਨੇ ਇਹ ਸਜ਼ਾ ਨੀਯਤ ਕੀਤੀ ਕਿ ਜਿਸ ਹੱਥ ਨਾਲ ਉਸ ਨੇ ਸ਼ਾਹਜ਼ਾਦੇ ਨੂੰ ਲਾਹੌਰ ਬੁਲਾਣ ਵਾਲੀ ਲਿਖਤ ਪਰ ਦਸਖ਼ਤ ਕੀਤੇ ਹਨ ਉਸ ਹੱਥ ਦਾ ਅੰਗੂਠਾ ਅਤੇ ਉਸ ਦਾ ਨੱਕ ਤੇ ਕੰਨ

---

*ਰਾਜਾ ਹੀਰਾ ਸਿੰਘ ੨੧ ਦਸੰਬਰ ਸੰਨ ੧੮੪੪ ਨੂੰ ਕਤਲ ਕੀਤਾ ਗਿਆ।

†ਸਰਦਾਰ ਜਵਾਹਰ ਸਿੰਘ ਮਹਾਰਾਣੀ ਜਿੰਦ ਕੌਰ ਦਾ ਭਾਈ ਸੀ।

ਵੱਢ ਦਿੱਤੇ ਜਾਣ ।

ਜੋਧ ਰਾਮ ਇਕ ਤਾਂ ਬ੍ਰਾਹਮਣ ਸੀ, ਦੂਜਾ ਫ਼ੌਜ ਵਿਚ ਚੰਗੇ ਅਹੁਦੇ ਪਰ ਹੋਣ ਦੇ ਕਾਰਨ ਸਭ ਦਾ ਜਾਣ-ਪਛਾਣ ਸੀ । ਇਸ ਲਈ ਇਸ ਨਿਰਦਯਤਾ ਦੇ ਕੰਮ ਤੋਂ ਬਚਣ ਲਈ ਸਿੱਖ, ਮੁਸਲਮਾਨ ਅਤੇ ਹਿੰਦੂ ਸਾਰੇ ਹੀ ਕਿਨਾਰਾ ਕਰਦੇ ਸਨ । ਹਾਂ ਜੋ ਇਸ ਘ੍ਰਿਣਤ ਕੰਮ ਲਈ ਕੋਈ ਮੈਦਾਨ ਵਿਚ ਨਿੱਤਰਿਆ ਤਾਂ ਉਹ ਗਾਰਡਨਰ ਸੀ । ਇਸ ਨੇ ਬਿਨਾਂ ਕਿਸੇ ਝਿਜਕ ਦੇ ਝੱਟ ਉਸਤਰਾ ਹੱਥ ਵਿਚ ਫੜ ਕੇ ਪਹਿਲਾਂ ਜੋਧਰਾਮ ਦੇ ਸੱਜੇ ਹੱਥ ਦਾ ਅਗੂੰਠਾ ਅਤੇ ਫਿਰ ਨੱਕ ਤੇ ਕੰਨ ਵੱਢ ਕੇ ਪਰ੍ਹੇ ਮਾਰੇ*। ਇਸ ਬਾਰੇ ਸਰ ਹੈਨਰੀ ਲਾਰੰਸ ਲਿਖਦਾ ਹੈ:-

'ਅੱਜ ੧੩ ਫਰਵਰੀ ਸੰਨ ੧੮੪੫ ਨੂੰ ਜੋਧ ਰਾਮ ਮੇਰੇ ਪਾਸ ਫਰਿਆਦੀ ਆਇਆ ਅਤੇ ਮੈਨੂੰ ਦਸਿਆ ਕਿ ਗਾਰਡਨਰ ਨੇ ਮੇਰਾ ਨੱਕ ਤੇ ਕੰਨ ਅਤੇ ਸੱਜੇ ਹੱਥ ਦਾ ਅੰਗੂਠਾ, ਉਸਤਰੇ ਨਾਲ ਵੱਢ ਦਿੱਤਾ ਹੈ । ਇਹ ਕੰਮ ਉਸ ਨੇ ਜਵਾਹਰ ਸਿੰਘ ਨੂੰ ਖ਼ੁਸ਼ ਕਰਨ ਲਈ ਕੀਤਾ ਹੈ ਇਸ ਦੇ ਬਦਲੇ ਸਰਦਾਰ ਜਵਾਹਰ ਸਿੰਘ ਨੇ ਗਾਰਡਨਰ ਨੂੰ ੫੦੦) ਰੁਪਏ ਬਖ਼ਸ਼ੀਸ਼ ਦਿਤੇ ਹਨ ਅਤੇ ਉਸ ਦੀ ਰੋਕੀ ਹੋਈ ਜਾਗੀਰ ਵੀ ਮੁੜ ਦੇ ਦਿੱਤੀ ਹੈ† ।

ਗਾਰਡਨਰ ਬਾਰੇ ਅਸਾਨੂੰ ਇਕ ਹੋਰ ਲਿਖਤ ਮਿਲਦੀ ਹੈ ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਗਾਰਡਨਰ ਨੂੰ ਖਾਲਸਾ ਫ਼ੌਜ ਤੋਂ ਹਟਾ ਦਿੱਤਾ ਗਿਆ ਸੀ । ਇਸ ਦੇ ਨਾਲ ਹੀ ਉਸ ਨੂੰ ਬੋਰਡ ਆਫ ਐਡਮਨਿਸਟ੍ਰੇਸ਼ਨ ਵਲੋਂ ਹੁਕਮ ਦਿੱਤਾ ਗਿਆ ਕਿ ਉਹ ਲਾਹੌਰ ਤੋਂ ਨਿਕਲ ਜਾਏ । ਇਸ ਹੁਕਮ ਅਨੁਸਾਰ ਗਾਰਡਨਰ ਲਾਹੌਰ ਛੱਡ ਕੇ ਅੰਗ੍ਰੇਜ਼ੀ ਇਲਾਕੇ ਵਿਚ ਜਾ ਰਿਹਾ ਸੀ ।

---

*ਕਲਕੱਤਾ ਰੀਵੀਊ, ਸੰਨ ੧੮੪੭, ਸਫਾ ੨੪੯ ।
†ਰਾਜਸੀ ਰੋਜ਼ਨਾਮਚੇ, ਜਿਲਦ ੨, ਸਫ਼ਾ ੨੯ ।

ਆਪਣੇ ਪਹਿਲਿਆਂ ਮਾਲਕਾਂ ਦੀ ਸ਼ਰਨ ਵਿਚ

ਗਾਰਡਨਰ ਸੰਨ ੧੮੫੧ ਦੇ ਅਰੰਭ ਵਿਚ ਆਪਣੇ ਪੁਰਾਣੇ ਮਾਲਕ ਗੁਲਾਬ ਸਿੰਘ ਪਾਸ, ਕਸ਼ਮੀਰ ਜਾ ਰਿਹਾ ਸੀ। ਇਥੇ ਛੇਕੜਲੀ ਉਮਰ ਵਿਚ ਇਸ ਨੇ ਇਕ ਕਸ਼ਮੀਰਨ ਨਾਲ ਨਿਕਾਹ ਪੜ੍ਹਾ ਲਿਆ। ਗਾਰਡਨਰ ਹੁਣ ਪੱਕੇ ਕਸ਼ਮੀਰੀਆਂ ਦੀ ਤਰ੍ਹਾਂ, ਪਹਿਰਾਵਾ ਤੇ ਉਸੇ ਹੀ ਖਾਜ, 'ਭੱਤਾ ਤੇ ਕੜਮ ਦੇ ਸਾਗ' ਪਰ ਜੀਵਨ ਬਿਤਾਂਦਾ ਰਿਹਾ।

ਉਸ ਪਹਾੜਨ ਦੀ ਕੁੱਖ ਤੋਂ, ਗਾਰਡਨਰ ਦੇ ਘਰ ਇਕ ਕੁੜੀ ਜਨਮੀ, ਜਿਸ ਦਾ ਨਾਮ ਉਸ ਨੇ 'ਹੈਲਨਾ' ਰਖਿਆ ਸੀ।

ਜੀਵਨ ਦੇ ਅੰਤਲੇ ਦਿਨਾਂ ਵਿਚ ਗਾਰਡਨਰ ਜੰਮੂ ਜਾ ਰਿਹਾ ਸੀ। ਉਥੇ ਹੀ ੭੬ ਸ਼ਾਲ ਦੀ ਉਮਰ ਵਿਚ ੨੨ ਜਨਵਰੀ ਸੰਨ ੧੮੭੭ ਨੂੰ ਗਾਰਡਨਰ ਦੀ 'ਅਜੀਬ' ਰੂਹ, ਜਿਸ ਨੇ ਹੈਰਾਨ ਕਰਨ ਵਾਲੇ ਕਰਤਵ ਕੀਤੇ ਸਨ, ਕਲਬੂਤ ਦੇ ਬੰਦੀਖਾਨੇ ਤੋਂ ਸਦਾ ਲਈ ਛੁਟਕਾਰਾ ਪਾ ਗਈ।

ਵਸੀਅਤ

ਗਾਰਡਨਰ ਦੀ ਅੰਤਮ ਵਸੀਅਤ ਅਨੁਸਾਰ, ਉਸ ਦੀ ਮ੍ਰਿਤਕ ਦੇਹ ਅੰਗ੍ਰੇਜ਼ੀ ਇਲਾਕੇ ਸਿਆਲਕੋਟ ਦੇ ਈਸਾਈ ਕਬਰਸਤਾਨ ਵਿਚ, ਰੋਮਨਕੈਥਲਕ, ਮਰਯਾਦਾ ਨਾਲ ਦੱਬੀ ਗਈ*।

—:—੦—:—

*ਮੇਜਰ ਸਮਾਇਥ ਲਿਖਦਾ ਹੈ ਕਿ ਗਾਰਡਨਰ ਸਿੱਖਾਂ ਦੀਆਂ ਜ਼ਰੂਰੀ ਖ਼ੁਫੀਆ ਖ਼ਬਰਾਂ ਅੰਗ੍ਰੇਜ਼ੀ ਗਵਰਨਮਿੰਟ ਨੂੰ ਕਈ ਸਾਲਾਂ ਤੋਂ ਭੇਜਦਾ ਹੁੰਦਾ ਸੀ। (ਰੇਨੰਗ ਫ਼ੈਮਲੀ ਆਫ਼ ਲਾਹੌਰ, ਭੂਮਕਾ ਸਫਾ ੧੭-੨੪)।

ਜਾਨ ਕਾਨਾਰਾ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜਾਨ ਕਾਨਾਰਾ	ਅਮ੍ਰੀਕਨ*	੧੮੩੧-੧੮੪੮	੩੫੦

ਖਾਰਾ

ਕਾਨਾਰਾ ਦਾ ਨਾਮ ਫ਼ੌਜ ਵਿਚ 'ਖਾਰਾ ਸਾਹਿਬ' ਕਰਕੇ ਪ੍ਰਸਿੱਧ ਸੀ । ਇਸ ਦਾ ਜਨਮ ੧੭੯੯ ਦਾ ਸੀ । ਇਸ ਦਾ ਪਿਤਾ ਆਇਰਲੈਂਡ ਤੋਂ ੧੭੯੭ ਵਿਚ ਅਮਰੀਕਾ ਜਾ ਵਸਿਆ । ਬਾਲਪਨ ਵਿਚ ਕਾਨਾਰਾ ਨੇ ਬਹੁਤ ਘੱਟ ਵਿਦਿਆ ਪਾਈ ਸੀ । ਜਵਾਨ ਹੋਣ ਪਰ ਨੌਕਰੀ ਦੀ ਭਾਲ ਵਿਚ ਕਈ ਦੇਸਾਂ ਦਾ ਰਟਨ ਕਰਦਾ ਹੋਇਆ ਸਨ ੧੮੩੧ ਵਿਚ ਉਹ ਗਾਰਡਨਰ ਨੂੰ ਮਿਲ ਪਿਆ ਅਤੇ ਉਹ ਦੋਵੇਂ ਉਸੇ ਸਾਲ ਪਿਸ਼ਾਵਰ ਪੁੱਜੇ ।

ਕਾਨਾਰਾ ਉਹੀ ਆਦਮੀ ਹੈ ਜਿਸ ਦਾ ਨਾਮ ਅੰਗ੍ਰੇਜ਼ੀ ਖ਼ਬਰ-ਨਵੀਸ ਨੇ ਆਪਣੀ ੧੫ ਦਸੰਬਰ ਸੰਨ ੧੮੩੧ ਦੀ ਡਾਇਰੀ ਵਿਚ ਖੋਰਾ ਲਿਖਿਆ ਹੈ† ।

ਕਾਨਾਰਾ ਫ਼ੌਜੀ ਕੰਮ ਬਹੁਤ ਸਾਧਾਰਨ ਜਾਣਦਾ ਸੀ ਇਸ ਲਈ ਉਸ ਨੂੰ ਪਹਿਲਾਂ ਕੇਵਲ ੩ ਰੁਪਏ ਰੋਜ਼ਾਨਾ ਪਰ ਤੋਪਖ਼ਾਨੇ ਵਿਚ ਗੋਲੰਦਾਜ਼ ਰੱਖ ਲਿਆ ਗਿਆ । ਫ਼ੌਜ ਦਾ ਵਧੇਰਾ ਕੰਮ ਕਾਨਾਰਾ ਨੇ ਖਾਲਸਾ ਫ਼ੌਜ ਵਿਚ ਰਹਿ ਕੇ ਸਿਖਿਆ ਅਤੇ ਇਸ ਨੇ ਛੇਕੜ ਛੋਟੇ ਕਰਨੈਲ ਦੇ ਅਹੁਦੇ ਤਕ ਤਰੱਕੀ ਕੀਤੀ ਅਤੇ ਤਲਬ ੩੫੦) ਰੁਪਏ ਮਹੀਨਾ ਨੀਯਤ ਹੋਈ।

---

*ਰੇਨੰਗ ਫ਼ੈਮਲੀ ਆਫ਼ ਲਾਹੌਰ, ਅੰਤਕਾ ਸਫ਼ਾ ੩੬ ।
†ਪੰਜਾਬ ਰੀਕਾਰਡਸ, ਜਿ : ੧੩੭ ਚਿੱਠੀ ੪੪ ।

ਕਾਨਾਰਾ ਨੂੰ ਖ਼ਾਸ ਆਗਿਆ

ਇਹ ਗੱਲ ਵੱਡੀ ਹੈਰਾਨਗੀ ਵਿਚ ਪਾਣ ਵਾਲੀ ਹੈ ਕਿ ਕਾਨਾਰਾ ਨੂੰ ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਦੇ ਬਾਅਦ ਵੀ ਕਿਸੇ ਖ਼ਾਸ ਖ਼ਿਦਮਤ ਦੇ ਬਦਲੇ ਅੰਗ੍ਰੇਜ਼ ਕਰਮਚਾਰੀਆਂ ਨੇ ਖਾਲਸਾ ਫ਼ੌਜ ਵਿਚ ਰਹਿਣ ਦੀ ਖੁਲ੍ਹ ਦੇ ਦਿੱਤੀ, ਹਾਲਾਂ ਕਿ ੧੯ ਮਾਰਚ ਸੰਨ ੧੮੪੮ ਵਾਲੇ ਮੁਲਤਾਨ ਦੇ ਰਾਮ ਰੌਲੇ ਸਮੇਂ ਕਾਨਾਰਾ ਸਰਦਾਰ ਚਤਰ ਸਿੰਘ ਜੀ ਅਟਾਰੀ ਵਾਲੇ ਦੇ ਮਾਤਹਿਤ ਹਰੀਪੁਰ ਹਜ਼ਾਰੇ ਵਿਚ ਸੀ । ਇਥੇ ਇਸਦਾ ਅੰਗ੍ਰੇਜ਼ ਪੁਲੀਟੀਕਲ ਅਫ਼ਸਰ, ਕਪਤਾਨ ਐਬਟ ਨਾਲ ਗੂੜ੍ਹਾ ਮੇਲ ਹੋ ਗਿਆ । ਜਿਸ ਦਾ ਪ੍ਰਭਾਵ ਕਾਨਾਰਾ ਪਰ ਇਥੇ ਤਕ ਪਿਆ ਕਿ ਉਹ ਆਪਣੇ ਅਫ਼ਸਰ ਸਰਦਾਰ ਚਤਰ ਸਿੰਘ ਦੇ ਹੁਕਮ ਦੇ ਅਨੁਸਾਰੀ ਰਹਿਣ ਦੀ ਥਾਂ ਕਪਤਾਨ ਐਬਟ ਦੀ ਖ਼ੁਸ਼ੀ ਪ੍ਰਾਪਤ ਕਰਨ ਵਲ ਵਧੇਰਾ ਧਿਆਨ ਦੇਣ ਲੱਗ ਪਿਆ ਜੇਹੜਾ ਅੱਗੇ ਜਾ ਕੇ ਕਾਨਾਰਾ ਦੀ ਤਬਾਹੀ ਦਾ ਕਾਰਨ ਬਣਿਆ ।

੬ ਜੁਲਾਈ ਸੰਨ ੧੮੪੮ ਦੀ ਸਵੇਰ ਨੂੰ ਸਰਦਾਰ ਚਤਰ ਸਿੰਘ ਨੇ ਇਸ ਨੂੰ ਹੁਕਮ ਦਿੱਤਾ ਕਿ ਉਹ ਆਪਣਾ ਤੋਪਖ਼ਾਨਾ ਕਿਲ੍ਹਾ ਹਰਕਿਸ਼ਨ ਗੜ੍ਹ ਦੇ ਬਾਹਰਲੇ ਮੈਦਾਨ ਵਿਚ ਪਰੇਟ ਲਈ ਲੈ ਆਏ । ਕਾਨਾਰਾ ਨੇ ਬਿਨਾਂ ਐਬਟ ਦੀ ਪ੍ਰਵਾਨਗੀ ਦੇ ਕਿਲ੍ਹੇ ਤੋਂ ਤੋਪਖ਼ਾਨਾ ਬਾਹਰ ਲਿਆਉਣ ਤੋਂ ਇਨਕਾਰ ਕਰ ਦਿੱਤਾ ।

ਕਾਨਾਰਾ ਦਾ ਕਤਲ

ਇਸ ਪਰ ਸਰਦਾਰ ਚਤਰ ਸਿੰਘ ਨੇ ਆਪਣੀ ਪਲਟਨ ਦੀਆਂ ਦੋ ਕੰਪਨੀਆਂ ਭੇਜ ਕੇ ਕਾਨਾਰਾ ਨੂੰ ਹਾਜ਼ਰ ਕਰਨ ਦਾ ਹੁਕਮ ਦਿੱਤਾ । ਸਰਦਾਰ ਚਤਰ ਸਿੰਘ ਦੇ ਭੇਜੇ ਹੋਏ ਖਾਲਸਾ ਫ਼ੌਜ ਦੇ ਜਵਾਨਾਂ ਨੂੰ ਸਾਹਮਣੇ ਆਉਂਦਾ ਦੇਖ ਕੇ ਕਾਨਾਰਾ ਨੇ ਆਪਣੇ ਤੋਪਖ਼ਾਨੇ ਦੇ ਆਦਮੀਆਂ ਨੂੰ ਹੁਕਮ ਦਿੱਤਾ ਕਿ ਉਹ ਉਹਨਾਂ ਪਰ ਗੋਲੀ ਚਲਾਣ ਪਰ ਉਸ ਦਾ

ਇਹ ਹੁਕਮ ਕਿਸੇ ਵੀ ਨਾ ਮੰਨਿਆਂ । ਇਹ ਦੇਖ ਕੇ ਕਾਨਾਰਾ ਅਤਿ ਕ੍ਰੋਧ ਵਿਚ ਆ ਗਿਆ ਤੇ ਉਸ ਨੇ ਆਪਣੇ ਇਕ ਹਵਾਲਦਾਰ ਪਰ ਤਲਵਾਰ ਦਾ ਵਾਰ ਕਰ ਦਿੱਤਾ । ਕਾਨਾਰਾ ਦੇ ਇਸ ਮੂਰਖਤਾ ਦੇ ਕੰਮ ਨੂੰ ਦੇਖ ਕੇ ਉਸ ਦੇ ਆਪਣੇ ਤੋਪਖ਼ਾਨੇ ਦੇ ਜਵਾਨ ਜੋਸ਼ ਵਿਚ ਆਪੇ ਤੋਂ ਬਾਹਰ ਹੋ ਗਏ ਅਤੇ ਕਾਨਾਰਾ ਪਰ ਹੱਲਾ ਬੋਲ ਕੇ ਉਸ ਨੂੰ ਉਥੇ ਹੀ ਟੁਕੜੇ ਟੁਕੜੇ ਕਰ ਦਿੱਤਾ । ਇਹ ਘਟਨਾ ਉਸ ਥਾਂ ਤੇ ਹੋਈ ਜਿਥੇ ਅਜ ਕਲ ਹਰੀ ਪੁਰ ਦਾ ਡਾਕ ਬੰਗਲਾ ਹੈ । ਮੇਜਰ ਪੀਅਰਸ ਲਿਖਦਾ ਹੈ ਕਿ ਕਰਨਲ ਕਾਨਾਰਾ ਦਾ ਸਿਰ ਜਿਸ ਜਵਾਨ ਨੇ ਦੇਹ ਨਾਲੋਂ ਵੱਢ ਕੇ ਸਰਦਾਰ ਚਤਰ ਸਿੰਘ ਦੇ ਸਾਹਮਣੇ ਹਾਜ਼ਰ ਕੀਤਾ, ਸਰਦਾਰ ਨੇ ਉਸ ਜਵਾਨ ਨੂੰ ਇਕ ਸੌ ਬੁਤਕੀਆਂ ਇਨਾਮ ਦਿੱਤੀਆਂ* ।

ਪੰਜਾਬ ਪਰ ਕਬਜ਼ਾ ਹੋ ਜਾਣ ਦੇ ਬਾਅਦ ਸਰ ਜੇਮਜ਼ ਐਬਟ ਨੇ ਆਪਣੇ ਖ਼ਰਚ ਪਰ ਉਸ ਥਾਂ ਪਰ ਕਾਨਾਰਾ ਦੀ ਯਾਦਗਾਰ ਲਈ ਇਕ ਬੁਰਜੀ ਬਣਵਾਈ, ਜਿਸ ਪਰ ਕਾਨਾਰਾ ਦੀ ਹਤਿਆ ਦੀ ਤਾਰੀਖ ਅੰਕਤ ਹੈ† ।

ਕਾਨਾਰਾ ਬਾਰੇ ਰੈਜ਼ੀਡੰਟ ਦੀ ਰਾਏ

ਕਾਨਾਰਾ ਦੀ ਮੌਤ ਦੇ ਉਪਰੰਤ ਐਬਟ ਨੇ ਉਸਦੇ ਟੱਬਰ ਨੂੰ ਪੈਨਸ਼ਨ ਦੇਣ ਲਈ ਸਰ ਫਰੀਡਰਕ ਕੁਰੀ, ਰੈਜ਼ੀਡੰਟ ਲਾਹੌਰ ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਸਫ਼ਾਰਸ਼ ਲਿਖ ਭੇਜੀ । ਪਰ ਸਰ ਫਰੀਡਰਕ ਬੜਾ ਦੂਰ ਦ੍ਰਿਸ਼ਟਾ ਅਫ਼ਸਰ ਸੀ ਉਸਨੇ ਐਬਟ ਨੂੰ ਸਾਫ਼ ਲਿਖ ਦਿੱਤਾ ਕਿ 'ਕਾਨਾਰਾ' ਨਾਲ ਜੋ ਬੀਤੀ ਹੈ ਉਹ ਪੂਰਾ ਨਿਆਂ ਹੋਇਆ ਹੈ । ਕਾਨਾਰਾ ਸਰਦਾਰ ਚਤਰ ਸਿੰਘ ਦੀ ਤਹਿਤ ਤੇ ਹੁਕਮ ਵਿਚ ਸੀ ਅਤੇ ਆਪਣੇ ਅਫ਼ਸਰ ਦਾ ਹੁਕਮ ਮੰਨਣਾ ਉਸਦਾ ਫ਼ਰਜ਼ ਸੀ ।

---

*ਗਾਰਡਨਰ ਸਫਾ ੩੪੯ ।

†ਹਜਾਰਾ ਗਜ਼ਟੀਆਰ ਸਫ਼ਾ ੨੩੩ ।

ਫ਼ਰੀਡਰਕ ਦੀ ਆਪਣੀ ਲਿਖਤ ਇਹ ਹੈ:-

"Kanara's fate served him perfectly right, as he was really under the orders of Chaattar Singh"

ਕਾਨਾਰਾ ਦੀ ਪਹਾੜੀ ਔਰਤ ਅਤੇ ਤਿੰਨ ਪੁਤਰ ਲਾਹੌਰ ਵਿਚ ਮੁਦਤ ਤਕ ਰਹਿੰਦੇ ਰਹੇ। ਲੇਖਕ ਨੂੰ ਉਸ ਦੇ ਇਕ ਪੁਤ੍ਰ ਨਾਲ ਗੱਲ ਬਾਤ ਕਰਨ ਦਾ ਸਮਾਂ ਮਿਲਿਆ ਸੀ। ਉਹ ਸੰਨ ੧੯੨੦ ਵਿਚ ਲੰਮੀ ਉਮਰ ਗੁਜ਼ਾਰ ਕੇ ਲਾਹੌਰ ਵਿਚ ਮੋਇਆ।

—:—o—:—

ਡੀਕੋਰਕੀ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡੀਕੋਰਕੀ	ਅਮਰੀਕਨ	੧੮੩੫	੩੫੦

ਉਸਦੀ ਕੌਮੀਅਤ ਬਾਰੇ ਸ਼ੰਕਾ

ਡੀਕੋਰਕੀ ਨੇ ਖਾਲਸਾ ਦਰਬਾਰ ਵਿਚ ਨੌਕਰ ਹੋਣ ਸਮੇਂ ਆਪਣੀ ਕੌਮੀਅਤ ਅਮਰੀਕਨ ਲਿਖਵਾਈ। ਪਰ ਖੋਜ ਤੋਂ ਪਤਾ ਲਗਾ ਹੈ ਕਿ ਅਸਲੋਂ ਇਹ ਫ਼ਰੰਗੀ ਸੀ। ਬੈਰਨ ਹੂਗਲ ਪ੍ਰਸਿੱਧ ਸੈਲਾਨੀ ਵੀ ਇਸ ਖਿਆਲ ਦੀ ਤਾਈਦ ਕਰਦਾ ਹੈ*। ਇਹ ਤੋਪਖਾਨੇ ਵਿਚ ਮੇਜਰ ਸੀ ਅਤੇ ਕਿਸੇ ਲੜਾਈ ਵਿਚ ਨਾ ਸੀ ਗਿਆ। ਛੇਤੀ ਹੀ ਇਸ ਨੂੰ ਖਾਲਸਾ ਫ਼ੌਜ ਤੋਂ ਵੱਖ ਕਰ ਦਿੱਤਾ ਗਿਆ।

—:—o—:—

*ਹੁਗਲਜ਼, ਟ੍ਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ ਸਫ਼ਾ ੭੨।

ਡਾਕਟਰ ਹਾਰਲਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡਾਕਟਰ ਹਾਰਲਨ	ਅਮਰੀਕਨ	੧੮੨੯-੧੮੩੬	੧੨੦੦

ਖਾਲਸਾ ਦਰਬਾਰ ਦੀਆਂ ਲਿਖਤਾਂ ਨੂੰ ਖੋਜਿਆਂ ਇਕ ਹੋਰ ਬਦੇਸ਼ੀ ਦੇ ਬੜੇ ਅਸਚਰਜ ਹਾਲ ਮਿਲਦੇ ਹਨ । ਇਸ ਦਾ ਨਾਮ ਹਾਰਲਨ ਸੀ। ਇਹ ਵੀ ਆਪਣੇ ਆਪ ਨੂੰ ਅਮਰੀਕਨ ਦੱਸਦਾ ਸੀ ।

ਹਾਰਲਨ ਕੰਪਨੀ ਦੀ ਨੌਕਰੀ ਵਿਚ

ਸੰਨ ੧੮੨੪ ਵਿਚ ਜਦ ਅੰਗਰੇਜ਼ਾਂ ਬਰ੍ਹਮਾਂ ਪਰ ਚੜ੍ਹਾਈ ਕੀਤੀ ਤਾਂ ਉਸ ਸਮੇਂ ਫ਼ੌਜ ਨਾਲ ਘੱਲਣ ਲਈ ਡਾਕਟਰਾਂ ਦੀ ਲੋੜ ਸੀ । ਇਸ ਕੰਮ ਨੂੰ ਚਲਾਣ ਲਈ ਕੁਝ ਵਾਧੂ ਡਾਕਟਰ ਲੜਾਈ ਦੇ ਸਮੇਂ ਲਈ ਭਰਤੀ ਕੀਤੇ ਗਏ । ਹਾਰਲਨ ਵੀ ਉਹਨਾਂ ਵਿਚੋਂ ਇਕ ਸੀ ਜਿਸ ਨੂੰ ਅਸਿਸਟੰਟ ਸਰਜਨ ਦੇ ਔਹਦੇ ਪਰ ਫ਼ੌਜ ਨਾਲ ਬਰ੍ਹਮਾਂ ਦੀ ਮੁਹਿੰਮ ਪਰ ਭੇਜਿਆ ਗਿਆ । ਇਹ ਇਸ ਨੌਕਰੀ ਪਰ ਅਗਸਤ ਸੰਨ ੧੮੨੫ ਤਕ ਰਿਹਾ । ਇਸ ਮੁਹਿੱਮ ਸਮੇਂ ਚੂੰਕਿ ਇਸ ਨੇ ਕੋਈ ਤਸੱਲੀ-ਬਖਸ਼ ਕੰਮ ਨਾ ਕੀਤਾ, ਇਸ ਲਈ ਇਸ ਨੂੰ ਬਹੁਤ ਛੇਤੀ ਇਸ ਨੌਕਰੀ ਤੋਂ ਵੱਖ ਕਰ ਦਿਤਾ ਗਿਆ ।*

ਇਸ ਦੇ ਕੁਝ ਸਮਾਂ ਬਾਅਦ ਇਕ ਲਿਖਤ ਵਿਚ ਲਿਖਿਆ ਮਿਲਦਾ ਹੈ ਕਿ ਹਾਰਲਨ ਪੁਲੀਟੀਕਲ ਏਜੰਟ ਲੁਧਿਆਣਾ ਦੇ ਸਾਹਮਣੇ ਹਾਜ਼ਰ ਹੋਇਆ ਅਤੇ ਉਸ ਤੋਂ ਰਾਹਦਾਰੀ ਮੰਗੀ ਕਿ ਉਹ ਸਤਲੁਜੋਂ ਪਾਰ ਭ੍ਵਾਵਲ ਪੁਰ ਦੇ ਰਾਹ ਪਿਸ਼ਾਵਰ ਅਤੇ ਅਫ਼ਗਾਨਿਸਤਾਨ ਜਾਣਾ ਚਾਹੁੰਦਾ ਹੈ । ਪੁਲੀਟੀਕਲ ਏਜੰਟ ਨੇ ਹਾਰਲਨ ਦੇ ਕਹਿਣੇ ਪਰ ਭਰੋਸਾ ਕਰਕੇ ਉਸ ਨੂੰ ਰਾਹਦਾਰੀ ਦੇ ਦਿਤੀ । ਹਾਰਲਨ ਜਿਨ੍ਹਾਂ ਦਿਨਾਂ ਵਿਚ ਰਾਹਦਾਰੀ

*ਕੇਜ਼ ਵਾਰਸ ਇਨ ਅਫ਼ਗਾਨਿਸਤਾਨ, ਜਿਲਦ ੧, ਸਫ਼ਾ ੨੩੦ ।

ਪ੍ਰਾਪਤ ਕਰਨ ਲਈ ਲੁਧਿਆਣੇ ਠਹਿਰਿਆ ਹੋਇਆ ਸੀ ਤਾਂ ਇਥੇ ਉਹ ਸ਼ਾਹ ਸ਼ੁਜਾਹ ਨੂੰ ਮਿਲਿਆ ।*

---

*ਸ਼ਾਹ ਸ਼ੁਜਾਹ ਵਾਲੀਏ ਕਾਬਲ, ਤੈਹਮੂਰ ਸ਼ਾਹ ਦਾ ਪੁਤਰ ਅਤੇ ਅਹਿਮਦ ਸ਼ਾਹ ਅਬਦਾਲੀ ਦਾ ਪੋਤ੍ਰਾ ਸੀ । ਇਸ ਨੂੰ ਵੱਡੇ ਭਾਈ ਜਮਾਨ ਸ਼ਾਹ ਨੇ ਸੰਨ ੧੮੦੩ ਵਿਚ ਪਿਸ਼ਾਵਰ ਦਾ ਗਵਰਨਰ ਥਾਪਿਆ ਸੀ । ਫਿਰ ਕੁਝ ਸਮੇਂ ਲਈ ਕਾਬਲ ਦੇ ਤਖ਼ਤ਼ ਪਰ ਬੈਠਾ । ਅਲਫਿਨਸਟਨ ਪ੍ਰਸਿੱਧ ਇਤਿਹਾਸ ਲੇਖਕ, ਅੰਗਰੇਜ਼ੀ ਹਕੂਮਤ ਵਲੋਂ ਉਸ ਨੂੰ ਸੰਨ ੧੮੦੯ ਨੂੰ ਪਿਸ਼ਾਵਰ ਵਿਚ ਮਿਲਿਆ ਤਾਕਿ ਅਫ਼ਗਾਨ ਅਤੇ ਅੰਗਰੇਜ਼ੀ ਹਕੂਮਤਾਂ ਵਿਚਾਲੇ ਮਿਤ੍ਰਤਾ ਦਾ ਅਹਿਦਨਾਮਾ ਲਿਖਿਆ ਜਾਏ ।

ਇਹਨਾਂ ਦਿਨਾਂ ਵਿਚ ਹੀ ਸ਼ਾਹ ਸ਼ੁਜਾਹ ਨੂੰ ਆਪਣੇ ਮਤਰੇਏ ਭਾਈ ਮਹਿਮੂਦ ਸ਼ਾਹ ਨੇ ਨਿਮਲੇ ਦੇ ਮੈਦਾਨ ਜੰਗ ਵਿਚ ਭਾਰੀ ਭਾਂਜ ਦੇ ਕੇ ਅਫ਼ਗਾਨਿਸਤਾਨ ਵਿਚੋਂ ਕੱਢ ਦਿਤਾ । ਇਹ ਭੱਜਦਾ ਹੋਇਆ ਆਪਣੇ ਵੈਰੀਆਂ ਦੇ ਹੱਥ ਚੜ੍ਹ ਗਿਆ ਅਤੇ ਉਹਨਾਂ ਇਸ ਨੂੰ ਕਸ਼ਮੀਰ ਦੇ ਕੋਹਮਾਰਾਂ ਦੇ ਪਹਾੜੀ ਕਿਲ੍ਹੇ 'ਸ਼ੇਰ ਗੜ੍ਹੀ' ਵਿਚ ਕੈਦ ਕਰ ਦਿੱਤਾ।

ਸ਼ਾਹ ਸ਼ੁਜਾਹ ਦੀਆਂ ਬੇਗ਼ਮਾਂ ਤੇ ਸਣੇ ਭਾਈ ਸ਼ਾਹ ਜ਼ਮਾਨ ਨੂੰ ਜੇਹੜਾ ਆਪਣੇ ਇਕ ਭਾਈ ਦੇ ਹਥੋਂ ਅੰਨ੍ਹਾਂ ਹੋ ਚੁਕਾ ਸੀ, ਸਣੇ ਕਈ ਸੌ ਦਾਸਾਂ ਤੇ ਦਾਸੀਆਂ ਦੇ ਮਹਾਰਾਜਾ ਰਣਜੀਤ ਸਿੰਘ ਕੋਲ ਲਾਹੌਰ ਆ ਪਨਾਹ ਲਈ । ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਖਾਲਸਾ ਫ਼ੌਜ ਕਸ਼ਮੀਰ ਭੇਜਕੇ ਕਰੜੀਆਂ ਲੜਾਈਆਂ ਦੇ ਬਾਅਦ ਸੰਨ ੧੮੧੪ ਵਿਚ ਉਸ ਨੂੰ ਅਤਾ ਮੁਹੰਮਦ ਖ਼ਾਨ ਦੀ ਕੈਦ ਤੋਂ ਛੁਡਾਕੇ ਲਾਹੌਰ ਲੈ ਆਂਦਾ । ਇਥੋਂ ਉਹ ਕੁਝ ਸਮਾਂ ਬਾਅਦ ਲੁਧਿਆਣੇ ਅੰਗ੍ਰੇਜ਼ੀ ਇਲਾਕੇ ਵਿਚ ਜਾ ਰਿਹਾ। ਇਥੇ ਉਸਨੇ ਸੰਨ ੧੮੩੩ ਨੂੰ ਮੁੜ ਕਾਬਲ ਦਾ ਤਖ਼ਤ ਪ੍ਰਾਪਤ ਕਰਨ ਲਈ ਚੜ੍ਹਾਈ ਕੀਤੀ ਪਰ ਕੰਧਾਰ ਦੇ ਮੈਦਾਨ ਵਿਚ ਅਮੀਰ ਦੋਸਤ ਮੁਹੰਮਦ ਖ਼ਾਨ ਤੋਂ ਭਾਂਜ ਖਾ ਕੇ ਮੁੜ ਲੁਧਿਆਣੇ ਆ ਰਿਹਾ । ਸੰਨ ੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫ਼ੌਜ ਤੇ ਅੰਗ੍ਰੇਜ਼ੀ ਸੈਨਾਂ ਦੀ ਸੰਮਿਲਤ ਸ਼ਕਤੀ ਨਾਲ ਅਮੀਰ ਦੋਸਤ ਮੁਹੰਮਦ ਖਾਨ ਪਰ ਫ਼ਤਹਿ ਪਾ ਕੇ ਸ਼ਾਹ ਸ਼ੁਜਾਹ ਨੂੰ ੭ ਅਗਸਤ ੧੮੩੯ ਨੂੰ ਕਾਬਲ ਦੇ ਤਖ਼ਤ ਪਰ ਬਿਠਾਇਆ ਗਿਆ, ਪਰ ਇਸ ਨੂੰ ਅਫ਼ਗਾਨਿਸਤਾਨ ਦੇ ਲੋਕ ਘ੍ਰਿਣਾਂ ਦੀ ਨਜ਼ਰ ਨਾਲ ਦੇਖਦੇ ਸਨ । ਇਸ ਨੂੰ ਮੁਹੰਮਦ ਅਕਬਰ ਖ਼ਾਨ ਦੇ ਹੁਕਮ ਨਾਲ ੫ ਅਪ੍ਰੈਲ ਸੰਨ ੧੮੪੨ ਨੂੰ ਕਾਬਲ ਵਿਚ ਮਾਰ ਦਿੱਤਾ ਗਿਆ ।

ਹਾਰਲਨ ਨਾਲ ਸ਼ਾਹ ਸ਼ੁਜਾਹ ਦੇ ਵਾਇਦੇ

ਸ਼ਾਹ ਸ਼ੁਜਾਹ ਨੂੰ ਦਿਨ ਰਾਤ ਕਾਬਲ ਦੀ ਬਾਦਸ਼ਾਹਤ ਦੀ ਪ੍ਰਾਪਤੀ ਦੀ ਤ੍ਰਿਸ਼ਨਾ ਲਗੀ ਰਹਿੰਦੀ ਸੀ। ਮਾਲੂਮ ਹੁੰਦਾ ਹੈ ਕਿ ਗੱਲਾਂ ਬਾਤਾਂ ਵਿਚ ਸ਼ਾਹ ਸ਼ੁਜਾਹ ਨੇ ਹਾਰਲਨ ਨੂੰ ਖਿਆਲੀ ਲਹਿਰਾਂ ਦੇ ਹਰੇ ਭਰੇ ਬਾਗ਼ ਦਸ ਕੇ ਉਸ ਨੂੰ ਲੋਭ ਲਹਿਰ ਵਿਚ ਐਸੀ ਡੁਬਕੀ ਦਿੱਤੀ ਕਿ ਉਸਨੂੰ ਆਪਣੇ ਨਾਲ ਮਿਲਾ ਲਿਆ। ਸ਼ਾਹ ਸ਼ੁਜਾਹ ਨੇ ਹਾਰਲਨ ਨੂੰ ਦਸਿਆ ਕਿ ਉਹ ਬਹੁਤ ਛੇਤੀ ਕਾਬਲ ਪਰ ਚੜ੍ਹਾਈ ਕਰਕੇ ਆਪਣੇ ਵਡੇ ਵਡੇਰਿਆਂ ਦੀ ਬਾਦਸ਼ਾਹਿਤ ਮੁੜ ਪ੍ਰਾਪਤ ਕਰ ਲਏਗਾ। ਉਸ ਸਮੇਂ ਸ਼ਾਹ, ਹਾਰਲਨ ਨੂੰ ਕਿਸੇ ਵੱਡੀ ਜ਼ਿਮੇਂਵਾਰੀ ਦਾ ਅਹੁਦਾ ਦੇ ਕੇ ਨਿਹਾਲ ਕਰ ਦਏਗਾ। ਹੁਣ ਚੜ੍ਹਾਈ ਤੋਂ ਪਹਿਲਾਂ ਉਸ ਨੂੰ ਇਸ ਦੀ ਸਹਾਇਤਾ ਦੀ ਲੋੜ ਹੈ। ਉਹ ਇਸ ਲੋੜ ਨੂੰ ਇਸ ਤਰ੍ਹਾਂ ਪੂਰੀ ਕਰ ਸਕਦਾ ਹੈ ਕਿ ਕਾਬਲ ਪਰ ਧਾਵੇ ਤੋਂ ਪਹਿਲਾਂ ਹਾਰਲਨ ਅਫ਼ਗਾਨਿਸਤਾਨ ਪਹੁੰਚ ਜਾਏ ਅਤੇ ਉਹ ਉਥੋਂ ਅਮੀਰ ਦੋਸਤ ਮੁਹੰਮਦ ਖ਼ਾਨ ਦੇ ਖੁਫ਼ੀਆ ਹਾਲ ਇਸ ਨੂੰ ਲਿਖਦਾ ਰਹੇ। ਇਸ ਤਰ੍ਹਾਂ ਉਸਦੀ ਸਫ਼ਲਤਾ ਲਈ ਉਹ ਰਾਹ ਸਾਫ਼ ਕਰ ਦੇਵੇ।

ਇਕੋ ਸਮੇਂ ਚਾਰ ਥਾਂ ਨੌਕਰੀ

ਹਾਰਲਨ ਨੂੰ ਹੋਰ ਕੀ ਚਾਹੀਦਾ ਸੀ, ਇਸੇ ਲਗਨ ਵਿਚ ਉਹ ਅਫ਼ਗਾਨਿਸਤਾਨ ਜਾਨ ਲਈ ਤਿਆਰ ਹੋ ਪਿਆ। ਲੁਧਿਆਣਿਓਂ ਤੁਰਨ ਤੋਂ ਪਹਿਲਾਂ ਇਸ ਨੇ ਅੰਗ੍ਰੇਜ਼ ਕਰਮਚਾਰੀਆਂ ਨਾਲ ਮਿਲਕੇ ਫ਼ੈਸਲਾ ਕਰ ਲਿਆ ਕਿ ਉਹ ਕਾਬਲ ਪਹੁੰਚ ਕੇ ਅਫ਼ਗਾਨਿਸਤਾਨ ਦੀਆਂ ਖੁਫ਼ੀਆ ਡੇਰੀਆਂ ਇਨ੍ਹਾਂ ਨੂੰ ਭੇਜਿਆ ਕਰੇਗਾ। ਇਥੇ ਹੀ ਬੱਸ ਨਹੀਂ, ਪੰਜਾਬ ਵਿਚੋਂ ਲੰਘਦਿਆਂ ਲੱਗਦੇ ਹੱਥ ਹਾਰਲਨ ਨੇ ਖਾਲਸਾ ਸਲਤਨਤ ਦੇ ਜ਼ਿੰਮੇਂਵਾਰਾਂ ਨਾਲ ਵੀ ਗੱਲ ਬਾਤ ਕਰ ਲਈ ਕਿ ਉਹ ਖਾਲਸੇ ਵਲੋਂ ਕਾਬਲ ਵਿਚ ਖ਼ੁਫ਼ੀਆ ਏਜੰਟ ਬਣ ਕੇ ਰਹੇਗਾ। ਪਰ ਸਭ ਤੋਂ ਵਧ ਕੇ

ਕਮਾਲ ਜੋ ਹਾਰਲਨ ਨੇ ਦੱਸਿਆ ਉਹ ਇਹ ਸੀ ਕਿ ਕਾਬਲ ਪਹੁੰਚ ਕੇ ਉਸ ਨੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਵੀ ਐਸਾ ਹੀ ਚਕਮਾ ਦਿੱਤਾ ਤੇ ਉਥੇ ਉਸ ਨੇ ਉਸ ਦਾ ਭੀ ਭਰੋਸਾ ਪ੍ਰਾਪਤ ਕਰ ਲਿਆ ਅਤੇ ਅਮੀਰ ਨੂੰ ਦੱਸਿਆ ਕਿ ਉਹ ਅੰਗ੍ਰੇਜ਼ਾਂ ਅਤੇ ਖਾਲਸਾ ਦਰਬਾਰ ਦੇ ਅੰਦਰਲੇ ਹਾਲ ਵਾਲੀਏ ਕਾਬਲ ਨੂੰ ਪਹੁੰਚਾਂਦਾ ਰਹੇਗਾ ।

ਹੁਣ ਹਾਰਲਨ ਪੂਰੀਆਂ ਚਾਰ ਤਾਕਤਾਂ ਦਾ ਇਕੋ ਸਮੇਂ ਖ਼ੁਫ਼ੀਆ ਖ਼ਬਰ-ਰਸਾਨ ਬਣ ਗਿਆ । ਇਸ ਤੋਂ ਪਹਿਲਾਂ ਇਕ ਯਾ ਵਧ ਤੋਂ ਵਧ ਦੋਹਾਂ ਮਾਲਕਾਂ ਦਾ ਨੌਕਰ ਹੋਣਾ ਤਾਂ ਅਸਾਂ ਸੁਣਿਆ ਹੈ, ਪਰ ਇਕੋ ਸਮੇਂ ਚਵ੍ਹਾਂ ਮਾਲਕਾਂ ਨੂੰ ਹੱਥਾਂ ਵਿਚ ਨਚਾ ਕੇ ਸਭ ਤੋਂ ਤਲਬ ਪਾਉਣ ਦੇ ਕਮਾਲ ਦਾ ਫਖਰ ਕੇਵਲ ਹਾਰਲਨ ਨੂੰ ਹੀ ਪ੍ਰਾਪਤ ਸੀ ।

ਹਾਰਲਨ ਦੀ ਜਾਦੂਗਰੀ ਦਾ ਰਾਜ ਖੁਲ੍ਹਣਾ

ਮਾਲੂਮ ਹੁੰਦਾ ਹੈ ਕਿ ਹਾਰਲਨ ਦੀ ਇਹ ਜਾਦੂਗਰੀ ਬਹੁਤ ਦੇਰ ਤਕ ਨਾ ਚੱਲ ਸਕੀ ਛੇਤੀ ਹੀ ਇਸ ਦਾ ਪਾਜ ਖੁਲ੍ਹ ਗਿਆ । ਇਸ ਬਾਰੇ ਪੰਜਾਬ ਰੀਕਾਰਡਸ ਵਿਚ ਕਰਨਲ ਵੈਡ ਪੁਲੀਟੀਕਲ ਏਜੰਟ ਲੁਧਿਆਨਾ ਦਾ, ੩ ਫਰਵਰੀ ਸੰਨ ੧੮੨੯ ਦਾ ਇਕ ਖਤ ਮਿਲਦਾ ਹੈ ਜਿਸ ਵਿਚ ਉਸ ਨੇ ਗਵਰਨਮਿੰਟ ਆਫ਼ ਇੰਡੀਆ ਨੂੰ ਲਿਖਿਆ ਹੈ ਕਿ ਹਾਰਲਨ ਨਾਲ ਅਗੇ ਨੂੰ ਕੋਈ ਚਿੱਠੀ ਪੱਤਰ ਕਰਨ ਦਾ ਸਬੰਧ ਨਾ ਰਖਿਆ ਜਾਏ । ਕਿਉਂਕਿ ਮੈਨੂੰ ਪਤਾ ਲੱਗਾ ਹੈ ਕਿ ਉਹ ਅੰਗਰੇਜ਼ੀ ਸਰਕਾਰ ਦੇ ਖਤ ਕਾਬਲ ਦੀ ਹਕੂਮਤ ਨੂੰ ਦੱਸਕੇ ਉਨ੍ਹਾਂ ਦੀ ਅਯੋਗ ਵਰਤੋਂ ਕਰਦਾ ਹੈ* ।

ਪੰਜਾਬ ਵਿਚ ਆਉਣਾ

ਇਸ ਦੇ ਕੁਝ ਦਿਨਾਂ ਬਾਅਦ ਮਾਰਚ ਸੰਨ ੧੮੨੯ ਵਿਚ ਹਾਰਲਨ

*ਸੋਹਨ ਲਾਲ ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ ।

ਇਕਾ-ਇਕ ਲਾਹੌਰ ਪਹੁੰਚ ਗਿਆ ਅਤੇ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਬਿਨੈ ਕੀਤੀ ਕਿ ਉਸ ਨੂੰ ਕੋਈ ਨੌਕਰੀ ਬਖ਼ਸ਼ ਕੇ ਉਸ ਦੀ ਪ੍ਰਿਤਪਾਲਨਾ ਕੀਤੀ ਜਾਏ ।

ਸੋਹਨ ਲਾਲ ਦੀ ਲਿਖਤ ਤੋਂ ਪਤਾ ਮਿਲਦਾ ਹੈ ਕਿ ਮਹਾਰਾਜਾ ਸਾਹਿਬ ਨੇ ਇਸ ਦੀ ਦੀਨਤਾ ਨੂੰ ਦੇਖ ਕੇ ਇਸ ਨੂੰ ਨੌਕਰ ਰਖ ਲਿਆ। ਮਾਲੂਮ ਹੁੰਦਾ ਹੈ ਕਿ ਸ਼ੇਰਿ ਪੰਜਾਬ ਨੂੰ ਵੀ ਇਸ ਦੇ ਆਚਰਨ ਬਾਬਤ ਸ਼ੱਕ ਸੀ । ਕਿਉਂਕਿ ਇਸ ਨੂੰ ਨੌਕਰ ਰੱਖਣ ਤੋਂ ਪਹਿਲਾਂ ਇਸ ਨੂੰ ਅੰਜੀਲ ਪਰ ਸੁਗੰਧ ਦਿਤੀ ਸੀ ਕਿ ਉਹ ਅਗੇ ਨੂੰ ਕਿਸੇ ਹੋਰ ਬਾਹਰਲੀ ਤਾਕਤ ਨਾਲ ਕੋਈ ਚਿੱਠੀ ਪੱਤਰ ਦਾ ਸੰਬੰਧ ਨਹੀਂ ਰਖੇਗਾ ਅਤੇ ਖਾਲਸੇ ਦਾ ਵਫ਼ਾਦਾਰ ਨੌਕਰ ਰਹੇਗਾ* ।

ਅੰਜੀਲ ਦੀ ਸੁਗੰਧ ਅਤੇ ਲਿਖਤੀ ਪ੍ਰਣ ਪੱਤਰ ਦੇ ਪੂਰ ਕਰਨ ਦੇ ਉਪਰੰਤ ਮਹਾਰਾਜੇ ਨੇ ਇਸ ਨੂੰ ਪਹਾੜੀ ਇਲਾਕਾ ਜਸਰੋਟਾ ਆਦਿ ਦੇ ਮੁਲਕੀ ਪ੍ਰਬੰਧ ਲਈ ਭੇਜ ਦਿਤਾ ।

ਇਸ ਇਲਾਕੇ ਵਿਚ ਹਾਰਲਨ ਕੋਈ ਤਿੰਨ ਸਾਲ ਰਿਹਾ ਪਰ ਇਥੋਂ ਦੀ ਪਰਜਾ ਉਸ ਦੇ ਵਰਤਾਵ ਤੋਂ ਡਾਢੀ ਦੁਖੀ ਹੋ ਗਈ । ਛੇਕੜ ਇਸ ਬਾਰੇ ਪਰਜਾ ਦੇ ਕੁਝ ਮੁਖੀ ਇਕੱਠੇ ਹੋ ਕੇ ਲਾਹੌਰ ਆਏ ਤੇ ਮਹਾਰਾਜੇ ਪਾਸ ਹਾਰਲਨ ਦੀ ਸ਼ਕਾਇਤ ਕੀਤੀ । ਸ਼ੇਰਿ ਪੰਜਾਬ ਨੇ ਪੁਛ ਪੜਤਾਨ ਦੇ ਬਾਅਦ ਜਦ ਫਰਿਆਦ ਠੀਕ ਸਮਝੀ ਤਾਂ ਹਾਰਲਨ ਨੂੰ ਮਈ ਸੰਨ ੧੮੩੨ ਵਿਚ ਉਥੋਂ ਗੁਜਰਾਤ ਦੇ ਕਾਰਦਾਰ ਦੇ ਅਹੁਦੇ ਪਰ ਬਦਲ ਦਿੱਤਾ ।

ਗੁਜਰਾਤ ਵਿਚ ਬਦਲੀ

ਗੁਜਰਾਤ ਵਿਚ ਪਹੁੰਚਿਆਂ ਅਜੇ ਇਸ ਨੂੰ ਬਹੁਤਾ ਸਮਾਂ ਨਹੀਂ

*ਪੰਜਾਬ ਰੀਕਾਰਡਸ, ਜਿਲਦ ੧੧੫, ਚਿੱਠੀ ੪੯੭ ।

ਸੀ ਬੀਤਿਆ ਕਿ ਇਥੇ ਇਸ ਨੂੰ ਪ੍ਰਸਿੱਧ ਸੈਲਾਨੀ ਡਾਕਟਰ ਵੂਲਫ ਮਿਲਿਆ ਜਿਸ ਨੇ ਹਾਰਲਨ ਬਾਰੇ ਆਪਣੇ ਸਫ਼ਰਨਾਮੇ ਵਿਚ ਇਕ ਲਿਖਤ ਲਿਖੀ ਹੈ ਜਿਸ ਵਿਚ ਉਹ ਲਿਖਦਾ ਹੈ ਕਿ ਜਦ ਉਹ ਅਟਕ ਵਲੋਂ ਪੰਜਾਬ ਵਿਚ ਸਫ਼ਰ ਕਰਦਾ ਹੋਇਆ ਗੁਜਰਾਤ ਪੁਜਾ ਤਾਂ ਉਥੇ ਉਸ ਨੂੰ ਇਕ ਆਦਮੀ ਯੂਰਪੀਨ ਪੁਸ਼ਾਕ ਵਿਚ ਮਿਲਿਆ। ਮੇਰੇ ਪੁਛਣ ਪਰ ਉਸ ਨੇ ਮੈਨੂੰ ਅੰਗਰੇਜ਼ੀ ਭਾਸ਼ਾ ਵਿਚ ਬੋਲਕੇ ਦਸਿਆ ਕਿ ਉਸ ਦਾ ਨਾਮ ਜੋਸ਼ੀਆ ਹਾਰਲਨ ਹੈ ਅਤੇ ਉਹ ਅਮਰੀਕਨ ਹੈ। ਉਹ ਸ਼ੇਰਿ ਪੰਜਾਬ ਵਲੋਂ ਗੁਜਰਾਤ ਦੀ ਨਜ਼ਾਮਤ ਦੇ ਅਹੁਦੇ ਪਰ ਹੈ*।

ਪਰਜਾ ਦੀ ਫਰਿਆਦ

ਹਾਰਲਨ ਨੂੰ ਗੁਜਰਾਤ ਵਿਚ ਨੌਕਰੀ ਕਰਦਿਆਂ ਅਜੇ ਕੁਝ ਮਹੀਨੇ ਹੀ ਬੀਤੇ ਸਨ ਕਿ ਇਸ ਦੇ ਹੰਕਾਰੀ ਸੁਭਾ ਅਤੇ ਅਯੋਗ ਵਰਤਾਵ ਤੋਂ ਤੰਗ ਹੋਕੇ ਇਥੋਂ ਦੀ ਪਰਜਾ ਨੇ ਮਹਾਰਾਜਾ ਸਾਹਿਬ ਦੇ ਦੁਆਰੇ ਫਰਿਆਦ ਕੀਤੀ।

ਸ਼ੇਰਿ ਪੰਜਾਬ ਆਪਣੇ ਕਰਮਚਾਰੀਆਂ ਦੀਆਂ ਹੋਰ ਕਈ ਭੁਲਾਂ ਤੇ ਸ਼ਕਾਇਤਾਂ ਸਹਾਰ ਲੈਂਦਾ ਸੀ, ਪਰ ਪਰਜਾ ਨਾਲ ਅਯੋਗ ਵਰਤਾਵ ਇਕ ਪਲ ਲਈ ਵੀ ਨਾ ਸੀ ਝੱਲ ਸਕਦਾ। ਮਹਾਰਾਜਾ ਸਾਹਿਬ ਨੇ ਉਸੇ ਵਕਤ ਸਾਂਡਨੀ ਸਵਾਰ ਭੇਜਕੇ ਹਾਰਲਨ ਨੂੰ ਲਾਹੌਰ ਹਾਜ਼ਰ ਹੋਣ ਲਈ ਫੁਰਮਾਨ ਭੇਜਿਆ।

ਉਸ ਦੇ ਲਾਹੌਰ ਪਹੁੰਚਣ ਪਰ ਯੋਗ ਪੁਛ ਪੜਤਾਲ ਦੇ ਬਾਅਦ ਹਾਰਲਨ ਦੋਸ਼ੀ ਸਾਬਤ ਹੋਇਆ। ਇਸ ਸਮੇਂ ਸਰਕਾਰ ਨੇ ਕਰੜੇ ਸ਼ਬਦਾਂ ਵਿਚ ਇਸ ਨੂੰ ਤਾੜਨਾ ਦਿੱਤੀ ਅਤੇ ਅਗੇ ਨੂੰ ਆਪਣੇ ਰਵਈਏ ਨੂੰ ਬਹੁਤ

---

* ਦੀ ਟ੍ਰੈਵਲ਼ ਐਂਡ ਐਡਵਾਂਚਰਜ਼ ਆਫ਼ ਡਾਕਟਰ ਵੂਲਫ ਜਿ: ੨ ਸ: ੨੬੧।

ਛੇਤੀ ਬਦਲ ਦੇਣ ਦਾ ਹੁਕਮ ਦਿਤਾ* ।

ਰੁਪਿਆ ਲੁੱਟਣ ਦੇ ਫੰਧੇ

ਹਾਰਲਨ ਨੂੰ ਹੁਣ ਰੁਪਿਆ ਬਟੋਰਨ ਦੀ ਇਕ ਅਸਚਰਜ ਵਿਉਂਤ ਸੁਝੀ । ਉਹ ਇਸ ਤਰ੍ਹਾਂ ਹੈ ਕਿ ਇਸ ਨੇ ਪ੍ਰਗਟ ਕੀਤਾ ਕਿ ਉਹ ਵਿਗਿਆਨਕ ਵਿਦਿਆ ਦੇ ਹੁਨਰ ਨਾਲ ਜਿਸਤ ਨਾਲ ਇਕ ਹੋਰ ਧਾਤ ਮਿਲਾ ਕੇ ਚਾਂਦੀ ਬਣਾ ਸਕਦਾ ਹੈ । ਇਹ ਗੱਲ ਕਿਸੇ ਤਰ੍ਹਾਂ ਸ਼ੇਰਿ ਪੰਜਾਬ ਦੇ ਕੰਨਾਂ ਤਕ ਪਹੁੰਚਾਈ ਗਈ । ਮਹਾਰਾਜਾ ਸਾਹਿਬ ਉਸ ਸਮੇਂ ਦੇ ਪ੍ਰਸਿੱਧ ਵਿਚਾਰਵਾਨਾਂ ਵਿਚੋਂ ਮੰਨੇ ਜਾਂਦੇ ਸਨ, ਸਰਕਾਰ ਨੂੰ ਧੋਖਾ ਦੇਣਾ ਕੋਈ ਸੋਖਾ ਕੰਮ ਨਹੀਂ ਸੀ ।

ਮਹਾਰਾਜਾ ਸਾਹਿਬ ਨੇ ਬਿਲਾਸ ਦੇ ਤੌਰ ਪਰ ਹਾਰਲਨ ਦੀ ਇਸ ਕਥਨੀ ਬਾਰੇ ਹਾਨਿਗਬਰਗਰ ਨਾਲ ਗੱਲ ਕੀਤੀ, ਤਾਂ ਉਸ ਨੇ ਮਹਾਰਾਜਾ ਨੂੰ ਦਸਿਆ ਕਿ ਸਰਕਾਰ ਦਾ ਖਿਆਲ ਠੀਕ ਹੈ; ਹਾਰਲਨ ਦਾ ਜਿਸਤ ਤੋਂ ਚਾਂਦੀ ਬਨਾਉਣੀ ਧੋਖਾ ਹੈ । ਉਹ ਇਸ ਠੱਗੀ ਨਾਲ ਰੁਪਿਆ ਠੱਗਣਾ ਚਾਹੁੰਦਾ ਹੈ† ।

ਇਸ ਦੇ ਪਿਛੋਂ ਮੁੜ ਖਾਲਸਾ ਦਰਬਾਰ ਦੇ ਕਾਗ਼ਜ਼ਾਂ ਵਿਚ ਹਾਰਲਨ ਦਾ ਨਾਮ ਸੰਨ ੧੮੩੫ ਦੀਆਂ ਲਿਖਤਾਂ ਵਿਚ ਮਿਲਦਾ ਹੈ ।

ਇਸ ਸਮੇਂ ਅਮੀਰ ਦੋਸਤ ਮੁਹੰਮਦ ਖਾਨ ਦੇ ਪਿਸ਼ਾਵਰ ਨੂੰ ਮੁੜ ਖਾਲਸੇ ਤੋਂ ਪ੍ਰਾਪਤ ਕਰਨ ਦੇ ਅਸਫ਼ਲ ਧਾਵੇ ਦੇ ਉਪਰੰਤ ਫ਼ਕੀਰ ਅਜ਼ੀਜ਼ੋਦੀਨ ਦੀ ਤਹਿਤ ਵਿਚ ਹਾਰਲਨ ਹੱਦ-ਬੰਨਾ ਕਾਇਮ ਕਰਨ ਲਈ ਭੇਜਿਆ ਗਿਆ ।

---

*ਹੈਨਰੀ ਲਾਰੰਸ ਐਡਵਾਂਚਰਜ਼ ਬਾਈ ਐਨ ਅਫ਼ੀਸਰ ਇਨ ਦੀ ਪੰਜਾਬ, ਜਿਲਦ ੧, ਸਫ਼ਾ ੨੯੭; ਸੋਹਨ ਲਾਲ ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ ।

†ਥਰਟੀਫਾਈਵ ਯੀਅਰਸ ਇਨ ਦੀ ਈਸਟ, ਸਫ਼ਾ ੫੫ ।

ਪੰਜਾਬ ਤੋਂ ਨਿਕਾਲਾ

ਸੰਨ ੧੮੩੬ ਦੀ ਬਸੰਤੀ ਰੁਤੇ ਸ਼ੇਰਿ ਪੰਜਾਬ ਪਰ ਹਲਕਾ ਜਿਹਾ ਲਕਵੇ ਦਾ ਹਮਲਾ ਹੋਇਆ । ਜਿਹਾ ਕਿ ਅਸੀਂ ਪਿਛੇ ਦੱਸ ਆਏ ਹਾਂ, ਹਾਰਲਨ ਆਪਣੀ ਯੋਗਤਾ ਤੇ ਵਿਦਤਾ ਬਾਰੇ ਵੱਡੀਆਂ ਲਾਫਾਂ ਮਾਰਦਾ ਹੁੰਦਾ ਸੀ ਇਹ ਉਸ ਦਾ ਸੁਭਾ ਬਣ ਗਿਆ ਸੀ । ਇਸ ਸਮੇਂ ਵੀ ਉਸਨੇ ਇਹ ਨਿਰਮੂਲ ਫੜ ਮਾਰੀ ਕਿ ਉਹ ਕੇਵਲ ਡਾਕਟਰ ਹੀ ਨਹੀਂ ਸਗੋਂ ਰਸਾਇਣੀ ਵਿਦਿਆ ਵਿਚ ਵੀ ਵੱਡੀ ਨਿਪੁੰਨਤਾ ਰੱਖਦਾ ਹੈ । ਉਹ ਭਸਮ ਕੀਤੀਆਂ ਹੋਈਆਂ ਧਾਤਾਂ ਅਤੇ ਸਾਧੀਆਂ ਹੋਈਆਂ ਜੜੀ ਬੂਟੀਆਂ ਨਾਲ ਬੇ-ਇਲਾਜ ਰੋਗੀਆਂ ਨੂੰ ਅਰੋਗ ਕਰ ਸਕਦਾ ਹੈ ।

ਸ਼ੇਰਿ ਪੰਜਾਬ ਤਕ ਜਦ ਇਹ ਗੱਲ ਪਹੁੰਚੀ ਤਾਂ ਸਰਕਾਰ ਨੇ ਇਸ ਫੜ ਨੂੰ ਵੀ ਚਾਂਦੀ ਬਨਾਉਣ ਵਾਲੀ ਗੱਪ ਤੋਂ ਵਧ ਤੋਲ ਨਾ ਦਿੱਤਾ। ਪਰ ਇਸ ਦੇ ਇਸ ਝੂਠੇ ਦਾਅਵੇ ਨੂੰ ਸਭ ਦੇ ਸਾਹਮਣੇ ਪ੍ਰਗਟ ਕਰਨ ਲਈ ਹਾਰਲਨ ਨੂੰ ਸੱਦ ਭੇਜਿਆ ਕਿ ਲਾਹੌਰ ਆ ਕੇ ਆਪਣੇ ਇਸ ਕਥਨ ਦਾ ਸਬੂਤ ਦੇਵੇ ਪਰ ਚੂੰਕਿ ਉਸ ਦਾ ਇਹ ਬਹਾਨਾ ਨਿਰਮੂਲ ਸੀ । ਆਪਣੇ ਆਪ ਨੂੰ ਸ਼ਰਮਿੰਦਗੀ ਤੋਂ ਬਚਾਣ ਲਈ ਆਈਂ ਸ਼ਾਈਂ ਕਰਨ ਲੱਗਾ ਅਰਥਾਤ ਆਪਣੇ ਡਾਕਟਰੀ ਪੇਸ਼ੇ ਅਤੇ ਸਭਯਤਾ ਦੇ ਉਲਟ ਬਜਾਏ ਇਸ ਦੇ ਕਿ ਉਹ ਆਪਣੇ ਹੁਨਰ ਤੋਂ ਕਿਸੇ ਰੋਗੀ ਨੂੰ ਲਾਭ ਪਹੁੰਚਾਏ। ਇਸ ਸਮੇਂ ਇਸ ਨੇ ਇਹ ਅੜਿੱਕਾ ਡਾਹਿਆ ਕਿ ਇਸ ਇਲਾਜ ਲਈ ਮੈਨੂੰ ਪਹਿਲਾਂ ਇਕ ਲੱਖ ਰੁਪਿਆ ਗਿਣ ਕੇ ਦਿੱਤਾ ਜਾਏ ਤਦ ਮੈਂ ਮਹਾਰਾਜਾ ਦਾ ਇਲਾਜ ਕਰਾਂਗਾ ।

ਮਹਾਰਾਜਾ ਸਾਹਿਬ ਨੂੰ ਜਦ ਹਾਰਲਨ ਦੇ ਇਸ ਅਸਭਿਅਤ ਉੱਤ੍ਰ ਦਾ ਪਤਾ ਲੱਗਾ ਤਾਂ ਸਰਕਾਰ ਨੇ ਉਸ ਦੀ ਇਸ ਗੱਲ ਨੂੰ ਬੜਾ ਅਯੋਗ ਸਮਝਿਆ ਅਤੇ ਆਖਿਆ ਜੇਹੜਾ ਆਦਮੀ ੧੨੦੦) ਰੁਪਏ ਮਹੀਨਾ ਤਲਬ ਲੈ ਕੇ ਵੀ ਆਪਣੇ ਫ਼ਰਜ਼ ਦੇ ਪੂਰੇ ਕਰਨ ਵਿਚ ਐਨਾ ਗਾਫਲ

ਹੈ ਉਸ ਨੂੰ ਨੌਕਰੀ ਵਿਚ ਰੱਖਣ ਦੀ ਕੀ ਲੋੜ ਹੈ । ਇਸ ਤੋਂ ਬਿਨਾਂ ਗੁਜਰਾਤ ਦੀ ਜਨਤਾ ਦੀਆਂ ਸ਼ਕਾਇਤਾਂ ਅਜੇ ਵੀ ਬਾਕੀ ਸਨ । ਇਹਨਾਂ ਸਾਰੀਆਂ ਗੱਲਾਂ ਨੂੰ ਮੁਖ ਰਖ ਕੇ ਸ਼ੇਰਿ ਪੰਜਾਬ ਨੇ ਹੁਕਮ ਦਿੱਤਾ ਕਿ ਹਾਰਲਨ ਦਾ ਹਿਸਾਬ ਚੁਕਾ ਕੇ ਇਸ ਨੂੰ ਖਾਲਸਾ ਰਾਜ ਦੀ ਹੱਦ ਵਿਚੋਂ ਕੱਢ ਦਿੱਤਾ ਜਾਏ, ਹੁਕਮ ਦੀ ਪਾਲਨਾ ਕੀਤੀ ਗਈ ।

ਹਾਰਲਨ ਨੂੰ ਖਾਲਸਾ ਰਾਜ ਤੋਂ ਦੇਸ–ਨਿਕਾਲਾ ਮਿਲਣ ਪਰ ਉਹ ਪਹਿਲਾਂ ਕੁਝ ਸਮਾਂ ਲੁਧਿਆਣੇ ਰਿਹਾ । ਇਥੋਂ ਭਾਵਲਪੁਰ ਦੇ ਰਾਹ ਆਪਣੇ ਪਹਿਲੇ ਮਾਲਕ ਅਮੀਰ ਦੋਸਤ ਮੁਹੰਮਦ ਖ਼ਾਨ ਪਾਸ ਕਾਬਲ ਜਾ ਪੁੱਜਾ ।

ਹਾਰਲਨ ਬਾਰੇ ਹਾਂਨਿਗਬਰਗਰ ਦੀ ਰਾਏ

ਹਾਰਲਨ ਬਾਰੇ ਡਾਕਟਰ ਹਾਂਨਿਗਬਰਗਰ ਲਿਖਦਾ ਹੈ ਕਿ ਉਹ ਧੋਖਾਬਾਜ਼ੀ ਅਤੇ ਨਾਜਾਇਜ਼ ਤਰੀਕਿਆਂ ਨਾਲ ਪੰਜਾਬ ਵਿਚੋਂ ਰੁਪਿਆ ਲੁਟਦਾ ਰਿਹਾ ਸੀ* ।

ਡਾਕਟਰ ਮੈਕਗ੍ਰੈਗਰ, ਜੇਹੜਾ ਇਨ੍ਹਾਂ ਦਿਨਾਂ ਵਿਚ ਮਹਾਰਾਜਾ ਸਾਹਿਬ ਦੇ ਇਲਾਜ ਲਈ ਲਾਹੌਰ ਆਇਆ ਹੋਇਆ ਸੀ, ਹਾਰਲਨ ਬਾਰੇ ਹਾਂਨਿਗਬਰਗਰ ਦੀ ਉਪਰੋਕਤ ਰਾਏ ਦੀ ਪੁਸ਼ਟੀ ਕਰਦਾ ਹੈ† ।

ਮੁਕਦੀ ਗੱਲ ਇਹ ਕਿ ਹਾਰਲਨ ਆਪਣੇ ਸਮੇਂ ਦਾ ਇਕ ਅਸਚਰਜ ਮਨੁੱਖ ਸੀ ।

—:–o–:—

*ਥਰਟੀ ਫਾਈਵ ਯੀਅਰਸ ਇਨ ਦੀ ਈਸਟ, ਸਫ਼ਾ ਪਪ ।

†ਹਿਸਟਰੀ ਆਫ ਦੀ ਸਿਖਸ, ਜਿਲਦ ੧, ਸਫ਼ਾ ੨੭੪ ।

ਹੰਗੇਰੀਅਨ ਕਾਰਿੰਦੇ

ਡਾਕਟਰ ਮਾਰਟਨ ਹਾਂਨਿਗਬਰਗਰ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡਾ:ਮਾਰਟਨ ਹਾਂਨਿਗਬਰਗਰ	ਹੰਗੇਰੀਅਨ	੧੮੨੯- ੧੮੪੫	੩੦੦੦

ਡਾਕਟਰ ਮਾਰਟਨ ਹਾਂਨਿਗਬਰਗਰ ਦਾ ਨਾਮ ਖਾਲਸਾ ਰਾਜ ਦੀਆਂ ਲਿਖਤਾਂ ਵਿਚ ਮਾਰਟਨ ਸਾਹਿਬ ਲਿਖਿਆ ਮਿਲਦਾ ਹੈ । ਇਸ ਦਾ ਜਨਮ ਕ੍ਰੋਨਸਟੇਡਟ, Kronstadt ਹੰਗਰੀ ਵਿਚ ਸੰਨ ੧੭੯੫ ਵਿਚ ਹੋਇਆ ਅਤੇ ੨੦ ਸਾਲ ਦੀ ਉਮਰ ਤਕ ਇਹ ਵਿਦਿਆ ਪ੍ਰਾਪਤ ਕਰਦਾ ਰਿਹਾ ।

ਹਾਂਨਿਗਬਰਗਰ ਦਾ ਸੁਭਾ ਮੁਢੋਂ ਕੁਝ ਸੈਲਾਨੀ ਜਿਹਾ ਹੋਣ ਦੇ ਕਾਰਨ ਸੰਨ ੧੮੧੫ ਵਿਚ ਇਹ ਘਰੋਂ ਨਿਕਲ ਪਿਆ ਅਤੇ ਲਗ ਪਗ ਇਕ ਸਾਲ ਵਿਚ ਸਾਰੇ ਯੂਰਪ ਦੇ ਵੱਡੇ ਵੱਡੇ ਸ਼ਹਿਰਾਂ ਦੀ ਯਾਤਰਾ ਕਰਦਾ ਹੋਇਆ ਸੰਨ ੧੮੧੬ ਨੂੰ ਕਾਹਿਰਾ (ਮਿਸਰ) ਪਹੁੰਚ ਗਿਆ । ਇਥੇ ਮਿਸਰੀ ਫ਼ੌਜ ਵਿਚ ਨੌਕਰ ਹੋ ਗਿਆ ।

ਮਿਸਰ ਵਿਚ ਰਹਿੰਦਿਆਂ ਇਸ ਨੂੰ ਕੋਈ ਇਕ ਸਾਲ ਬੀਤਿਆ ਸੀ ਕਿ ਇਥੇ ਇਸ ਨੂੰ ਪਤਾ ਲੱਗਾ ਕਿ ਬਗ਼ਦਾਦ ਦੇ ਨਾਜ਼ਮ ਨੂੰ ਇਕ ਡਾਕਟਰ ਦੀ ਲੋੜ ਹੈ । ਹਾਂਨਿਗਬਰਗਰ ਵਧੇਰੀ ਤਲਬ ਦੀ ਆਸ ਪਰ ਮਿਸਰ ਦੀ ਨੌਕਰੀ ਛੱਡ ਕੇ ਬਗ਼ਦਾਦ ਵੱਲ ਤੁਰ ਪਿਆ ।

ਬਗ਼ਦਾਦ ਪਹੁੰਚਣਾ

ਡਾਕਟਰ ਹਾਂਨਿਗਬਰਗਰ ਆਪ ਲਿਖਦਾ ਹੈ ਕਿ ਬਗ਼ਦਾਦ ਪਹੁੰਚਣ ਤਕ ਦਾ ਸਫ਼ਰ ਉਸ ਹਾਜੀਆਂ ਦੇ ਰੂਪ ਵਿਚ ਕੀਤਾ । ਇਸ ਦਾ ਇਸ ਨੂੰ ਇਹ ਲਾਭ ਹੋਇਆ ਕਿ ਜਿਥੇ ਉਹ ਰਾਹ ਦੀ ਲੁੱਟ ਮਾਰ ਤੋਂ ਬਚਦਾ ਰਿਹਾ ਉਥੇ ਨਾਲ ਹੀ ਇਸਲਾਮੀ ਮਰਯਾਦਾ ਤੋਂ ਵੀ ਕੁਝ ਕੁ ਜਾਣੂੰ ਹੋ ਗਿਆ, ਜੋ ਇਸ ਲਈ ਅੱਗੇ ਜਾ ਕੇ ਲਾਭਦਾਇਕ ਸਿੱਧ ਹੋਈ।

ਬਗ਼ਦਾਦ ਪਹੁੰਚਦਿਆਂ ਹੀ ਹਾਂਨਿਗਬਰਗਰ ਨੂੰ ਨੌਕਰੀ ਮਿਲ ਗਈ । ਕੁਝ ਸਮੇਂ ਦੇ ਬਾਅਦ ਉਸ ਨੂੰ ਤੁਰਕੀ ਫ਼ੌਜ ਨਾਲ ਇਰਾਕ ਵੱਲ ਭੇਜਿਆ ਗਿਆ । ਇਹ ਲਸ਼ਕਰ ਉਥੋਂ ਦੀ ਬਗ਼ਾਵਤ ਨੂੰ ਦਬਾਣ ਲਈ ਗਿਆ ਸੀ ।

ਦਰਦਨਾਕ ਨਜ਼ਾਰਾ

ਇਸ ਸਮੇਂ ਤੁਰਕਾਂ ਨੇ ਅਰਬਾਂ ਪਰ ਉਹ ਕਹਿਰ ਦੀ ਕਠੋਰਤਾ ਵਰਤੀ, ਜਿਸਨੂੰ ਦੇਖਕੇ ਪੱਥਰ ਦਿਲ ਮਨੁੱਖ ਦੇ ਵੀ ਹਿਰਦੇ ਪੰਘਰ ਗਏ।

ਡਾਕਟਰ ਲਿਖਦਾ ਹੈ ਥਾਓਂ ਥਾਈਂ ਅਰਬਾਂ ਦੀਆਂ ਲੋਥਾਂ ਦੇ ਢੇਰਾਂ ਦੇ ਢੇਰ ਚੜ੍ਹੇ ਹੋਏ ਸਨ । ਇਸ ਭਿਆਨਕ ਦ੍ਰਿਸ਼ਾਂ ਨੂੰ ਦੇਖਕੇ ਹਾਂਨਿਗਬਰਗਰ ਦਾ ਮਨ ਐਸਾ ਭੈ-ਭੀਤ ਹੋਇਆ ਕਿ ਇਸ ਮੁਹਿੰਮ ਤੋਂ ਪਰਤਕੇ ਬਗ਼ਦਾਦ ਪਹੁੰਚਦਿਆਂ ਹੀ ਸਭ ਤੋਂ ਪਹਿਲਾ ਕੰਮ ਜੋ ਇਸ ਨੇ ਕੀਤਾ ਉਹ ਇਹ ਸੀ ਕਿ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਅਗੇ ਨੂੰ ਮੁੜ ਇਸ ਤਰ੍ਹਾਂ ਦੇ ਦਿਲ-ਦਖਾਊ ਦ੍ਰਿਸ਼ਯ ਦੇਖਣ ਤੋਂ ਆਪਣੀਆਂ ਅੱਖਾਂ ਨੂੰ ਸਦਾ ਲਈ ਬਚਾ ਲਿਆ ।

ਸ਼ੇਰਿ ਪੰਜਾਬ ਦੀਆਂ ਬਾਤਾਂ

ਉਨੀਸਵੀਂ ਸਦੀ ਦੇ ਆਰੰਭ ਤੋਂ ਹੀ ਜਦ ਖਾਲਸੇ ਦੇ ਰਾਜ ਦਾ

ਝੰਡਾ ਪੰਜਾਬ ਪਰ ਝੂਲ ਗਿਆ ਤਾਂ ਖਾਲਸਾ ਪੰਥ ਦੀ ਸ਼ਾਨ ਦੀ ਸੋਭਾ ਦੂਰ ਦੂਰ ਦੇਸ਼ਾਂ ਵਿਚ ਖਿੱਲਰ ਗਈ । ਖਾਸ ਕਰ ਖਾਲਸੇ ਦੇ ਮਹਾਰਾਜੇ, ਮਹਾਰਾਜਾ ਰਣਜੀਤ ਸਿੰਘ ਜੀ ਦੀ ਦਰਿਆ-ਦਿਲੀ ਹੁਨਰਵਾਨਾਂ ਦੀ ਕਦਰਦਾਨੀ ਆਦਿ ਦੀਆਂ ਅਨੇਕਾਂ ਕਹਾਣੀਆਂ ਡਾਕਟਰ ਹਾਂਨਿਗਬਰਗਰ ਨੇ ਬਗ਼ਦਾਦ ਵਿਚ ਕਈਆਂ ਦੇ ਮੂੰਹ ਤੋਂ ਸੁਣੀਆਂ । ਬੱਸ ਫਿਰ ਕੀ ਸੀ ਉਸ ਨੂੰ ਮਨ ਤਾਂ ਕਰਤਾ ਨੇ ਜਮਾਂਦਰੂ ਹੀ ਸੈਲਾਨੀ ਦਿਤਾ ਹੋਇਆ ਸੀ ਉਪਰੋਂ ਬੇਕਾਰੀ ਨੇ ਹੋਰ ਉਤੇਜਨ ਦੇਣ ਵਿਚ ਸਹਾਇਤਾ ਕੀਤੀ । ਹੁਣ ਮੁੜ ਹਾਜੀਆਂ ਵਾਲੇ ਕੱਪੜੇ ਪਾ ਕੇ ਪੰਜਾਬ ਦੇ ਲੰਮੇ ਰਾਹ ਪੈ ਗਿਆ । ਕੋਈ ਕੰਮ ਭਾਵੇਂ ਕਿੰਨਾਂ ਕਠਨ ਕਿਉਂ ਨਾ ਹੋਵੇ ਪਰ ਜੋ ਰੋਜ਼ ਕੁਝ ਕੀਤਾ ਜਾਏ ਤਾਂ ਅਖੀਰ ਮੁਕਾ ਹੀ ਲਈਦਾ ਹੈ । ਇਸੇ ਤਰ੍ਹਾਂ ਜੇ ਰਾਹ ਭਾਵੇਂ ਕਿੰਨਾਂ ਲੰਮਾਂ ਤੇ ਬਿਖੜਾ ਕਿਉਂ ਨਾ ਹੋਵੇ ਨਿਤ-ਪ੍ਰਤਿ ਨਵੀ ਮੰਜਲ ਮਾਰਿਆਂ ਛੇਕੜ ਨੀਯਤ ਟਿਕਾਣੇ ਕਦੇ ਤਾਂ ਪਹੁੰਚ ਹੀ ਜਾਇਦਾ ਹੈ । ਇਸੇ ਸੁਨਹਿਰੀ ਅਸੂਲ ਨੂੰ ਮੁਖ ਰਖਕੇ ਡਾਕਟਰ ਹਾਂਨਿਗਬਰਗਰ ਇਸ ਕਠਨ ਰਾਹ ਦੀਆਂ ਅਨੇਕਾਂ ਔਕੜਾਂ ਨੂੰ ਅਡੋਲ ਇਰਾਦੇ ਨਾਲ ਪੈਰਾਂ ਥਲੇ ਮਿਧਦਾ ਹੋਇਆ ੧੯੨੮ ਦੇ ਅਖੀਰ ਪਰ ਕਰਾਚੀ ਪਹੁੰਚ ਗਿਆ । ਪਰ ਅਜੇ ਤਾਂ ਲਾਹੌਰ ਦੂਰ ਸੀ । ਹਾਂ ਹਾਂਨਿਗਬਰਗਰ ਦੇ ਤਨ ਵਿਚ ਵੀ ਕੋਈ ਕੱਚਾ ਪਿੱਲਾ ਮਨ ਨਹੀਂ ਸੀ ਕਿ ਉਹ ਹੌਸਲਾ ਹਾਰ ਬਹਿੰਦਾ ।

ਜਿਸ ਪੱਕੇ ਇਰਾਦੇ ਨਾਲ ਉਹ ਪਹਾੜ ਰੇਤਥਲੇ ਤੇ ਸਮੁੰਦਰ ਚੀਰ ਆਇਆ ਸੀ ਹੁਣ ਪੱਧਰ ਮੰਜਲਾਂ ਤੋਂ ਕਦ ਫੇਰੀ ਢਾਹੁਣ ਵਾਲਾ ਸੀ, ਸੋ ਇਥੋਂ ਇਸ ਫਿਰ ਲੱਕ ਕੱਸਕੇ ਬੱਧਾ ਤੇ ਪੜਾਓ ਪੜਾ ਮੁਲਤਾਨ ਪਹੁੰਚ ਪਿਆ ।

ਜੇ ਮੁਲਤਾਨ ਵਿਚ ਕੋਈ ਕਠਨਤਾਈ ਸਾਹਮਣੇ ਆਈ ਤਾਂ ਉਹ ਇਹ ਸੀ ਕਿ ਇਹ ਹਾਜੀ ਜਿਸ ਮਸੀਤ ਵਿਚ ਠਹਿਰਿਆ ਹੋਇਆ ਸੀ, ਉਥੇ ਪੇਸ਼ ਇਮਾਮ ਬਣਕੇ ਸੁੰਨੀਆਂ ਨੂੰ ਸ਼ੀਹਾਂ ਦੇ ਤਰੀਕੇ ਪਰ ਨਿਮਾਜ਼

ਪੜ੍ਹਾ ਬੈਠਾ* ਤਾਂ ਇਸ ਨੂੰ ਇਕ ਮੁਲਾਣੇ ਤਾੜ ਲਿਆ ਤੇ ਇਸ ਬੜੀ ਮੁਸ਼ਕਲ ਨਾਲ ਆਪਣੀ ਖਲਾਸੀ ਕਰਾਈ ਤੇ ਮੁੜ ਲਾਹੌਰ ਦੇ ਰਾਹੇ ਪਿਆ। ਇਸ ਤਰ੍ਹਾਂ ਮਾਰਚ ੧੮੨੯ ਵਿਚ ਇਹ ਲਾਹੌਰ ਪਹੁੰਚ ਗਿਆ।

ਹਾਂਨਿਗਬਰਗਰ ਜਦ ਸ਼ੇਰਿ ਪੰਜਾਬ ਦੇ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਮਹਾਰਾਜਾ ਸਾਹਿਬ ਦੀ ਪੁਛ ਪਰ ਉਸ ਦਸਿਆ ਕਿ ਉਹ ਡਾਕਟਰ ਹੈ ਪਰ ਇਸ ਦੇ ਨਾਲ ਹੀ ਉਹ ਵਧੀਆ ਬਾਰੂਦ ਬਨਾਣ ਦਾ ਵੀ ਮਾਹਿਰ ਹੈ। ਇਸ ਤੋਂ ਛੁਟ ਉਹ ਕਈ ਬੋਲੀਆਂ ਵਿਚ ਲਿਖ ਪੜ੍ਹ ਸਕਦਾ ਹੈ, ਆਦਿ।

ਯੋਗ ਸੋਚ ਵਿਚਾਰ ਦੇ ਉਪਰੰਤ ਡਾਕਟਰ ਹਾਂਨਿਗਬਰਗਰ ਨੂੰ ਲਾਹੌਰ ਦੀ ਅਰੋਗਤਾ ਸਥਿਰ ਰੱਖਣ ਦੀ ਜ਼ਿਮੇਂਵਾਰੀ ਅਤੇ ਪਹਿਲਾਂ ਚਲ ਰਹੇ ਬਾਰੂਦਖਾਨੇ ਦੀ ਦੇਖ ਭਾਲ ਦਾ ਕੰਮ ਸੌਂਪਿਆ ਗਿਆ। ਪਹਿਲਾਂ ੮੦੦) ਰੁਪਿਆ ਤਲਬ ਮਹੀਨਾ ਨੀਯਤ ਹੋਈ। ਇਹ ਗੱਲ ੨੦ ਮਾਰਚ ੧੮੨੯ ਦੀ ਹੈ।

ਛੁੱਟੀ ਪਰ ਜਾਣਾ

ਹਾਂਨਿਗਬਰਗਰ ਕੋਈ ਚਾਰ ਸਾਲ ਲਾਹੌਰ ਵਿਚ ਰਿਹਾ। ਸੰਨ ੧੮੩੩ ਵਿਚ ਲੰਮੀ ਛੁੱਟੀ ਪਰ ਆਪਣੇ ਦੇਸ਼ ਪਰਤ ਗਿਆ। ਐਤਕਾਂ ਹੰਗਰੀ ਪਹੁੰਚਣ ਲਈ ਇਸ ਨੇ ਕਾਬਲ ਤੇ ਬੁਖ਼ਾਰਾ, ਨੋਗਰੇਡ ਅਤੇ ਸੈਂਟ ਪੀਟਰਜ਼ਬਰਗ ਦੀ ਰਾਹ ਲਈ।

ਘਰੋਂ ਮੁੜ ਨਿਕਲਣਾ

ਜਿਹਾ ਕਿ ਅਸੀਂ ਉਪਰ ਦੱਸ ਆਏ ਹਾਂ ਕਿ ਡਾਕਟਰ

---

*ਮਾਲੂਮ ਹੁੰਦਾ ਹੈ ਕਿ ਹਾਂਨਿਗਬਰਗਰ ਨੇ ਈਰਾਨ ਆਦਿ ਵਿਚ ਰਹਿਣ ਦੇ ਕਾਰਨ ਵਧੇਰੀਆਂ ਸ਼ੀਹਾਂ ਮੁਸਲਮਾਨਾਂ ਦੀਆਂ ਰਸਮਾਂ ਸਿੱਖੀਆਂ ਸਨ।

†ਥਰਟੀਫਾਈਵ ਯੀਅਰਸ ਇਨ ਦੀ ਈਸਟ, ਸਫ਼ਾ ੪੪।

ਹਾਨਿਗਬਰਗਰ ਦੀ ਤਬੀਅਤ ਇਕ ਥਾਂ ਟਿਕ ਕੇ ਬੈਠਣ ਵਾਲੀ ਨਾ ਸੀ ਬਣੀ ਹੋਈ। ਇਹ ਅਜੇ ਪੂਰੇ ਛੇ ਮਹੀਨੇ ਵੀ ਘਰ ਵਿਚ ਨਾ ਸੀ ਰਿਹਾ ਕਿ ਪੰਜਾਬ ਦੀ ਮਿੱਠੀ ਯਾਦ ਨੇ ਮੁੜ ਇਸ ਦੇ ਮਨ ਵਿਚ ਉਛਾਲਾ ਖਾਧਾ ਅਤੇ ਇਹ ਛੇ ਹਜ਼ਾਰ ਕੋਹ ਦੇ ਲੰਮੇ ਸਫ਼ਰ ਪਰ ਘਰੋਂ ਨਿਕਲ ਪਿਆ। ਇਸ ਸਫ਼ਰ ਵਿਚ ਉਸ ਨੇ ਇਟਲੀ, ਫ਼ਰਾਂਸ ਅਤੇ ਇੰਗਲੈਂਡ ਆਦਿ ਦੀ ਖ਼ੂਬ ਸੈਰ ਕੀਤੀ ਫਿਰ ਕੁਸਤੁਨਤੁਨੀਆਂ, ਟਰਕੀ, ਬਗ਼ਦਾਦ ਦੀ ਰਾਹ, ਸੰਨ ੧੮੩੬ ਵਿਚ ਮੁੜ ਪੰਜਾਬ ਪਹੁੰਚ ਗਿਆ।

ਮੁੜ ਲਾਹੌਰ ਵਿਚ

ਡਾਕਟਰ ਹਾਂਨਿਗਬਰਗਰ ਜਦ ਦੂਜੀ ਵਾਰ ਲਾਹੌਰ ਪੁੱਜਾ ਤਾਂ ਮਹਾਰਾਜਾ ਰਣਜੀਤ ਸਿੰਘ ਪਰ ਲਹੂ ਦੇ ਦਬਾਓ ਦੇ ਕਾਰਨ ਹਲਕਾ ਜਿਹਾ ਫ਼ਾਲਜ, ਅਧਰੰਗ ਦਾ ਹਮਲਾ ਹੋਇਆ ਹੋਇਆ ਸੀ। ਇਸ ਸਮੇਂ ਡਾ: ਹਾਂਨਿਗਬਰਗਰ ਨੇ ਫ਼ਕੀਰ ਅਜ਼ੀਜ਼ੋਦੀਨ ਨਾਲ ਮਿਲ ਕੇ ਸ਼ੇਰਿ ਪੰਜਾਬ ਦੀ ਬੀਮਾਰੀ ਦਾ ਇਲਾਜ ਕੀਤਾ, ਜਿਸ ਨਾਲ ਸਰਕਾਰ ਦੀ ਬੀਮਾਰੀ ਹਟ ਗਈ।

ਇਸ ਸੇਵਾ ਦੀ ਖ਼ੁਸੀ ਵਿਚ ਮਹਾਰਾਜਾ ਸਾਹਿਬ ਨੇ ਡਾਕਟਰ ਨੂੰ ਸੁਨਹਿਰੀ ਕੜਿਆਂ ਦੀ ਜੋੜੀ ਬਖ਼ਸ਼ੀ ਅਤੇ ਨਾਲ ਹੀ ਇਸ ਨੂੰ ਪਹਿਲਾ ਅਹੁਦਾ ਮੁੜ ਦੇ ਦਿੱਤਾ ਤੇ ਤਲਬ ਵਧਾ ਕੇ ੨੫੦੦) ਕਰ ਦਿੱਤੀ।

ਸ਼ੇਰਿ ਪੰਜਾਬ ਮਹਾਰਾਜ ਰਣਜੀਤ ਸਿੰਘ ੨੭ ਜੂਨ ੧੮੩੯ ਨੂੰ ਪਰਲੋਕ ਸਿਧਾਰ ਗਏ। ਇਸਦੇ ਉਪ੍ਰੰਤ ਖਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਹਾਂਨਿਗਬਰਗਰ ਦਾ ਨਾਮ ਬਹੁਤ ਘੱਟ ਆਉਂਦਾ ਹੈ।

ਡੋਗਰਿਆ ਦੇ ਧੜੇ ਵਿਚ

ਹਾਂਨਿਗਬਰਗਰ ਦਾ ਨਾਂ, ਨਵੰਬਰ ਸੰਨ ੧੮੪੦ ਵਿਚ ਮੁੜ ਜਨਤਾ ਦੇ ਸਾਹਮਣੇ ਆਉਂਦਾ ਹੈ। ਸ਼ੇਰਿ ਪੰਜਾਬ ਦੇ ਚਲਾਣੇ ਦੇ ਉਪ੍ਰੰਤ

ਹਾਂਨਿਗਬਰਗਰ ਹੁਣ ਡੋਗਰਿਆਂ ਨੂੰ ਹੀ ਆਪਣਾ ਪ੍ਰਤਿਪਾਲਕ ਸਮਝਣ ਲੱਗ ਪਿਆ ਸੀ ਇਸ ਲਈ ਰਾਜਾ ਧਿਆਨ ਸਿੰਘ ਇਸ ਦੇ ਮੂੰਹ ਤੋਂ ਕਈ ਅਸੱਤ ਗੱਲਾਂ ਵੀ ਅਖਵਾ ਲੈਂਦਾ ਹੁੰਦਾ ਸੀ । ਜਿਹਾ ਕਿ ਕੰਵਰ ਨੌ-ਨਿਹਾਲ ਸਿੰਘ ਦੀ ਮੌਤ ਸਮੇਂ ਧਿਆਨ ਸਿੰਘ ਨੇ ਉਸ ਨੂੰ ਆਪਣਾ ਖਿਡਾਉਣਾ ਬਣਾ ਕੇ ਅਜੀਬ ਤਰ੍ਹਾਂ ਵਰਤਿਆ । ਇਸ ਸਮੇਂ ਧਿਆਨ ਸਿੰਘ ਡਾਕਟਰ ਨੂੰ ਸੰਬੋਧਨ ਕਰਕੇ ਉਸ ਤੋਂ ਝੂਠ ਅਖਵਾਉਣ ਲਈ ਪੁਛਦਾ ਹੈ :'ਡਾਕਟਰ ਜੀ, ਕੰਵਰ ਸਾਹਿਬ ਸ਼ੋਰਵਾ ਮੰਗਦਾ ਹੈ ਕੀ ਇਹ ਉਸ ਨੂੰ ਦਿੱਤਾ ਜਾਏ ?' ਅੱਗੋਂ ਡਾਕਟਰ ਹਾਂਨਿਗਬਰਗਰ ਆਖਦਾ ਹੈ:'ਬੇਸ਼ੱਕ ਦੇਵੋ ਸ਼ੋਰਵਾ ਉਸ ਲਈ ਬੜਾ ਲਾਭਦਾਇਕ ਹੈ'* ।

ਇਸ ਉਤ੍ਰ ਤੋਂ ਪਹਿਲਾਂ ਧਿਆਨ ਸਿੰਘ ਨੇ ਖ਼ਾਸ ਤਰੀਕੇ ਨਾਲ ਡਾਕਟਰ ਦਾ ਹਥ ਦਬਾ ਕੇ ਉਸ ਦੇ ਮੂੰਹ ਤੋਂ ਉਪ੍ਰੋਕਤ ਝੂਠ ਗੱਲ ਅਖਵਾਈ ਸੀ, ਹਾਲਾਂ ਕਿ ਡਾਕਟਰ ਨੂੰ ਪਤਾ ਸੀ ਕਿ ਕੰਵਰ ਸਾਹਿਬ ਨੂੰ ਇਸ ਤੋਂ ਪਹਿਲਾਂ ਹੀ ਮਾਰ ਦਿੱਤਾ ਗਿਆ ਸੀ । ਇਸ ਝੂਠ ਅਖਵਾਣ ਨਾਲ ਧਿਆਨ ਸਿੰਘ ਕੰਵਰ ਸਾਹਿਬ ਦੀ ਮੌਤ ਨੂੰ ਆਮ ਜਨਤਾ ਤੋਂ ਕੁਝ ਦਿਨਾਂ ਲਈ ਲੁਕਾ ਕੇ ਰੱਖਣਾ ਚਾਹੁੰਦਾ ਸੀ ।

ਅਗੇ ਜਾਕੇ ਹਾਂਨਿਗਬਰਗਰ ਨੇ ਡੋਗਰਿਆਂ ਦੇ ਇਸ ਕੁਕਰਮ ਨੂੰ ਲੁਕਾਉਣ ਲਈ ਆਪਣੇ ਵਲੋਂ ਉਸ ਪਰ ਪਰਦਾ ਪਾਉਣ ਦਾ ਵੀ ਅਸਫ਼ਲ ਯਤਨ ਕੀਤਾ ਸੀ । ਪਰ ਇਹ ਪਰਦਾ ਐਨਾਂ ਪਤਲਾ ਸੀ ਕਿ ਉਸਦੇ ਥਲਿਓਂ ਉਨ੍ਹਾਂ ਦਾ ਸਾਰਾ ਨੰਗੇਜ ਸਪੱਸ਼ਟ ਪਿਆ ਦਿਸਦਾ ਸੀ।

ਹਾਂਨਿਗਬਰਗਰ ਮੁੜ ਲਿਖਦਾ ਹੈ ਕਿ ਮੈਂ ਓਸ ਦਿਨ ਬਾਰਾਂਦਰੀ ਵਿਚ ਮੌਜੂਦ ਸਾਂ ਜਿਥੇ ੧੫ ਸਤੰਬਰ ਸੰਨ ੧੮੪੩ ਨੂੰ ਮਹਾਰਾਜਾ ਸ਼ੇਰ ਸਿੰਘ ਨੂੰ ਅਜੀਤ ਸਿੰਘ ਸੰਧਾਵਾਲੀਏ ਨੇ ਵਡੇ ਧੋਖੇ ਨਾਲ ਕਤਲ ਕੀਤਾ ਸੀ । ਡਾਕਟਰ ਦੱਸਦਾ ਹੈ ਕਿ ਇਸ ਮੌਕੇ ਪਰ ਉਸ ਨੇ ਬਾਰਾਂਦਰੀ ਦੀ ਕੰਧ ਟੱਪਕੇ ਆਪਣੀ 'ਪਿਆਰੀ ਜਾਨ' ਬਚਾਈ ਸੀ ਨਹੀਂ ਤਾਂ ਉਹ ਵੀ

*ਹਾਂਨਿਗਬਰਗਰ, ਥਰਟੀਫਾਈਵ ਯੀਅਰਸ ਇਨ ਦੀ ਈਸਟ ਸਫਾ ੧੦੩।

ਉਥੇ ਹੀ ਕੁਰਬਾਨੀ ਦਾ ਬੱਕਰਾ ਬਣ ਚਲਿਆ ਸੀ। ਇਸ ਨਾਜ਼ਕ ਸਮੇਂ ਇਸ ਨੇ ਆਪਣੇ ਪੈਰਾਂ ਦੀ ਸਹਾਇਤਾ ਨਾਲ ਤਿੱਖਾ ਭੱਜਕੇ ਆਪਣੇ ਆਪ ਨੂੰ ਬਚਾ ਲਿਆ ਸੀ।

ਇਹ ਗੱਲ ਅਸਾਡੀ ਸਮਝ ਵਿਚ ਨਹੀਂ ਆ ਸਕੀ ਕਿ ਇੱਕ ਨਿਰਪੱਖ ਬਦੇਸ਼ੀ ਨੂੰ ਉਥੇ ਕੀ ਖ਼ਤਰਾ ਹੋ ਸਕਦਾ ਸੀ ਕਿ ਉਹ ਕੰਧਾਂ ਟੱਪਕੇ ਉਥੋਂ ਭੱਜਦਾ ਹੋਇਆ ਆਪਣੀ ਜਾਨ ਬਚਾਉਣ ਪਰ ਵੱਡਾ ਮਾਣ ਕਰਦਾ ਹੈ। ਅਸਲ ਗੱਲ ਇਹ ਸੀ ਕਿ ਚੂੰਕਿ ਹਾਂਨਿਗਬਰਗਰ ਡੋਗਰਿਆਂ ਦੀ ਇਸ ਸਾਜ਼ਸ਼ ਦਾ ਰਾਜ਼ਦਾਰ ਸੀ, ਇਸ ਲਈ ਇਸ ਨੂੰ ਆਪਣੇ ਚੌਗਿਰਦੇ ਖ਼ਤਰਾ ਦਿੱਸਦਾ ਸੀ।

ਅੰਗ੍ਰੇਜ਼ਾਂ ਵੱਲੋਂ ਪੈਨਸ਼ਨ

ਹਾਂਨਿਗਬਰਗਰ ਸਿਖਾਂ ਤੇ ਅੰਗ੍ਰੇਜ਼ਾ ਦੀ ਲੜਾਈ ਦੇ ਬਾਅਦ ਵੀ ਪੰਜਾਬ ਵਿਚ ਰਿਹਾ ਅਤੇ ਕਿਸੇ ਖਿਦਮਤ ਦੇ ਬਦਲੇ ਅੰਗ੍ਰੇਜ਼ਾਂ ਵਲੋਂ ਇਸ ਨੂੰ ੫੦੦) ਰੁਪਿਆ ਮਹੀਨਾ ਦੀ ਪੈਨਸ਼ਨ ਮਿਲੀ, ਜੇਹੜੀ ੧੮੬੫ ਤਕ ਇਸਦੇ ਯੂਰਪ ਚਲੇ ਜਾਣ ਦੇ ਉਪਰੰਤ ਵੀ ਇਸ ਨੂੰ ਬਰਾਬਰ ਮਿਲਦੀ ਰਹੀ।

ਹਾਂਨਿਗਬਰਗਰ ਜਦ ਦੂਜੀ ਵਾਰ ਪੰਜਾਬ ਆਇਆ ਤਾਂ ਉਸ ਨੇ ਇਕ ਪਹਾੜਨ ਨਾਲ ਵਿਆਹ ਕਰ ਲਿਆ ਸੀ ਜਿਸ ਤੋਂ ਇਸਦੇ ਘਰ ਦੋ ਬਚੇ ਜਨਮੇ। ਯੂਰਪ ਜਾਣ ਸਮੇਂ ਉਹ ਦੇਸੀ ਬੇਗ਼ਮ ਤੇ ਬਚੇ ਆਪਣੇ ਨਾਲ ਲੈ ਗਿਆ ਸੀ। ਪਤਾ ਨਹੀਂ ਉਨ੍ਹਾਂ ਦੀ ਉਥੇ ਕਿਵੇਂ ਬੀਤੀ।

ਜੀਵਨ ਪਰ ਇੱਕ ਨਜ਼ਰ

ਡਾਕਟਰ ਹਾਂਨਿਗਬਰਗਰ ਦੇ ਜੀਵਨ ਪਰ ਨਜ਼ਰ ਮਾਰਿਆਂ ਕਈ ਬੜੀਆਂ ਅਜੀਬ ਗੱਲਾਂ ਸਾਹਮਣੇ ਆ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਖਾਲਸਾ ਰਾਜ ਦੇ ਛੇਕੜਲੇ ਦਿਨਾਂ ਵਿਚ ਜਦ ਰਾਜਾ ਧਿਆਨ

ਸਿੰਘ ਦੇ ਅਖਤਿਆਰ ਬੇਓੜਕੇ ਵਧ ਗਏ ਸਨ ਤਾਂ ਇਨ੍ਹਾਂ ਦਿਨਾਂ ਵਿਚ ਜਿਥੇ ਵੀ ਕੋਈ ਖ਼ਤਰਨਾਕ ਘਟਨਾਂ ਸਾਹਮਣੇ ਆਉਂਦੀ ਸੀ ਹਾਂਨਿਗ-ਬਰਗਰ ਉਥੇ ਪਹਿਲਾਂ ਹੀ ਮੌਜੂਦ ਹੁੰਦਾ ਸੀ। ਜਿਹਾ ਕਿ ਸਰਦਾਰ ਚੇਤ ਸਿੰਘ ਜੀ ਦਾ ਕਤਲ, ਕੰਵਰ ਨੌਨਿਹਾਲ ਸਿੰਘ ਦਾ ਅੰਤ, ਮਹਾਰਾਜਾ ਸ਼ੇਰ ਸਿੰਘ ਦੀ ਹਤਿਆ ਅਤੇ ਸਰਦਾਰ ਜਵਾਹਰ ਸਿੰਘ ਦੀ ਦਰਦਨਾਕ ਮੌਤ। ਹਾਂਨਿਗਬਰਗਰ ਇਨ੍ਹਾਂ ਸਾਰਿਆਂ ਮੌਕਿਆਂ ਪਰ ਪਤਾ ਨਹੀਂ ਕਿਉਂ ਉਥੇ ਮੌਜੂਦ ਹੁੰਦਾ ਸੀ।

ਦੋ ਗੱਲਾਂ ਘਟੋ ਘਟ ਇਸ ਤੋਂ ਸਪੱਸ਼ਟ ਹੋ ਜਾਂਦੀਆਂ ਹਨ। ਪਹਿਲੀ ਇਹ ਕਿ ਇਸਦਾ ਹਰ ਖ਼ਤਰੇ ਦੀ ਥਾਏਂ ਹਾਜ਼ਰ ਹੋਣਾ ਕਲਪਤ ਦਿਸਦਾ ਹੈ ਅਤੇ ਇਹ ਸਭ ਕੁਝ ਆਪਣੀ ਹਰ ਘਟਨਾ ਬਾਰੇ ਵਾਕਫ਼ੀ ਦਸਣਾ ਹੈ। ਦੂਜੀ ਗੱਲ ਇਹ ਕਿ ਜੇ ਇਹ ਸੱਚ ਮੰਨ ਲਈਏ ਤਾਂ ਇਸ ਵਿਚ ਕੋਈ ਸੰਦੇਹ ਬਾਕੀ ਨਹੀਂ ਰਹਿੰਦਾ ਕਿ ਡਾਕਟਰ, ਡੋਗਰਿਆਂ ਦਾ ਪੂਰਾ ਭੇਤੀ ਸੀ ਤੇ ਉਸ ਨੂੰ ਹਰ ਇਕ ਹੋਣ ਵਾਲੀ ਘਟਨਾਂ ਦਾ ਪਹਿਲਾਂ ਹੀ ਪਤਾ ਹੁੰਦਾ ਸੀ ਅਤੇ ਇਹ ਝੱਟ ਉਥੇ ਸਮੇਂ ਸਿਰ ਜਾ ਪਹੁੰਚਦਾ ਸੀ।

ਮਹਾਰਾਜਾ ਸ਼ੇਰ ਸਿੰਘ ਦੇ ਕਤਲ ਦੇ ਸਮੇਂ ਉਥੇ ਮੌਜੂਦ ਹੋਣ ਬਾਰੇ ਹਾਂਨਿਗਬਰਗਰ ਆਪ ਇਸ ਤਰ੍ਹਾਂ ਲਿਖਦਾ ਹੈ:-

I was not farther than ten steps from the place where the horrid crime was committed, and five minutes before his (Sher Singh) atrocious murder I had spoken to him in the garden a tree,....

I intend to give my readers a true picture of what happened to me at the assassination of Sher Singh, an involuntary spectator at this ferocious scene and how I escaped the perils which threatened my own person. At the moment I heard the firing of the guns, and perceived all the people in motion, taking their weapons, I felt persuaded that the locality was not an asylum for a tranquil man; so I

looked for a passage to make my escape from the garden, the scene of horror and be take myself to the spot where I had left my horse and servants: I hastened towards them, jumped over the wall and ditch, arrived safely at the spot.*

ਇਨ੍ਹਾਂ ਸਾਰੇ ਵਾਕਿਆਤਾਂ ਨੂੰ ਵਿਚਾਰਿਆਂ ਹਾਂਨਿਗਬਰਗਰ ਸਾਫ਼ ਡੋਗਰਿਆਂ ਦੇ ਹਥਾਂ ਵਿਚ ਖੇਡਦਾ ਦਿੱਸਦਾ ਹੈ ।

—:—o—:—

*Thirty-five years in the East. Page 107 and 110.

ਪਰੋਸ਼ੀਅਨ ਕਾਰਿੰਦੇ

ਬੈਰਨ ਡੀ. ਮੀਵੀਅਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਬੈਰਨ ਡੀ.ਮੀਵੀਅਸ	ਪਰੋਸ਼ੀਅਨ*	ਮਾਰਚ ੧੮੨੭ ਜੁਲਾਈ ੧੮੩੦	੮੦੦

ਮੀਵੀਅਸ ਮਾਰਚ ਸੰਨ ੧੮੨੭ ਵਿਚ ਲਾਹੌਰ ਆਇਆ । ਪਹਿਲਾਂ ਉਹ ਰਾਹਦਾਰੀ ਪ੍ਰਾਪਤ ਕਰਨ ਲਈ ਲੁਧਾਇਣੇ ਠਹਿਰਿਆ ਰਿਹਾ । ਦਿੱਲੀ ਤੋਂ ਆਗਿਆ ਮਿਲਣ ਪਰ ਉਹ ਲਾਹੌਰ ਪੁੱਜਾ ।

ਮੀਵੀਅਸ ਜਦ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਉਸ ਨੇ ਆਪਣੇ ਆਪ ਨੂੰ ਪਰੋਸ਼ੀਆ ਦਾ ਬੈਰਨ (ਨਵਾਬ) ਦਸਿਆ । ਉਸ ਨੇ ਆਪਣੀ ਯੋਗਤਾ ਬਾਰੇ ਵੀ ਬੜੇ ਉੱਚੇ ਦਾਅਵੇ ਪ੍ਰਗਟ ਕੀਤੇ ਸਨ ਅਰਥਾਤ ਉਸ ਨੇ ਦਸਿਆ ਕਿ ਉਹ ਜ਼ਰਮਨ ਫ਼ੌਜ ਵਿਚ ਕਰਨੈਲੀ ਦੇ ਅਹੁਦੇ ਪਰ ਕੰਮ ਕਰ ਚੁਕਾ ਹੈ।

ਹੋਛਾ ਸੁਭਾਉ

ਮਾਲੂਮ ਹੁੰਦਾ ਹੈ ਕਿ ਮੀਵੀਅਸ ਆਪਣੀਆਂ ਫੜਾਂ ਦਾ ਪ੍ਰਭਾਵ ਪਾਉਣ ਵਿਚ ਕਿਸੇ ਹੱਦ ਤਕ ਸਫਲ ਹੋ ਗਿਆ ਸੀ । ਕਿਉਂਕਿ ਉਸ ਨੂੰ ਪਹਿਲਾਂ ਹੀ ੮੦੦) ਰੁਪਿਆ ਮਹੀਨਾ ਤਲਬ ਅਤੇ ਕਰਨੈਲੀ ਦਾ

*ਸਮਾਇਬ, ਰੇਨੰਗ ਫੈਮਲੀ ਆਫ ਲਾਹੌਰ, ਅੰਤਕਾ ਸਫਾ ੩੬ ।

ਅਹੁਦਾ ਦਿਤੇ ਜਾਣ ਦਾ ਕਾਰਨ ਉਪਰੋਕਤ ਅਸਰ ਹੀ ਦਿੱਸਦਾ ਹੈ ।

ਇੱਨੀ ਵਧ ਤਲਬ ਪਹਿਲਾਂ ਪਹਿਲ ਵੈਨਤੂਰਾ, ਐਲਾਰਡ ਅਤੇ ਅਵੀਤਾਬੀਲ ਆਦਿ ਕਿਸੇ ਨੂੰ ਨਾ ਸੀ ਮਿਲੀ ਹਾਲਾਂਕਿ ਉਨ੍ਹਾਂ ਦੀ ਫ਼ੌਜੀ ਯੋਗਤਾ ਮੀਵੀਅਸ ਨਾਲੋਂ ਕਿਤੇ ਬਹੁਤ ਵਧ ਚੜ੍ਹਕੇ ਸੀ ।

ਮੀਵੀਅਸ ਕੋਈ ਦੋ ਸਾਲ ਤੋਂ ਥੋੜਾ ਕੁ ਵਧ ਸਮਾਂ ਮਹਾਰਾਜਾ ਸਾਹਿਬ ਦੀ ਨੌਕਰੀ ਵਿਚ ਰਿਹਾ ।

ਮੀਵੀਅਸ ਜਿਹੋ ਜਿਹਾ ਜ਼ਬਾਨ ਦਾ ਲਫੰਗਾ ਸੀ ਇਹੋ ਜਿਹਾ ਸੁਭਾਉ ਦਾ ਵੀ ਹੋਛਾ ਸੀ, ਉਹ ਨਿੱਕੀ ਨਿੱਕੀ ਗੱਲ ਪਰ ਆਪੇ ਤੋਂ ਬਾਹਰ ਹੋ ਜਾਂਦਾ ਸੀ ।

ਅਯੋਗ ਵਰਤੋਂ

ਜਦ ਤਕ ਉਹ ਨਜੀਬਾ (ਮੁਸਲਮਾਨਾਂ) ਦੀ ਰਜਮਟ ਵਿਚ ਰਿਹਾ ਉਥੇ ਤਾਂ ਉਹ ਲੋਕ ਉਸ ਦੀ ਅਯੋਗ ਤੇਜ਼ੀ ਤੇ ਕ੍ਰੋਧ ਨੂੰ ਸਹਾਰਦੇ ਰਹੇ ਪਰ ਜੂਨ ੧੮੩੦ ਵਿਚ ਉਸ ਨੂੰ ਸ: ਮੇਵਾ ਸਿੰਘ ਮਜੀਠੀਆ ਦੀ ਸਿਖ ਰਜਮਟ ਵਿਚ ਬਦਲਿਆ ਗਿਆ ਤਦ ਉਥੇ ਉਸ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਸ੍ਵੈ-ਸਤਿਕਾਰ ਪਰ ਮਰ ਮਿਟਣ ਵਾਲੀ ਕੌਮ ਦੇ ਕਿਸੇ ਜਵਾਨ ਨਾਲ ਅਯੋਗ ਕਰੜਾਈ ਦਾ ਤੇ ਹੰਕਾਰੀ ਵਰਤਾਵ ਕਿੰਨੇ ਮਹਿੰਗੇ ਭਾ ਪੈਂਦਾ ਹੈ।

ਜਿਹਾ ਕਿ ਅਸੀਂ ਉਪਰ ਦੱਸ ਆਏ ਹਾਂ ਕਿ ਮੀਵੀਅਸ ਆਪਣੇ ਸੁਭਾਓ ਅਨੁਸਾਰ ਜਿਹਾ ਅਯੋਗ ਵਰਤਾਵ ਪੂਰਬੀਆਂ ਅਤੇ ਨਜੀਬਾਂ ਨਾਲ ਕਰਨ ਦਾ ਹਿਲਿਆ ਹੋਇਆ ਸੀ ਉਹੀ ਸਲੂਕ ਉਹ ਸਿੱਖ ਨੌਜਵਾਨਾਂ ਨਾਲ ਵੀ ਕਰਨ ਲੱਗਾ ।

ਸਿੱਖ ਸਿਪਾਹੀ ਨੂੰ ਚਾਬਕ ਛੋਹਣੀ

ਇਕ ਦਿਨ ਆਪਣੇ ਹੰਕਾਰੀ ਸੁਭਾਓ ਅਨੁਸਾਰ ਉਸ ਨੇ ਇਕ

ਸਿਖ ਰੰਗਰੂਟ ਨੂੰ ਸਿਖਲਾਈ ਦੇ ਕੰਮ ਵਿਚ ਸਾਧਾਰਨ ਭੁਲ ਕਰਨ ਪਰ ਆਪਣੇ ਹੱਥ ਵਾਲੀ ਚਾਬਕ ਮਾਰੀ* । ਬੱਸ ਚਾਬਕ ਉਸ ਸਿੱਖ ਜਵਾਨ ਨੂੰ ਛੋਹਣੀ ਹੀ ਸੀ ਕਿ ਅਣਖ ਦੇ ਪੁਤਲਿਆਂ ਬੀਰਾਂ ਦੀ ਸਾਰੀ ਦੀ ਸਾਰੀ ਰਜਮਟ ਨੇ ਹਥਿਆਰ ਰੱਖ ਦਿਤੇ ਅਤੇ ਇਨ੍ਹਾਂ ਵਿਚੋਂ ਕੁਝਕੁ ਭੜਕੇ ਹੋਏ ਜਵਾਨਾਂ ਨੇ ਮੀਵੀਅਸ ਨੂੰ ਉਥੇ ਹੀ ਫੜਕੇ ਉਹ ਕਰਾਰੇ ਹੱਥ ਦਸੇ, ਜੋ ਅਗੇ ਉਸ ਨੂੰ ਆਪਣੇ ਸਾਰੇ ਜੀਵਨ ਵਿਚ ਕਦੇ ਵੀ ਨਾ ਭੁਲੇ ਹੋਣਗੇ । ਖਾਲਸਾ ਰਜਮਟਾਂ ਵਿਚ ਜਿਉਂ ਜਿਉਂ ਇਹ ਖਬਰ ਖਿੱਲਰਦੀ ਗਈ ਤਿਉਂ-ਤਿਉਂ ਇਹ ਰੌਲਾ ਭਿਆਨਕ ਸ਼ਕਲ ਧਾਰਦਾ ਗਿਆ ਅਤੇ ਖ਼ਤਰਾ ਸੀ ਹੁਣ ਕਿਤੇ ਮੀਵੀਅਸ ਦੀ 'ਅਲਖ' ਹੀ ਨਾ ਮੁਕਾ ਦਿੱਤੀ ਜਾਏ ।

ਮਹਾਰਾਜ ਦੀ ਰਖਿਆ ਵਿਚ

ਉਸ ਖ਼ਤਰੇ ਦੇ ਸਮੇਂ ਮੀਵੀਅਸ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਆਪ ਛੁਡਾ ਕੇ ਮਹਾਰਾਜ ਸਾਹਿਬ ਦੇ ਤੰਬੂ ਵਿਚ ਭੱਜਕੇ ਜਾ ਵੜਿਆ, ਜੋ ਉਸ ਥਾਂ ਤੋਂ ਬਹੁਤ ਦੂਰ ਨਹੀਂ ਸੀ ।

ਇਸ ਦੇ ਨਾਲ ਹੀ ਸਰਦਾਰ ਮੇਵਾ ਸਿੰਘ ਨੇ ਮਹਾਰਾਜਾ ਸਾਹਿਬ ਨੂੰ ਮੀਵੀਅਸ ਦੀ ਉਪਰੋਕਤ ਨਾਲਾਇਕੀ ਦੇ ਕੰਮ ਦਾ ਸਾਰਾ ਮਾਜਰਾ ਜਾ ਦੱਸਿਆ ।

ਸ਼ੇਰਿ ਪੰਜਾਬ ਆਪਣੀ ਫ਼ੌਜ ਦੇ ਹਰ ਇਕ ਸਿਪਾਹੀ ਨੂੰ ਆਪਣੇ ਬੱਚਿਆਂ ਤੋਂ ਵਧ ਪਿਆਰ ਕਰਦੇ ਹੁੰਦੇ ਸਨ, ਖ਼ਾਸ ਕਰ ਸਿੱਖ ਸਿਪਾਹੀਆਂ ਤੋਂ ਤਾਂ ਸਦਾ ਵਾਰਨੇ ਜਾਂਦੇ ਸਨ । ਇਸਦੇ ਉਪ੍ਰੰਤ ਮਹਾਰਾਜਾ ਸਾਹਿਬ ਆਪ ਸਵਾਰ ਹੋ ਕੇ ਝੱਟ ਉਥੇ ਪਹੁੰਚੇ ਤੇ ਫ਼ੌਜੀ ਖਾਲਸੇ ਨੂੰ ਸਭ ਤਰ੍ਹਾਂ ਸਮਝਾ ਕੇ ਸ਼ਾਂਤੀ ਦਿਵਾਈ ਅਤੇ ਜਦ ਮੀਵੀਅਸ ਦੇ ਹੋਛੇ-ਪਨ ਦਾ ਦੋਸ਼ ਪੂਰੀ ਤਰ੍ਹਾਂ ਸਾਬਤ ਹੋ ਗਿਆ ਤਾਂ ਸ਼ੇਰਿ ਪੰਜਾਬ ਨੇ ਮੀਵੀਅਸ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ ਉਸੇ ਵਕਤ ਸੰਦੂਕ-ਦਾਰ ਨੂੰ ਬੁਲਵਾ ਕੇ ਹੁਕਮ

---

*ਮੀਵੀਸ ਜਰਮਨਾਂ ਵਾਂਗ ਹਰ ਵਕਤ ਚਾਬਕ ਆਪਣੇ ਹੱਥ ਵਿਚ ਰੱਖਦਾ ਸੀ।

ਦਿੱਤਾ ਕਿ ਉਸ ਦੀ ਅਜ ਤਕ ਤਲਬ ਚੁਕਾ ਦਿੱਤੀ ਜਾਏ । ਫਿਰ ਇਸ ਦੇ ਉਪ੍ਰੰਤ ਉਸ ਨੂੰ ਨੌਕਰੀ ਤੋਂ ਵੱਖ ਕਰ ਦਿੱਤਾ ।

ਦੇਸ਼-ਨਿਕਾਲਾ

ਮੀਵੀਅਸ ਦੀ ਜਾਨ ਦੀ ਸਲਾਮਤੀ ਨੂੰ ਮੁਖ ਰੱਖ ਕੇ ਇਕ ਤਕੜੀ ਗਾਰਦ ਦੀ ਸੌਂਪਣੀ ਵਿਚ ਉਸ ਨੂੰ ਖਾਲਸਾ ਰਾਜ ਦੀ ਹੱਦ ਵਿਚੋਂ ਕੱਢ ਕੇ ਲੁਧਿਆਣੇ ਅੰਗ੍ਰੇਜ਼ੀ ਇਲਾਕੇ ਵਿਚ ਪਹੁੰਚਾ ਦਿੱਤਾ ਗਿਆ ।

ਮੀਵੀਅਸ ਬਾਰੇ ਜੈਕੋਮੈਂਟ ਦੀ ਰਾਏ

ਇਨ੍ਹਾਂ ਦਿਨਾਂ ਵਿਚ ਫ਼ਰਾਂਸ ਦਾ ਪ੍ਰਸਿੱਧ ਸੈਲਾਨੀ ਜੈਕੋਮੈਂਟ ਲਾਹੌਰ ਵਿਚ ਸੀ । ਉਹ ਆਪਣੀ ੧੨ ਜੁਲਾਈ ਸੰਨ ੧੯੩੦ ਦੀ ਚਿੱਠੀ ਵਿਚ ਜੇਹੜੀ ਉਸ ਨੇ ਲਾਹੌਰ ਤੋਂ ਫ਼ਰਾਂਸ ਲਿਖੀ ਸੀ । ਇਸ ਤਰ੍ਹਾਂ ਲਿਖਦਾ ਹੈ:-

ਐਮ.ਮੀਵੀਅਸ ਦੇ ਹੱਤਕੇ ਭਰੇ ਵਰਤਾਵ ਦੇ ਕਾਰਨ ਅਜ ਇਕ ਸਿੱਖ ਰਜਮਟ ਵਿਚ ਬੜੀ ਭਿਆਨਕ ਸ਼ੋਰਸ਼ ਖੜੀ ਹੋ ਗਈ । ਇਸ ਦਾ ਕਾਰਨ ਇਹ ਸੀ ਕਿ ਉਸ ਨੇ ਆਪਣੇ ਕਾਹਲੇ ਸੁਭਾ ਅਨੁਸਾਰ ਇਕ ਸਿਖ ਸਿਹਾਪੀ ਨੂੰ ਚਾਬਕ ਛੁਹਾ ਦਿੱਤੀ । ਮੀਵੀਅਸ ਦੀ ਇਸ ਹਰਕਤ ਨੂੰ ਖਾਲਸਾ ਜਵਾਨ ਆਪਣੀ ਹੱਤਕ ਜਾਣ ਕੇ ਉਸ ਰਜਮੈ ਦੇ ਸਾਰੇ ਸਿਪਾਹੀ ਭੜਕ ਉਠੇ ਅਤੇ ਬੜੀ ਕਠਨਤਾ ਨਾਲ ਮੀਵੀਅਸ ਨੇ ਭੱਜ ਕੇ ਮਹਾਰਾਜਾ ਦੇ ਤੰਬੂ ਵਿਚ ਲੁਕ ਕੇ ਪਨਾਹ ਲਈ, ਤਾਂ ਜਾ ਕੇ ਕਿਤੇ ਉਸ ਦੀ ਜਾਨ ਸਿੱਖਾਂ ਦੇ ਹੱਥੋਂ ਬਚ ਸਕੀ । ਮਹਾਰਾਜਾ ਰਣਜੀਤ ਸਿੰਘ ਨੇ ਇਸ ਸਮੇਂ ਇਸ ਦੀ ਜਾਨ ਤਾਂ ਬਚਾ ਲਈ ਪਰ ਅੱਗੇ ਨੂੰ ਐਸੇ ਆਦਮੀ ਨੂੰ ਆਪਣੀ ਨੌਕਰੀ ਵਿਚ ਰਖਣ ਤੋਂ ਸਾਫ ਇਨਕਾਰ ਕਰ ਦਿੱਤਾ । ਇਸ ਤਰ੍ਹਾਂ ਨੌਕਰੀ ਤੋਂ ਅੱਡ ਕਰ ਕੇ ਸਰਕਾਰ ਨੇ ਉਸ ਪਰ ਵੱਡੀ ਨਰਾਜ਼ਗੀ ਪ੍ਰਗਟ ਕੀਤੀ, ਜੈਕੋਮੈਂਟ ਦੀ ਆਪਣੀ ਲਿਖਤ ਇਹ ਹੈ:-

'July 1830 :-.....M. Mevius, having lately excited a revolt in his corps by the Prussian process of applying the whip to the Sikhs, was compelled to take refuge in the tent of the Maharajah himself so save his life from his men. Ranjit Singh saved his life, but refused to retain him in his service.'

ਬੇਕਲੀ ਨੂੰ ਵੇਚਣਾ

ਮੀਵੀਅਸ ਨੂੰ ਖਾਲਸਾ ਰਾਜ ਤੋਂ ਦੇਸ-ਨਿਕਾਲਾ ਮਿਲਣ ਦੇ ਬਾਅਦ ਜਦ ਇਹ ਲੁਧਿਆਣੇ ਠਹਿਰਿਆ ਹੋਇਆ ਸੀ ਤਾਂ ਉਥੇ ਉਸ ਨੇ ਇਕ ਐਸਾ ਲਜਿਤ ਕਰਮ ਕੀਤਾ ਜਿਸ ਨਾਲ ਮੀਵੀਅਸ ਦਾ ਆਚਰਨ ਅਸਲ ਰੂਪ ਵਿਚ ਜਨਤਾ ਦੇ ਸਾਹਮਣੇ ਆ ਗਿਆ ਅਰਥਾਤ ਲੁਧਿਆਣੇ ਵਿਚ ਉਸ ਨੇ ਇਕ ਆਚਰਨ-ਹੀਨ ਬੇਕਲੀ ਨਾਮੀ ਜ਼ਨਾਨੀ ਨੂੰ, ਜਿਸ ਨਾਲ ਮੀਵੀਅਸ ਦਾ ਅਜੋਗ ਸੰਬੰਧ ਸੀ, ਇਕ ਬਦਕਾਰ ਕੁਟਣੀ ਨਾਲ ਕੁਕਰਮ ਲਈ ਵੇਚਣ ਦਾ ਸੌਦਾ ਠਹਿਰਾਇਆ। ਇਸ ਗੱਲ ਦਾ ਪਤਾ ਵਿੱਕਰੀ ਤੋਂ ਪਹਿਲਾਂ ਬੇਕਲੀ ਦੇ ਭਾਈ ਨੂੰ ਲੱਗਾ ਤਾਂ ਉਸ ਨੇ ਉਸੇ ਵੱਕਤ ਭੱਜ ਕੇ ਕਪਤਾਨ ਵੈਡ ਪੁਲੀਟੀਕਲ ਏਜੰਟ ਲੁਧਿਆਣਾ ਨੂੰ ਇਕ ਦਰਖ਼ਾਸਤ ਦਿੱਤੀ ਜਿਸ ਵਿਚ ਲਿਖਿਆ ਸੀ ਕਿ ਮੀਵੀਅਸ ਨੇ ਮੇਰੀ ਭੈਣ ਬੇਕਲੀ ਨੂੰ ਆਪਣੇ ਪਾਸ ਕੈਦ ਵਿਚ ਬੰਦ ਰਖਿਆ ਹੋਇਆ ਹੈ ਅਤੇ ਉਸ ਨੇ ਉਸਨੂੰ ੨੦੦) ਰੁਪਏ ਪਰ ਬਦਚੱਲਣੀ ਲਈ ਵੇਚਣ ਦਾ ਸੌਦਾ ਇੱਕ ਬੁਰੇ ਆਚਰਨ ਵਾਲੀ ਜ਼ਨਾਨੀ ਨਾਲ ਠਹਿਰਾਇਆ ਹੋਇਆ ਹੈ ਮੇਰੇ ਪਰ ਰਹਿਮ ਕੀਤਾ ਜਾਏ ਤੇ ਮੇਰੀ ਭੈਣ ਨੂੰ ਕੈਦ ਤੋਂ ਛੁਡਾ ਕੇ ਵਿੱਕਰੀ ਤੋਂ ਬਚਾਇਆ ਜਾਏ।

ਵੈਡ ਦੇ ਸਾਹਮਣੇ ਪੇਸ਼ੀ

ਇਸ ਪਰ ਕਪਤਾਨ ਵੈਡ ਨੇ ਮੀਵੀਅਸ ਨੂੰ ਇੱਕ ਜ਼ਰੂਰੀ ਖੱਤ

ਲਿਖ ਭੇਜਿਆ ਕਿ ਇਸ ਤਰ੍ਹਾਂ ਕਿਸੇ ਨੂੰ ਕੈਦ ਵਿਚ ਰੱਖਣਾ ਅੰਗ੍ਰੇਜ਼ੀ ਕਾਨੂੰਨ ਦੇ ਵਿਰੁਧ ਹੈ । ਇਹ ਮੈਂ ਆਪਣਾ ਫ਼ਰਜ਼ ਸਮਝਦਾ ਹਾਂ ਕਿ ਆਪ ਨੂੰ ਹੁਕਮ ਦੇਵਾਂ ਕਿ ਉਸ ਬੇਕਲੀ ਨੂੰ ਆਪ ਛੇਤੀ ਹੀ ਕੈਦ ਤੋਂ ਖਲਾਸੀ ਦੇ ਦੇਵੋ ਆਦਿ । ਕਪਤਾਨ ਵੈਡ ਦਾ ਅਸਲ ਖੱਤ ਇਹ ਹੈ:-

"23rd April 1830:- To M. Mevius. A complaint has been preferred before me that a female named Bekle has been detained by you and sold to a professional woman for Rs 200. I deem it my duty to inform you that the alleged proceeding is contrary to the laws of the British Government. The female in question is stated to have been detained by you, and her personal liberty had been claimed by her brother. I request you will release her, or assign your objection to non-compliance with my application."

ਕਪਤਾਨ ਵੈਡ ਦੇ ਏਸ ਖੱਤ ਦੇ ਪਹੁੰਚਣ ਪਰ ਮੀਵੀਅਸ ਨੇ, ਪੁਲੀਟੀਕਲ ਏਜੰਟ, ਜਿਸ ਨੂੰ ਇਲਾਕਾ ਮੈਜਿਸਟ੍ਰੇਟ ਦੇ ਅਧਿਕਾਰ ਵੀ ਪ੍ਰਾਪਤ ਸਨ, ਦੇ ਸਾਹਮਣੇ ਹਾਜ਼ਰ ਹੋਕੇ ਵਿਥਿਆ ਦਸੀ ਕਿ ਮੈਂ ਇਸ ਤ੍ਰੀਮੀ ਦੇ ਵੇਚਣ ਦਾ ਸੌਦਾ ਇਸ ਲਈ ਕੀਤਾ ਕਿ ਮੇਰੇ ੩੦੦) ਰੁਪਏ ਦੇ ਬਟਨ ਇਸ ਦੇ ਭਾਈ ਨੇ ਚੁਰਾ ਲਏ ਸਨ ।

ਮੀਵੀਅਸ ਨੂੰ ਅੰਗ੍ਰੇਜ਼ਾਂ ਵਲੋਂ ਦੇਸ ਨਿਕਾਲਾ

ਵੈਡ ਨੇ ਉਸ ਦੇ ਬਿਆਨ ਨੂੰ ਅਸੱਤ ਸਮਝ ਕੇ ਉਸ ਜ਼ਨਾਨੀ ਨੂੰ ਮੀਵੀਅਸ ਦੀ ਕੈਦ ਤੋਂ ਅਜ਼ਾਦ ਕਰਵਾ ਦਿੱਤਾ ਅਤੇ ਉਸ ਨੂੰ ਵੇਚਣਾ ਵੀ ਕਾਨੂੰਨ ਦੇ ਵਿਰੁਧ ਕਰਾਰ ਦੇ ਦਿੱਤਾ । ਇਸ ਤੋਂ ਛੁਟ ਮੀਵੀਅਸ ਨੂੰ ਹੁਕਮ ਦਿੱਤਾ ਕਿ ਉਹ ਲੁਧਿਆਣੇ ਤੋਂ ਨਿਕਲ ਜਾਏ ।

---

*ਕਪਤਾਨ ਵੈਡ ਦਾ ਖੱਤ ਪੰਜਾਬ ਰੀਕਾਰਡਸ ਜਿਲਦ ੯੮, ਚਿੱਠੀ ੫੧ ਸਾਹਵਾਲਾ ਐਂਡ ਗੈਰਟ ਯੂਰਪੀਅਨ ਐਡਵਾਂਚਰਸ ਸਫ਼ਾ ੧੬੭ ।

ਮੀਵੀਅਸ ਦੇ ਅਸਚਰਜ ਕਰਤਵ ਐਨੇ ਹੈਰਾਨ ਕਰਨ ਵਾਲੇ ਹਨ ਕਿ ਏਥੇ ਉਨ੍ਹਾਂ ਸਾਰਿਆਂ ਨੂੰ ਸਣੇ ਵੇਰਵੇ ਲਿਖਣ ਲਈ ਥਾਂ ਨਹੀਂ । ਉਸ ਨੇ ਲੁਧਿਆਣੇ ਤੋਂ ਨਿਕਲ ਕੇ ਅਫ਼ਗਾਨਿਸਤਾਨ ਤੇ ਈਰਾਨ ਵਿਚ ਨੌਕਰੀ ਲਈ ਯਤਨ ਕੀਤੇ ਪਰ ਕਿਤੇ ਵੀ ਸਫ਼ਲ ਨਾ ਹੋ ਸਕਿਆ ।

ਨਵਾਂ ਧੋਖਾ

ਮੀਵੀਅਸ ਨੂੰ ਛੇਕੜ ਇਕ ਨਵਾਂ ਧੋਖਾ ਸੁਝਿਆ ਕਿ ਉਹ ਖੁਸ਼ਕੀ ਦੇ ਰਸਤੇ ਰੂਸ ਵਿਚ ਜਾ ਕੇ ਨੌਕਰੀ ਪ੍ਰਾਪਤ ਕਰ ਲਏਗਾ । ਰਾਹ ਵਿਚ ਜਿਥੇ ਉਹ ਪਹੁੰਚਦਾ ਸੀ, ਆਪਣੇ ਆਪ ਨੂੰ ਮਹਾਰਾਜ ਰਣਜੀਤ ਸਿੰਘ ਦਾ ਸਫ਼ੀਰ ਦੱਸਦਾ ਸੀ, ਮਹਾਰਾਜਾ ਨੂੰ ਇਸ ਗੱਲ ਦਾ ਪਤਾ ਵੀ ਨਹੀਂ ਸੀ । ਉਸ ਨੇ ਇਸ ਧੋਖੇ ਨਾਲ ਈਰਾਨ ਵਿਚ ਇੱਕ ਯਹੂਦੀ ਸੌਦਾਗਰ ਤੋਂ ਚੋਖੀ ਰਕਮ ਮਾਰ ਲਈ* ।

*ਹੈਨਰੀ ਲਾਰੰਸ, ਐਡਵਾਂਚਰਸ ਬਾਈ ਐਨ ਆਫ਼ੀਸਰ ।

ਅਸਟਰੀਅਨ ਕਾਰਿੰਦੇ

ਡਾਟਿਨਵਿਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡਾਟਿਨਵਿਸ	ਅਸਟਰੀਅਨ	੧੮੩੫-੧੮੩੫	੨੦੦

ਡਾਟਿਨਵਿਸ ੧੮੩੫ ਵਿਚ ਪੰਜਾਬ ਪਹੁੰਚਿਆ । ਇਨ੍ਹੀਂ ਦਿਨੀਂ ਸ਼ੇਰਿ ਪੰਜਾਬ ਅੰਮ੍ਰਿਤਸਰ ਠਹਿਰੇ ਹੋਏ ਸਨ । ਡਾਟਿਨਵਿਸ ਵੀ ਲਾਹੌਰ ਤੋਂ ਅੰਮ੍ਰਿਤਸਰ ਆ ਗਿਆ । ਮਹਾਰਾਜਾ ਰਣਜੀਤ ਸਿੰਘ ਨੂੰ ਇਸ ਨੇ ਦੱਸਿਆ ਕਿ ਉਹ ਇੰਜੀਨੀਅਰੀ ਦਾ ਕੰਮ ਜਾਣਦਾ ਹੈ । ਪਰੀਖਿਆ ਲੈਣ ਦੇ ਉਪ੍ਰੰਤ ਉਸ ਨੂੰ ਅਜ਼ਮਾਇਸ਼ੀ ਤੌਰ ਪਰ ਬਾਰੂਦਖਾਨੇ ਵਿਚ ਅਤੇ ਬੇਲਦਾਰੀ ਰਜਮਟ ਦੀ ਸਿਖਲਾਈ ਦਾ ਕੰਮ ਦਿੱਤਾ ਗਿਆ । ਪਿਛੇ ਜਾ ਕੇ ਪਤਾ ਲੱਗਾ ਕਿ ਉਹ ਇੰਜੀਨੀਅਰੀ ਦਾ ਕੰਮ ਬਹੁਤ ਸਾਧਾਰਨ ਜਾਣਦਾ ਸੀ । ਸੋ ਉਸ ਨੂੰ ਛੇ ਮਹੀਨਿਆਂ ਦੇ ਉਪਰੰਤ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ । ਇਹ ਪੰਜਾਬ ਵਿਚੋਂ ਕਾਬਲ ਵਲ ਚਲਾ ਗਿਆ*।

—:—੦—:—

*ਮੈਕਗ੍ਰੈਗਰਜ਼ ਹਿਸਟਰੀ ਆਫ਼ ਦੀ ਸਿਖਜ਼ ਜਿਲਦ ੧, ਸਫ਼ਾ ੨੫੯ ।

ਜਰਮਨ ਕਾਰਿੰਦੇ

ਫ਼ੈਂਨਰਿਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਫ਼ੈਂਨਰਿਡ	ਜਰਮਨ	੧੮੪੧	੨੫੦

ਫ਼ੈਂਨਰਿਡ ਬਹੁਤ ਥੋਹੜਾ ਸਮਾਂ ਖਾਲਸੇ ਦੀ ਨੌਕਰੀ ਵਿਚ ਰਿਹਾ। ਦਰਬਾਰ ਦੀਆਂ ਲਿਖਤਾਂ ਤੋਂ ਇਸ ਦੇ ਬਹੁਤ ਘੱਟ ਹਾਲ ਮਿਲਦੇ ਹਨ।

—:—o—:—

ਹੈਨਰੀ ਸਟੀਨਬਾਚ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਹੈਨਰੀਸਟੀਨਬਾਚ	ਜਰਮਨ*	੧੮੩੬-੧੮੪੩	੮੦੦

ਸਟੀਨਬਾਚ ਨੇ ਨੌਕਰ ਹੋਣ ਸਮੇਂ ਆਪਣੀ ਕੌਮੀਅਤ ਜਰਮਨ ਲਿਖਵਾਈ ਸੀ । ਉਹ ਸੰਨ ੧੮੩੬ ਵਿਚ ਪੰਜਾਬ ਆਇਆ ਸੀ । ਉਸ ਨੇ ਸ਼ੇਰਿ ਪੰਜਾਬ ਨੂੰ ਆਪਣਾ ਫ਼ੌਜੀ ਹੁਨਰ ਦੱਸਿਆ, ਇਸਨੂੰ ਪਹਿਲਾਂ ੬੦੦) ਰੁਪਿਆ ਮਹੀਨੇ ਪਰ 'ਕਸ਼ਮੀਰਾ' ਪਲਟਨ ਵਿਚ ਨੌਕਰੀ ਦਿੱਤੀ ਗਈ ।

ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਇਸ ਦੀ ਤਲਬ ੮੦੦)

*ਸਮਾਇਬ ਰੇਨੰਗ ਫ਼ੈਮਲੀ ਆਫ਼ ਲਾਹੌਰ ਅੰਤਕਾ ੩੬ ।

ਰੁਪਿਆ ਮਹੀਨੇ ਤਕ ਪਹੁੰਚ ਗਈ ਤੇ ਕਰਨੈਲੀ ਦੇ ਅਹੁਦੇ ਪਰ ਤਰੱਕੀ ਦਿੱਤੀ ਗਈ । ਸਟੀਨਬਾਚ ਜਰਮਨੀ ਤੋਂ ਛੁਟ ਇੰਗਲਿਸ਼ ਭਾਸ਼ਾ ਵੀ ਚੰਗੀ ਲਿਖ ਬੋਲ ਸਕਦਾ ਸੀ । ਉਸ ਨੇ ਖਾਲਸਾ ਰਾਜ ਬਾਰੇ ਇੰਗਲਿਸ਼ ਵਿਚ ਇਕ ਨਿੱਕੀ ਜੇਹੀ ਪੁਸਤਕ ਵੀ ਲਿਖੀ ਸੀ ।

ਆਪਣੀ ਰਜਮਟ ਨਾਲ ਵਿਗਾੜ

ਕਈ ਹੋਰਨਾਂ ਬਦੇਸ਼ੀਆਂ ਦੀ ਤਰ੍ਹਾਂ ਇਹ ਵੀ ਆਪਣੀ ਰਜਮਟ ਨੂੰ ਆਪਣੇ ਪ੍ਰਭਾਵ ਹੇਠ ਰੱਖਣ ਵਿਚ ਅਸਫ਼ਲ ਰਿਹਾ ਸੀ ।

ਪਿਸ਼ਾਵਰ ਵਿਚ ਉਹ ਆਪਣੀ ਪਲਟਨ ਉਥੇ ਹੀ ਛੱਡ ਕੇ ਸਰਦਾਰ ਫਤਹ ਸਿੰਘ ਮਾਨ ਦੀ ਰਾਖੀ ਵਿਚ ਲਾਹੌਰ ਚਲਾ ਆਇਆ ਅਤੇ ਇਥੋਂ ਇਕ ਸਾਲ ਦੀ ਛੁੱਟੀ ਪਰ ਯੂਰਪ ਚਲਾ ਗਿਆ ।

ਛੁੱਟੀ ਤੋਂ ਵਾਪਸੀ

ਸੰਨ ੧੮੪੪ ਵਿਚ ਜਦ ਸਟੀਨਬਾਚ ਪਰਤ ਕੇ ਆਇਆ ਤਾਂ ਇਸ ਦੀਆਂ ਪਿਛਲੀਆਂ ਕਈ ਭੁੱਲਾਂ ਨੂੰ ਮੁਖ ਰੱਖ ਕੇ ਖਾਲਸਾ ਦਰਬਾਰ ਨੇ ਇਸ ਨੂੰ ਮੁੜ ਨੌਕਰੀ ਵਿਚ ਰੱਖਣ ਯੋਗ ਨ ਸਮਝਿਆ ।

ਗੁਲਾਬ ਸਿੰਘ ਪਾਸ ਨੌਕਰ ਹੋਣਾ

ਇਸ ਦੇ ਬਾਅਦ ਸਟੀਨਬਚ ਰਾਜਾ ਗੁਲਾਬ ਸਿੰਘ ਪਾਸ ਨੌਕਰ ਹੋ ਗਿਆ ਪਰ ਓਥੋਂ ਵੀ ਬਹੁਤ ਛੇਤੀ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ। ਛੇਕੜ ਉਹ ਪੰਜਾਬ ਤੋਂ ਯੂਰਪ ਪਰਤ ਗਿਆ ।

—:—o—:—

ਅੰਗ੍ਰੇਜ਼ ਕਾਰਿੰਦੇ

ਜੇਮਜ਼ ਸਾਹਿਬ ਫ਼ਿਰੰਗੀ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜੇਮਜ਼ ਸਾਹਿਬ ਫ਼ਿਰੰਗੀ	ਅੰਗ੍ਰੇਜ਼	੧੮੨੨-੨੫	੩੦੦

ਇਸ ਬਦੇਸ਼ੀ ਦਾ ਨਾਮ ਖਾਲਸਾ ਰਾਜ ਸਮੇਂ ਦੀਆਂ ਲਿਖਤਾਂ ਵਿਚ ਜੇਮਜ਼ ਸਾਹਿਬ ਫ਼ਰੰਗੀ ਲਿਖਿਆ ਹੈ । ਪੰਜਾਬ ਗੌਰਮਿੰਟ ਰੀਕਾਰਡ ਵਿਚ ਇਸ ਦਾ ਨਾਮ ਜੈਕਸਨ ਲਿਖਿਆ ਹੈ । ਇਹ ਯੌਰਕ ਸ਼ਾਇਰ (ਇੰਗਲੈਂਡ) ਦਾ ਵਸਨੀਕ ਸੀ । ਇਹ ਲਾਹੌਰ ਵਿਚ ਸੰਨ ੧੮੨੫ ਵਿਚ ਤਾਪ ਨਾਲ ਮਰ ਗਿਆ ।

—:—o—:—

ਗਾਰਡਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਗਾਰਡਨ	ਅੰਗ੍ਰੇਜ਼	੧੮੨੩-੧੮੩੨	੫੦੦

ਖਾਲਸਾ ਫ਼ੌਜ ਦਾ ਬਰਾਵੁਰਦ [ਤਲਬ ਦਾ ਰਜਿਸਟਰ] ਵਿਚ ਗਾਰਡਨ ਦਾ ਨਾਮ ਕਾਫ ਨਾਲ ਕਾਰਡਨ ਲਿਖਿਆ ਹੈ । ਪੁਰਾਣੀ ਫ਼ਾਰਸੀ ਵਿਚ ਗਾਫ ਦੀ ਥਾਂ ਕਾਫ ਵਧੇਰਾ ਲਿਖਤ ਵਿਚ ਵਰਤਿਆ ਜਾਂਦਾ ਸੀ। ਇਹੀ ਕਾਰਨ ਹੈ ਗਾਰਡਨ ਦਾ ਨਾਮ ਕਾਰਡਨ ਲਿਖਿਆ ਗਿਆ ਹੈ ।

ਇਹ ਪੈਦਲ ਫ਼ੌਜ ਨੂੰ ਸਿਖਲਾਈ ਕਰਾਣ ਦੇ ਕੰਮ ਪਰ ਲਾਇਆ ਗਿਆ ਸੀ । ਇਸ ਦਾ ਸੁਭਾ ਬੜਾ ਖਰਵਾ ਸੀ । ਇਸ ਨੂੰ ਕੁਝ ਸਮਾਂ ਬਾਅਦ ਤੋਪਖਾਨ ਵਿਚ ਬਦਲ ਦਿਤਾ ਗਿਆ ।

ਕੈਦ ਦੀ ਸਜ਼ਾ

ਗਾਰਡਨ ਨੂੰ ਆਪਣੇ ਤੋਂ ਵੱਡੇ ਅਫ਼ਸਰ ਦਾ ਹੁਕਮ ਨਾ ਮੰਨਣ ਦੇ ਕਾਰਨ ਫ਼ੌਜੀ ਮਰਯਾਦਾ ਅਨੁਸਾਰ ੯ ਮਹੀਨੇ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਅਗੇ ਨੂੰ ਉਸ ਰਜਮਟ ਵਿਚੋਂ ਇਸ ਦੀ ਦੂਜੇ ਕੰਪੂ ਵਿਚ ਬਦਲੀ ਕੀਤੀ ਗਈ । ਬਦਲੀ ਦੇ ਫ਼ੈਸਲੇ ਤੋਂ ਉਹ ਖੁਸ਼ ਨਾ ਸੀ ਦਿਸਦਾ ਜਿਸ ਪਰ ਉਸ ਨੂੰ ਨੌਕਰੀ ਤੋਂ ਅੱਡ ਕਰਕੇ ਪੰਜਾਬ ਵਿਚੋਂ ਨਿਕਲ ਜਾਣ ਦਾ ਹੁਕਮ ਦਿੱਤਾ ਗਿਆ । ਇਹ ਕਿਸੇ ਲੜਾਈ ਵਿਚ ਸ਼ਾਮਲ ਨਾ ਸੀ ਹੋਇਆ ।

ਪਸ਼ਚਾਤਾਪ ਕਰਨਾ

ਮਾਲੂਮ ਹੁੰਦਾ ਹੈ ਕਿ ਇਸ ਨੂੰ ਆਪਣੀ ਉਪਰੋਕਤ ਭੁੱਲ ਬਾਰੇ ਪਸ਼ਚਾਤਾਪ ਕਰਨ ਪਰ ਮੁੜ ਨੌਕਰ ਰੱਖ ਲਿਆ ਗਿਆ । ਇਸ ਦਾ ਜ਼ਿਕਰ ਸੋਹਨ ਲਾਲ ੧੮ ਮਾਰਚ ੧੮੩੩ ਦੇ ਰੋਜ਼ਨਾਮਚੇ ਵਿਚ ਇਕ ਘਟਨਾ ਨਾਲ ਇਸ ਦਾ ਸਬੰਧ ਦੱਸਦਾ ਹੈ* । ਇਹ ਇਸੇ ਸਾਲ ਦੀ ਅਖੀਰ ਪਰ ਲਾਹੌਰ ਵਿਚ ਮਰ ਗਿਆ† ।

—:—o—:—

*ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ ।

†ਕਾਰਮਾਇਕਲ ਸਮਾਇਬ ਰੇਨੰਗ ਫੈਮਲੀ ਆਫ਼ ਲਾਹੌਰ, ਸਫ਼ਾ ੩੬ ।

ਪਰੀਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਪਰੀਸ	ਅੰਗ੍ਰੇਜ਼	੧੮੨੩	੩੦੦

ਕੋਈ ਕੰਮ ਨਾ ਸੀ ਜਾਣਦਾ

ਪਰੀਸ ਈਸਟ ਇੰਡੀਆ* ਕੰਪਨੀ ਦੀ ਫ਼ੌਜ ਤੋਂ ਕੁਝ ਹੋਰ ਪੂਰਬੀਏ

*ਈਸਟ ਇੰਡੀਆ ਕੰਪਨੀ ਪਹਿਲਾਂ ਅੰਗਰੇਜ਼ ਸੌਦਾਗਰਾਂ ਦੀ ਇਕ ਟੋਲੀ ਸੀ, ਜੇਹੜੀ ੩੧ ਦਸੰਬਰ ਸੰਨ ੧੬੦੦ ਨੂੰ ੭੨੦੦੦ ਪੌਂਡ ਦੀ ਪੂੰਜੀ ਨਾਲ ਸਥਾਪਤ ਹੋਈ। ਸੰਨ ੧੬੧੦ ਵਿਚ ਕਪਤਾਨ ਹਿਪਨ ਨੇ ਕੰਪਨੀ ਵਲੋਂ ਹਿੰਦੁਸਤਾਨ ਵਿਚ ਪਹਿਲੀ ਕੋਠੀ ਖੋਲ੍ਹੀ।

ਇਸ ਦੇ ਬਾਅਦ ਸੰਨ ੧੬੧੨ ਵਿਚ ਜਹਾਂਗੀਰ ਬਾਦਸ਼ਾਹ ਤੋਂ ਪ੍ਰਵਾਨਗੀ ਲੈ ਕੇ ਵਪਾਰ ਦੇ ਵਾਧੇ ਲਈ ਇਕ ਫੈਕਟਰੀ ਖੋਲ੍ਹੀ, ਫੇਰ ਸ਼ਾਹ ਜਹਾਨ ਤੋਂ ਸੰਨ ੧੬੩੪ ਵਿਚ ਬੰਗਾਲ ਅੰਦਰ ਦੋ ਕਾਰਖਾਨੇ ਖੋਲ੍ਹਣ ਦਾ ਹੁਕਮ ਪ੍ਰਾਪਤ ਕੀਤਾ। ਸੰਨ ੧੬੬੮ ਵਿਚ ਇੰਗਲੈਂਡ ਦੇ ਬਾਦਸ਼ਾਹ ਚਾਰਲਸ ਦੂਜੇ ਤੋਂ ਬੰਬਈ ਪ੍ਰਾਪਤ ਕੀਤੀ। ਇਹ ਸ਼ਹਿਰ ਚਾਰਲਸ ਨੂੰ ਪੁਰਤਗਾਲ ਵਲੋਂ ਦਾਜ ਵਿਚ ਮਿਲਿਆ ਸੀ। ਬਾਦਸ਼ਾਹ ਜੇਮਜ਼ ਦੂਜੇ ਦੇ ਸਮੇਂ ਸੰਨ ੧੬੮੦ ਵਿਚ ਜਹਾਜ਼ਾਂ ਦੇ ਬੇੜੇ ਦੇ ਸ੍ਰਦਾਰ ਨਿਕਲਸਨ ਨੂੰ ਸ੍ਵੈ-ਰਖਿਆ ਦੇ ਖਿਆਲ ਨਾਲ ਕੰਪਨੀ ਨੇ ਹਿੰਦ ਵਿਚ ਬੁਲਾਇਆ ਜੋ ਉਸ ਸਮੇਂ ਦੇ ੧੨ ਜੰਗੀ ਜਹਾਜ਼, ੨੦ ਤੋਪਾਂ ਅਤੇ ੬੦੦ ਸਿਪਾਹੀ ਲੈ ਕੇ ਹਿੰਦੁਸਤਾਨ ਪੁਜਾ।

ਕੰਪਨੀ ਨੇ ਹੌਲੀ ਹੌਲੀ ਆਪਣੀ ਫ਼ੌਜੀ ਸ਼ਕਤੀ ਬਹੁਤ ਵਧਾ ਲਈ। ਸੰਨ ੧੬੯੮ ਵਿਚ ਕਲਕੱਤਾ ਅਤੇ ਹੋਰ ਕਈ ਨੱਗਰ ਖ਼ਰੀਦੇ ਤੇ ਫ਼ੋਰਟ ਵਿਲੀਅਮ ਦੀ ਉਸਾਰੀ ਕੀਤੀ। ਸੰਨ ੧੭੫੭ ਵਿਚ ਕਲਾਇਵ ਨੇ ਬੰਗਾਲ ਦੇ ਸੂਬੇਦਾਰ ਸਰਾਜੁਲ ਦੌਲਾ ਨੂੰ ਜਿੱਤ ਕੇ ਬਹੁਤ ਸਾਰਾ ਮੁਲਕ ਆਪਣੇ ਅਧਿਕਾਰ ਵਿਚ ਕਰ ਲਿਆ ਇਸੇ ਤਰ੍ਹਾਂ ਹਿੰਦ ਦੇ ਕਈ ਸੂਬਿਆਂ ਵਿਚ ਪੈਰ ਪੱਕੇ ਜਮਾ ਲਏ।

ਸੰਨ ੧੭੭੨ ਵਿਚ ਪਾਰਲੀਮੈਂਟ ਨੇ ਕੰਪਨੀ ਤੇ ਆਪਣਾ ਅਧਿਕਾਰ ਕਾਇਮ ਕੀਤਾ। ਸੰਨ ੧੭੮੪ ਵਿਚ ਇਕ ਬੋਰਡ ਬਣਿਆਂ ਤਾਂ ਜੋ ਕੰਪਨੀ ਦੇ ਰਾਜਸੀ ਕੰਮਾਂ ਤੇ ਪੂਰੀ ਨਿਗਰਾਨੀ ਰਖੇ। ਅੰਤ ਸੰਨ ੧੮੫੮ ਵਿਚ ਪਾਰਲੀਮੈਂਟ ਦੀ ਇੱਛਾ ਅਨੁਸਾਰ ਕੰਪਨੀ ਨੇ ਹਿੰਦੁਸਤਾਨ ਦਾ ਰਾਜ ਮਹਾਰਾਣੀ ਵਿਕਟੋਰੀਆ ਨੂੰ ਸੌਂਪ ਦਿੱਤਾ ਅਤੇ ਸੰਨ ੧੮੭੭ ਵਿਚ ਇੰਗਲੈਂਡ ਦੀ ਰਾਣੀ ਨੇ ਹਿੰਦੁਸਤਾਨ ਦੀ ਮਹਾਰਾਣੀ ਦੀ ਪਦਵੀ ਪ੍ਰਾਪਤ ਕੀਤੀ।

ਫ਼ੌਜੀ ਭਗੌੜਿਆਂ ਨਾਲ ਨੱਸ ਕੇ ਲਾਹੌਰ ਆਇਆ ਸੀ । ਇਹ ਖਾਲਸਾ ਫ਼ੌਜ ਵਿਚ ਨੌਕਰ ਰੱਖ ਲਿਆ ਗਿਆ । ਇਹ ਕੋਈ ਦੇਸੀ ਜ਼ਬਾਨ ਨਾ ਸੀ ਜਾਣਦਾ ਅਤੇ ਨਾ ਹੀ ਫ਼ੌਜੀ ਕੰਮ ਦਾ ਵਧੇਰਾ ਜਾਣੂ ਸੀ, ਜਿਸ ਕਰਕੇ ਛੇਤੀ ਨੌਕਰੀ ਤੋਂ ਵੱਖ ਕੀਤਾ ਗਿਆ ।

—:—o—:—

ਗੋਥਰੀ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਗੋਥਰੀ	ਅੰਗ੍ਰੇਜ਼	੧੮੪੩-੧੮੪੩	੧੫੦

ਗੋਥਰੀ ਅੰਗ੍ਰੇਜ਼ੀ ਫ਼ੌਜ ਵਿਚੋਂ ਭੱਜ ਕੇ ਲਾਹੌਰ ਆਇਆ ਸੀ । ਇਸ ਦਾ ਜ਼ਿਕਰ ਖਾਲਸਾ ਰੀਕਾਰਡ ਵਿਚ ਨਾਮ ਮਾਤ੍ਰ ਹੀ ਹੈ । ਕਿਸੇ ਮੈਦਾਨ ਜੰਗ ਵਿਚ ਨਾ ਸੀ ਗਿਆ ।

—:—o—:—

ਜੋਨਜ਼

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜੋਨਜ਼	ਅੰਗ੍ਰੇਜ਼	੧੮੨੨	੨੫੦

ਜੋਨਜ਼ ਈਸਟ ਇੰਡੀਆ ਕੰਪਨੀ ਦੇ ਤੋਪਖ਼ਾਨੇ ਵਿਚੋਂ ਭਗੌੜਾ ਹੋ ਕੇ ਪੰਜਾਬ ਆਇਆ ਸੀ । ਖਾਲਸਾ ਫ਼ੌਜ ਵਿਚ ਗੋਲੰਦਾਜ਼ਾਂ ਵਿਚ ਨੌਕਰ ਰੱਖਿਆ ਗਿਆ । ਮੈਸਨ ਪ੍ਰਸਿੱਧ ਸੈਲਾਨੀ ਆਪਣੇ ਸਫ਼ਰਨਾਮੇ ਵਿਚ ਇਸ ਦਾ ਹਾਲ ਬੜਾ ਸੰਕੋਚਵਾਂ ਜਿਹਾ ਲਿਖਦਾ ਹੈ* । ਇਸ ਕਿਸੇ ਲੜਾਈ ਵਿਚ ਭਾਗ ਨਾ ਸੀ ਲਿਆ ।

—:—o—:—

*ਮੇਸਨਜ਼ ਜਰਨੀ, ਇਨ ਬਲੋਚਿਸਤਾਨ, ਅਫ਼ਗਾਨਿਸਤਾਨ ਐਂਡ ਦੀ ਪੰਜਾਬ ਜਿਲਦ ੧ ਸਫ਼ਾ ੩੯੭ ।

ਜਾਨ ਗੋਲਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜਾਨ ਗੋਲਡ	ਅੰਗ੍ਰੇਜ਼	੧੮੩੪-੪੨	੮੦੦

ਜਾਨ ਗੋਲਡ ਆਪਣੇ ਭਣਵਈਏ ਨਾਲ ਲਾਹੌਰ ਆਇਆ ਅਤੇ ਸ਼ੇਰਿ ਪੰਜਾਬ ਦੀ ਗੋਰਖਾ ਰਜਮਟ ਵਿਚ ਕਰਨੈਲੀ ਦੇ ਅਹੁਦੇ ਪਰ ਨੌਕਰ ਹੋਇਆ, ਇਹ ਸੰਨ ੧੮੪੨ ਵਿਚ ਲਾਹੌਰ ਤੋਂ ਪਰਤ ਗਿਆ । ਇਹ ਕਿਸੇ ਲੜਾਈ ਵਿਚ ਨਹੀਂ ਸੀ ਸ਼ਾਮਲ ਹੋਇਆ ।

-:-o-:-

ਗਿਲਮੋਰ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਗਿਲਮੋਰ	ਅੰਗ੍ਰੇਜ਼	੧੮੩੩	੮੦੦

ਗਿਲਮੋਰ ਅੰਗ੍ਰੇਜ਼ ਸੀ । ਇਹ ਅੰਗ੍ਰੇਜ਼ ਫ਼ੌਜ ਵਿਚੋਂ ਲੁਕ ਕੇ ਲਾਹੌਰ ਆਇਆ, ਕੁਝ ਸਮਾਂ ਖਾਲਸਾ ਫ਼ੌਜ ਵਿਚ ਨੌਕਰ ਰਿਹਾ, ਪਰ ਛੇਤੀ ਹੀ ਡਾਕੀ ਦੀ ਬੀਮਾਰੀ ਨਾਲ ਮਰ ਗਿਆ । ਇਸ ਦੀ ਕਬਰ ਲਾਹੌਰ ਦੇ ਗੋਲ ਬਾਗ਼ ਤੇ ਕਚਹਿਰੀ ਦੇ ਲਾਗੇ ਕਰਕੇ ਹੈ ।

-:-o-:-

ਮੈਕਡਾਨਲਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਮੈਕਡਾਨਲਡ	ਅੰਗ੍ਰੇਜ਼	੧੮੨੨	੩੦੦

ਮੈਕਡਾਨਲਡ ਅੰਗ੍ਰੇਜ਼ਾਂ ਦੀ ਜਹਾਜ਼ੀ ਫ਼ੌਜ ਵਿਚੋਂ ਭੱਜ ਨੱਠਾ ਸੀ । ਇਹ ਆਪਣੇ ਨਾਲ ਹੋਰ ਦੋ ਸਾਥੀ ਜੇਮਜ਼ ਅਤੇ ਜੋਨਜ਼ ਨੂੰ ਵੀ ਭਗੋੜਾ

ਕਰ ਲਿਆਇਆ ਸੀ । ਇਹ ਤਿੰਨੇ ਬੰਬਈ ਤੋਂ ਰਾਜਪੂਤਾਨੇ ਦੇ ਰੇਗਸਤਾਨ ਝਾਗ ਕੇ ਲਾਹੌਰ ਆਏ ਸਨ । ਇਹ ਖਾਲਸਾ ਫ਼ੌਜ ਵਿਚ ਛੋਟੇ ਜੇਮਜ਼ ਦੇ ਨਾਮ ਪਰ ਪ੍ਰਸਿੱਧ ਸੀ । ਕਿਸੇ ਲੜਾਈ ਵਿਚ ਸ਼ਾਮਲ ਨਹੀਂ ਸੀ ਹੋਇਆ ।

–:–o–:–

ਡਾਕਟਰ ਹਾਰਵੇ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਡਾਕਟਰ ਹਾਰਵੇ	ਅੰਗ੍ਰੇਜ਼	੧੮੩੮–੩੯	੯੦੦

ਡਾਕਟਰ ਹਾਰਵੇ ਸੰਨ ੧੮੩੮ ਵਿਚ ਮਹਾਰਾਜਾ ਰਣਜੀਤ ਸਿੰਘ ਪਾਸ ਡਾਕਟਰੀ ਦੀ ਸੇਵਾ ਲਈ ਨੌਕਰ ਰੱਖਿਆ ਗਿਆ । ਇਸ ਨੂੰ ਪਹਿਲਾਂ ਹੀ ੯੦੦ ਰੁਪਿਆ ਮਹੀਨਾ ਤਲਬ ਦਿੱਤੀ ਗਈ । ਇਸ ਨੂੰ ਡਾਕਟਰ ਬੈਂਟ ਨਾਲ ਮਿਲਾਇਆ ਗਿਆ ਤਾਂਕਿ ਇਹ ਦੋਵੇਂ ਮਿਲਕੇ ਮੁਲਕੀ ਤੇ ਫ਼ੌਜੀ ਅਰੋਗਤਾ ਦੀ ਨਿਗਰਾਨੀ ਰੱਖਣ । ਹਾਰਵੇ ਬੀਮਾਰ ਹੋ ਜਾਣ ਦੇ ਕਾਰਨ ਛੇਤੀ ਪੰਜਾਬ ਤੋਂ ਪਰਤ ਗਿਆ ।

–:–o–:–

ਕੋਰਟਲੈਂਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਕੋਰਟਲੈਂਡ	ਅੰਗ੍ਰੇਜ਼	੧੮੩੨	੮੦੦

ਕੋਟਰਲੈਂਡ ਦਾ ਪਿਤਾ ਅੰਗ੍ਰੇਜ਼ੀ ਫ਼ੌਜ ਵਿਚ ਕਰਨੈਲ ਸੀ । ਇਹ ਜਦ ਵਲੈਤੋਂ ਫ਼ੌਜੀ ਵਿਦਿਆ ਪ੍ਰਾਪਤ ਕਰਕੇ ਹਿੰਦ ਵਿਚ ਆਇਆ ਤਾਂ ਅੰਗ੍ਰੇਜ਼ੀ ਫੌਜ ਵਿਚ ਨੌਕਰ ਹੋਣ ਦੀ ਥਾਂ ਪਤਾ ਨਹੀਂ ਕਿਉਂ ਖਾਲਸਾ ਫ਼ੌਜ ਵਿਚ ਭਰਤੀ ਹੋ ਗਿਆ । ਇਸ ਦੇ ਨੌਕਰ ਹੋਣ ਦਾ ਸਮਾਂ ਖਾਲਸਾ ਰਾਜ

ਦੀਆਂ ਲਿਖਤਾਂ ਤੋਂ ਸੰਨ ੧੮੩੨ ਮਿਲਦਾ ਹੈ ।

ਪਹਿਲਾਂ ਪਹਿਲ ਕੋਰਟਲੈਂਡ ਦੀ ਤਲਬ ੨੫੦ ਰੁਪਿਆ ਮਹੀਨਾ ਸੀ ਪਿਛੇ ਜਾਕੇ ਜਾਗੀਰ ਆਦਿ ਮਿਲਾ ਕੇ ੮੦੦ ਰੁਪਏ ਤਕ ਪਹੁੰਚ ਗਈ* ।

ਨਜੀਬਾ ਦੇ ਕੈਂਪੂ ਵਿਚ

ਕੋਰਟਲੈਂਡ ਮੁਸਲਮ ਨਜੀਬਾ ਰਜਮਟ ਦੀ ਸਿਖਲਾਈ ਦੇ ਕੰਮ ਪਰ ਲਾਇਆ ਗਿਆ ।

ਇਹ ਸਣੇ ਆਪਣੀ ਨਜੀਬਾ ਰਜਮਟ ਦੇ ਤਿੰਨ ਸਾਲ ਹਜ਼ਾਰੇ ਵਿਚ ਰਿਹਾ । ਮਹਾਰਾਜਾ ਸ਼ੇਰ ਸਿੰਘ ਦੇ ਕਤਲ ਦੇ ਬਾਅਦ ਸਣੇ ਇਸ ਦੀ ਰਜਮਟ ਦੇ ਛੇਤੀ ਹੀ ਇਸ ਨੂੰ ਲਾਹੌਰ ਬੁਲਾ ਲਿਆ ਗਿਆ ।

ਸੰਨ ੧੮੪੪ ਵਿਚ ਕੋਰਟਲੈਂਡ ਇੱਕ ਸਾਲ ਦੀ ਛੁਟੀ ਪਰ ਮਨਸੂਰੀ ਜਾ ਰਿਹਾ ਸੀ ਜਦ ਜਨਵਰੀ ੧੮੪੫ ਨੂੰ ਇਹ ਵਾਪਸ ਆਇਆ ਤਾਂ ਮੇਜਰ ਬ੍ਰਾਡਫੁਟ ਪੁਲੀਟੀਕਲ ਏਜੰਟ ਲੁਧਿਆਣਾ ਨੇ ਇਸ ਨੂੰ ਆਪਣੇ ਪਾਸ ਉਥੇ ਹੀ ਠਹਿਰਾ ਲਿਆ ।

ਅਜੀਬ ਕਰਤਬ

ਕੋਰਟਲੈਂਡ ਇਸ ਨਾਜ਼ਕ ਸਮੇਂ ਜਦ ਕਿ ਅੰਗ੍ਰੇਜ਼ਾਂ ਤੇ ਸਿੱਖਾਂ ਵਿਚਾਲੇ ਲੜਾਈ ਛਿੜਨ ਵਾਲੀ ਹੀ ਸੀ, ਲੂਣ ਹਰਾਮ ਬਣ ਕੇ ਖਾਲਸੇ ਦੇ ਵਿਰੁਧ ਅੰਗ੍ਰੇਜ਼ ਰਾਜਸੀ ਏਜੰਟ ਪਾਸ ਅਸਿਸਟੰਟ ਪੁਲੀਟੀਕਲ ਏਜੰਟ ਦੀ ਆਸਾਮੀ ਪਰ ਨੌਕਰ ਹੋ ਗਿਆ ।

ਖਾਲਸਾ ਦਰਬਾਰ ਦੇ ਫ਼ੌਜੀ ਰੀਕਾਰਡ ਦੀਆਂ ਲਿਖਤਾਂ ਤੋਂ ਪਤਾ ਮਿਲਦਾ ਹੈ ਕਿ ਕੋਰਟਲੈਂਡ ਦੀ ਇਸਤ੍ਰੀ ਨੂੰ ਵੀ ੮੦੦) ਸਾਲਾਨਾ ਵਜ਼ੀਫ਼ਾ ਮਹਾਰਾਜਾ ਵਲੋਂ ਮਿਲਦਾ ਸੀ । ਸੰਨ ੧੮੪੨ ਵਿਚ ਇਸਦੇ ਲੜਕੇ ਦੇ ਨਾਮ ਪਰ ਵੀ ਵਜ਼ੀਫ਼ਾ ਲਾਇਆ ਗਿਆ। ਸੀਤਾ ਰਾਮ ਮਹਾਰਾਜਾ ਰਣਜੀਤ ਸਿੰਘ ੩੪੮-੫੦ ।

ਕੋਰਟਲੈਂਡ ਸਤਲੁਜ ਦੀ ਲੜਾਈ ਦੇ ਮੁਕਣ ਤਕ ਅੰਗ੍ਰੇਜ਼ਾਂ ਪਾਸ ਨੌਕਰ ਰਿਹਾ । ਅੰਗ੍ਰੇਜ਼ਾਂ ਦਾ ਜਦ ਲਾਹੌਰ ਪਰ ਕਬਜ਼ਾ ਹੋ ਗਿਆ ਤਾਂ ਕੋਰਟਲੈਂਡ ਨੂੰ ਅੰਗ੍ਰੇਜ਼ਾਂ ਵੱਲੋਂ ਕਰਨੈਲੀ ਪਰ ਤ੍ਰੱਕੀ ਦਿੱਤੀ ਗਈ ਤੇ ਮੁੜ ਖਾਲਸਾ ਫ਼ੌਜ ਵਿਚ ਦਾਖ਼ਲ ਕਰਵਾ ਦਿੱਤਾ ।

ਜਰਨੈਲੀ ਦੀ ਸਫ਼ਾਰਸ਼

ਪਹਿਲੀ ਲੜਾਈ ਦੇ ਬਾਅਦ ਲਾਹੌਰ ਦਰਬਾਰ ਵਿਚ ਲਾਲ ਸਿੰਘ ਤੇ ਤੇਜਾ ਸਿੰਘ ਵਰਗੇ ਗ਼ੱਦਾਰ ਜ਼ਿਮਾਵਾਰੀਆਂ ਦੇ ਅਹੁਦਿਆਂ ਪਰ ਨੀਯਤ ਕੀਤੇ ਗਏ ਸਨ । ਇਨ੍ਹਾਂ ਕੋਰਟਲੈਂਡ ਲਈ ਜਰਨੈਲੀ ਪਰ ਤ੍ਰੱਕੀ ਤੇ ਜਾਗੀਰ ਤੇ ਤਲਬ ਦੇ ਵਾਧੇ ਲਈ ਸਫ਼ਾਰਸ਼ ਕੀਤੀ । ਪਰ ਭਲਾ ਹੋਵੇ ਹੈਨਰੀ ਲਾਰੰਸ ਦਾ ਉਸ ਨੇ ਕਈ ਗੱਲਾਂ ਮੁਖ ਰੱਖ ਕੇ ਆਪਣੇ ਖਾਸ ਅਧਿਕਾਰ ਨਾਲ ਇਹ ਅਯੋਗ ਸਫ਼ਾਰਸ਼ ਨਾ-ਮਨਜ਼ੂਰ ਕਰ ਦਿੱਤੀ ।

ਮੁਲਤਾਨ ਦਾ ਰੌਲਾ

ਖਾਲਸੇ ਅਤੇ ਅੰਗ੍ਰੇਜ਼ਾਂ ਦੀ ਦੂਜੀ ਲੜਾਈ ਜੋ ਮੁਲਤਾਨ ਦੀ ਸ਼ੋਰਸ਼ ਦੇ ਨਾਮ ਪਰ ਪ੍ਰਸਿੱਧ ਹੈ, ਇਸ ਵਿਚ ਕੋਰਟਲੈਂਡ ਖੁਲ੍ਹਮ-ਖੁਲ੍ਹਾ ਸਿੱਖਾਂ ਦੇ ਉਲਟ ਲੜਾਈਆਂ ਵਿਚ ਲੜਦਾ ਰਿਹਾ । ਜਿਸ ਦਾ ਹਾਲ ਐਡਵਰਡ ਆਪਣੀ ਪੁਸਤਕ ਵਿਚ ਬਹੁਤੀ ਥਾਈਂ ਵਿਸਥਾਰ ਨਾਲ ਲਿਖਦਾ ਹੈ* ।

ਪੰਜਾਬ ਪਰ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਜਾਣ ਦੇ ਉਪਰੰਤ ਕੋਰਟਲੈਂਡ ਨੂੰ ਖ਼ਾਸ ਖਿਦਮਤਾਂ ਦੇ ਬਦਲੇ ਪੰਜਾਬ ਵਿਚ ਡਿਪਟੀ ਕਮਿਸ਼ਨਰ ਦਾ ਅਹੁਦਾ ਦਿੱਤਾ ਗਿਆ । ਇਸ ਦੇ ਉਪਰੰਤ ਮੁਲਤਾਨ ਦੀ ਕਮਿਸ਼ਨਰੀ ਦੇ ਅਹੁਦੇ ਪਰ ਸੰਨ ੧੮੬੮ ਤਕ ਰਿਹਾ ਅਤੇ ਇਥੋਂ ਹੀ ਪੂਰੀ ਪੈਨਸ਼ਨ ਲੈ ਕੇ ਲੰਡਨ ਚਲਾ ਗਿਆ ਅਤੇ ਉਥੇ ਹੀ ਸੰਨ ੧੮੮੮ ਵਿਚ ਮਰ ਗਿਆ† ।

---

*ਐਡਵਰਡ ਖਿਦਮਤੇ ਯਕਸਾਲਾ ਬਰਸਰਹਦੇ ਪੰਜਾਬ ਜਿਲਦ ੨ ਸਫ਼ਾ ੨੫੧ ।

†ਪੀਅਰਸ, ਗਾਰਡਨਰ ਸਫ਼ਾ ੩੩੯ ।

ਫ਼ੋਲਕਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਫੋਲਕਸ	ਅੰਗ੍ਰੇਜ਼	ਫ਼ਰਵਰੀ ੧੮੩੯- ੧੮੪੧	੬੦੦

ਫੋਲਕਸ ਦਾ ਖਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਫ਼ਰਵਰੀ ਸੰਨ ੧੮੩੯ ਤੋਂ ਨਾਮ ਆਉਂਦਾ ਹੈ, ਇਸ ਨੂੰ ੬੦੦ ਰੁਪਿਆ ਮਹੀਨਾ ਤਲਬ ਪਰ 'ਨਾਹਰ ਸਿੰਘ ਰਜਮਟ' ਵਿਚ ਲਗਾਇਆ ਗਿਆ।

ਲਾਹੌਰ ਆਵਨ ਦੀ ਬੁਝਾਰਤ

ਇਹ ਗੱਲ ਵੱਡੀ ਅਸਚਰਜ ਕਰਨ ਵਾਲੀ ਹੈ ਕਿ ਫ਼ੋਲਕਸ ਦਾ ਲਾਹੌਰ ਆ ਕੇ ਖਾਲਸਾ ਫ਼ੌਜ ਵਿਚ ਨੌਕਰ ਹੋਣ ਤੋਂ ਪਹਿਲੇ ਹਾਲ ਦਾ ਕੋਈ ਪਤਾ ਨਹੀਂ ਚੱਲਦਾ ਕਿ ਉਹ ਕਿਸ ਰਾਹ ਅਤੇ ਕਿਥੋਂ ਪੰਜਾਬ ਪੁੱਜਾ ਅਤੇ ਇਥੇ ਆਉਣ ਤੋਂ ਪਹਿਲਾਂ ਉਹ ਕਿਥੇ ਨੌਕਰ ਰਿਹਾ ਸੀ, ਆਦਿ। ਇਹ ਸਾਰੀਆਂ ਗੱਲਾਂ ਅਜੇ ਤਕ ਇੱਕ ਬੁਝਾਰਤ ਰਹੀ ਹੈ। ਡਾਕਟਰ ਮੈਕਗ੍ਰੇਗਰ ਆਪਣੀ ਲਿਖਤ ਹਿਸਟਰੀ ਵਿਚ ਇਸਦਾ ਇਤਨਾ ਹੀ ਹਾਲ ਦੇਂਦਾ ਹੈ ਕਿ ਫ਼ੋਲਕਸ ਇੱਕ ਸ਼ਰੀਫ਼ ਅੰਗ੍ਰੇਜ਼ ਹੈ†।

ਫ਼ੋਲਕਸ ਬਾਰੇ ਮਿਸਟਰ ਬਾਰ ਦੇ ਸਫ਼ਰਨਾਮੇ ਤੋਂ ਕੇਵਲ ਇੰਨਾ ਹੀ ਪਤਾ ਮਿਲਦਾ ਹੈ ਕਿ ਉਹ ਬਾਰ ਨਾਲ ਇਕੋ ਸਕੂਲ ਵਿਚ ਪੜ੍ਹਦਾ ਰਿਹਾ ਸੀ‡।

ਫੋਲਕਸ ਨੂੰ ਇਕ ਸਾਲ ਦੇ ਬਾਅਦ ਉਪ੍ਰੋਕਤ ਰਜਮਟ ਤੋਂ ਬਦਲ ਕੇ ਜਨਰਲ ਵੈਨਤੂਰਾ ਦਾ ਮੱਦਦਗਾਰ ਏ. ਡੀ. ਸੀ. ਲਾਇਆ ਗਿਆ। ਸੰਨ ੧੮੪੦ ਵਿਚ ਮਹਾਰਾਜਾ ਨੌ-ਨਿਹਾਲ ਸਿੰਘ ਨੇ ਵੈਨਤੂਰਾ ਦੇ ਡੇਰੇ

†ਮੈਕਗ੍ਰੇਗਰ ਹਿਸਟਰੀ ਆਫ਼ ਦੀ ਸਿਖਜ਼ ਜਿਲਦ ੧ ਸਫ਼ਾ ੨੫੭।

‡ਬਾਰਜ਼ ਜਰਨਲ ਆਫ ਮਾਰਚ, ਫਰਾਮ ਦਿਲੀ ਟੂ ਪਿਸ਼ਾਵਰ, ਸਫ਼ਾ ੭੨।

[ਡਵੀਜ਼ਨ] ਨੂੰ ਮੰਡੀ ਪਰ ਚੜ੍ਹਾਈ ਲਈ ਭੇਜਿਆ ।

ਫ਼ੋਲਕਸ ਦਾ ਮਾਰਿਆ ਜਾਣਾ

ਸੰਨ ੧੮੪੧ ਦੇ ਆਰੰਭ ਵਿਚ ਮਹਾਰਾਜਾ ਸ਼ੇਰ ਸਿੰਘ ਦੇ ਹੁਕਮ ਨਾਲ ਵੈਨਤੂਰਾ ਕੁਝ ਸਮੇਂ ਲਈ ਲਾਹੌਰ ਆਇਆ ਪਿਛੇ ਫੌਜੀ ਕੰਮ ਹੋਰਨਾਂ ਅਫ਼ਸਰਾਂ ਨਾਲ ਮਿਲ ਕੇ ਫੋਲਕਸ ਚਲਾ ਰਿਹਾ ਸੀ । ਇਸ ਗੱਲ ਦਾ ਠੀਕ ਠੀਕ ਪਤਾ ਨਹੀਂ ਮਿਲਦਾ ਕਿ ਇਹਨਾਂ ਦਿਨਾਂ ਵਿਚ ਫ਼ੋਕਲਸ ਨੇ ਫੌਜੀ ਜੁਆਨਾਂ ਨਾਲ ਕੋਈ ਐਸਾ ਭੜਕਾਊ ਵਰਤਾਵ ਕੀਤਾ ਜਿਸ ਨਾਲ ਇਸ ਦੀ ਫ਼ੌਜ ਦੇ ਜਵਾਨ ਆਪੇ ਤੋਂ ਬਾਹਰ ਹੋ ਗ਼ਏ ਅਤੇ ੧੦ ਮਾਰਚ ਦੀ ਰਾਤ ਨੂੰ ਸਰਦਾਰ ਅਲਬੇਲ ਸਿੰਘ ਜਰਨੈਲ ਦੀ ਅਗਵਾਈ ਵਿਚ ਬਹੁਤ ਸਾਰੇ ਫੌਜੀਆਂ ਫ਼ੋਲਕਸ ਦੇ ਤੰਬੂ ਪਰ ਹੱਲਾ ਬੋਲਕੇ ਇਸ ਨੂੰ ਮਾਰ ਦਿੱਤਾ ।

ਕਿਹਾ ਜਾਂਦਾ ਸੀ ਕਿ ਖਾਲਸਾ ਫ਼ੌਜ ਵਿਚ ਇਨ੍ਹਾਂ ਦਿਨਾਂ ਵਿਚ ਅੰਗ੍ਰੇਜ਼ਾ ਨੌਕਰਾਂ ਨੂੰ ਵੱਡੀ ਸ਼ੱਕ ਦੀ ਨਜ਼ਰ ਨਾਲ ਡਿੱਠਾ ਜਾਂਦਾ ਸੀ । ਨਹੀਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਸੰਸਿਆਂ ਨੇ ਹੀ ਇਹ ਭਿਆਨਕ ਰੂਪ ਧਾਰ ਲਿਆ ਸੀ ਯਾ ਉਸ ਦਾ ਕੋਈ ਨਵਾਂ ਐਸਾ ਭੜਕਾਊ ਕੰਮ ਫੌਜ ਦੇ ਸਾਹਮਣੇ ਆਇਆ ਜਿਸ ਦੇ ਕਾਰਨ ਇਸ ਫੌਜ ਦਾ ਸਹਾਰੇ ਦਾ ਕਟੋਰਾ ਛੁਲਕ ਪਿਆ ਤੇ ਇਸ ਦਾ ਅੰਤ ਫੋਲਕਸ ਦੀ ਹੱਤਿਆ ਦੇ ਰੂਪ ਵਿਚ ਪ੍ਰਗਟ ਹੋਇਆ ।

ਫ਼ੋਲਕਸ ਦੇ ਕਤਲ ਬਾਰੇ ਪ੍ਰਸਿੱਧ ਸੈਲਾਨੀ ਡੀ.ਵਿੰਜਨ ਲਿਖਦਾ ਹੈ ਮੇਰੇ ਮਿਤ੍ਰ ਕਰਨੈਲ ਫ਼ੋਲਕਸ ਨੂੰ ਉਸ ਦੀ ਰਜਮਟ ਦੇ ਆਦਮੀਆਂ ਨੇ ਕੁਝ ਸਮਾਂ ਪਹਿਲਾਂ ਹੀ....ਕਹਿ ਦਿੱਤਾ ਸੀ ਕਿ ਜੇ ਕਦੇ ਉਹ ਆਪਣੀ ਜਾਨ ਦੀ ਰਖਿਆ ਚਾਹੁੰਦਾ ਹੈ ਤਾਂ ਉਹ ਪੰਜਾਬ ਵਿਚੋਂ ਚਲਿਆ ਜਾਏ ਪਰ ਇਹ ਗੱਲ ਫ਼ੋਲਕਸ ਨੇ ਨਾ ਮੰਨੀ, ਜਿਸ ਦਾ ਫਲ ਇਹ ਹੋਇਆ ਕਿ [redacted] ਨੂੰ ਕੁਝ ਫੌਜੀ ਜਵਾਨ [redacted] ਜ਼ੋਰ ਦੇ [redacted]ਰੇ ਗਜਾਂਦੇ ਹੋਏ ਉਸ

ਦੇ ਡੇਰੇ ਵੱਲ ਆਏ ਇਸ ਸਮੇਂ ਉਸਦੇ ਅਰਦਲੀ ਨੇ ਉਸ ਨੂੰ ਉਠਾਕੇ ਆਖਿਆ ਕਿ ਉਹ ਭੱਜਕੇ ਰਾਤ ਦੇ ਹਨੇਰੇ ਵਿਚ ਆਪਣੀ ਜਾਨ ਬਚਾ ਲਏ। ਪਰ ਇਸ ਤੋਂ ਪਹਿਲਾਂ ਕਿ ਉਹ ਇਸ ਤਰ੍ਹਾਂ ਕਰਦਾ ਇਕਾ ਇਕ ਫੌਜੀਆਂ ਨੇ ਫ਼ੋਲਕਸ ਨੂੰ ਘੇਰ ਲਿਆ ਤੇ ਤਲਵਾਰਾਂ ਨਾਲ ਇਸ ਦੇ ਟੁਕੜੇ ਕਰ ਦਿਤੇ। ਇਨ੍ਹਾਂ ਫੌਜੀਆਂ ਦਾ ਜੋਸ਼ ਐਨਾਂ ਭਿਆਨਕ ਰੂਪ ਧਾਰ ਚੁਕਾ ਸੀ ਕਿ ਉਨ੍ਹਾਂ ਛੇਤੀ ਛੇਤੀ ਲਕੜੀਆਂ ਇਕੱਠੀਆਂ ਕਰਕੇ ਅੱਗ ਬਾਲ ਦਿਤੀ ਅਤੇ ਇਸ ਦੀ ਅਧਮੋਈ ਦੇਹ ਨੂੰ ਇਸ ਭੜਕ ਰਹੀ ਅੱਗ ਪਰ ਸੁਟ ਦਿਤਾ*, ਆਦਿ।

ਖਾਲਸਾ ਰੀਕਾਰਡਜ਼ ਵਿਚ ਕੁਝ ਐਸੀਆਂ ਚਿੱਠੀਆਂ ਮਿਲਦੀਆਂ ਹਨ, ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਗਵਰਨਮਿੰਟ ਆਫ਼ ਇੰਡੀਆ ਨੇ ਫ਼ੋਲਕਸ ਨੂੰ ਮਾਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਮਹਾਰਾਜਾ ਸ਼ੇਰ ਸਿੰਘ ਨੂੰ ਕਈ ਵਾਰੀ ਲਿਖਿਆ, ਪਰ ਮਹਾਰਾਜਾ ਸਾਹਿਬ ਨੇ ਇਸ ਬਦਲੇ ਕੋਈ ਸਜ਼ਾ ਕਿਸੇ ਨੂੰ ਨਾ ਸੀ ਦਿੱਤੀ।

—:—o—:—

ਬਾਰਲੋ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਬਾਰਲੋ	ਅੰਗ੍ਰੇਜ਼	੧੮੪੩	੨੦੦

ਬਾਰਲੋ ਬਾਰੇ ਖਾਲਸਾ ਦਰਬਾਰ ਦੇ ਰੀਕਾਰਡਾਂ ਵਿਚ ਬਹੁਤ ਘੱਟ ਜ਼ਿਕਰ ਆਉਂਦਾ ਹੈ। ਕਰਨਲ ਗਾਰਡਨਰ ਅਤੇ ਡਾਕਟਰ ਚੋਪੜਾ ਬਾਰਲੋ ਦੀ ਕੌਮੀਅਤ ਇੰਗਲਿਸ਼ ਦੱਸਦੇ ਹਨ। ਮੇਜਰ ਮਿਕੈਨਨ ਇਨ੍ਹਾਂ ਦੀ ਤਾਈਦ ਵਿਚ ਲਿਖਦਾ ਹੈ ਕਿ ਇਕ ਬਾਰਲੋ ਨਾਮੀ ਅੰਗ੍ਰੇਜ਼, ਜੋ ਸਿਖਾਂ ਪਾਸ ਨੌਕਰ ਸੀ, ਫ਼ੀਰੋਜ਼ਪੁਰ ਸ਼ਹਿਰ ਦੀ ਲੜਾਈ ਵਿਚ ਫੱਟੜ

*ਵੀ. ਵਿੰਜਨ ਟ੍ਰੈਵਲਜ਼ ਇਨ ਕਸ਼ਮੀਰ, ਜਿਲਦ ੧, ਸਫਾ ੧੩੦; ਜਰਨਲ ਆਫ ਦੀ ਪੰਜਾਬ ਹਿਸਟਾ[illegible] ਸੁ[illegible]ਟੀ. [illegible] ੭, ਸਫਾ ੨੫।

ਹੋ ਕੇ ਮੈਦਾਨ ਵਿਚ ਉੱਚੀ ਉੱਚੀ ਪੁਕਾਰ ਕੇ ਅੰਗ੍ਰੇਜ਼ੀ ਭਾਸ਼ਾ ਵਿਚ ਗੋਰਾ ਪਲਟਨ ਦੇ ਸਿਪਾਹਿਆਂ ਨੂੰ ਆਖਦਾ ਸੀ ਕਿ ਮੇਰੀ ਜਾਨ ਬਚਾ ਲਵੋ ਮੈਂ ਤੁਹਾਡਾ ਅੰਗ੍ਰੇਜ਼ ਭਾਈ ਹਾਂ ਅਤੇ ੪੪ ਯੂਰਪੀਨ ਰਜਮਟ ਵਿਚ ਨੌਕਰੀ ਕਰ ਚੁਕਾ ਹਾਂ । ਪਰ ਇਸ ਸਮੇਂ ਇਸ ਦੀ ਕਿਸੇ ਵੀ ਨਾ ਸੁਣੀ ਤੇ ਇਸ ਨੂੰ ਗੋਰਿਆਂ ਨੇ ਸੰਗੀਨਾਂ ਮਾਰਕੇ ਉਥੇ ਹੀ ਢੇਰੀ ਕਰ ਦਿੱਤਾ* ਇਹ ਹੈ ਬਾਰਲੋ ਦੀ ਵਿਥਿਆ ।

---o---

ਜਾਨ-ਬ੍ਰੋਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜਾਨ-ਬ੍ਰੋਨ	ਅੰਗ੍ਰੇਜ਼	੧੮੪੧-੪੯	੩੫੦

ਬ੍ਰੋਨ ਦਾ ਅਸਲ ਨਾਮ ਰਿਚਰਡ ਪਾਟਰ ਸੀ । ਕਿਸੇ ਭਾਵ ਨੂੰ ਮੁਖ ਰੱਖਕੇ ਜਦ ਇਹ ਖਾਲਸਾ ਫ਼ੌਜ ਵਿਚ ਨੌਕਰੀ ਲਈ ਕਿਸੇ ਨਾ ਮਾਲੂਮ ਰਾਹ ਥਾਣੀ ਲਾਹੌਰ ਪੁਜਾ ਤਾਂ ਇਥੇ ਇਸ ਨੈ ਆਪਣਾ ਨਾਮ ਬਦਲਾਕੇ ਪਾਟਰ ਦੀ ਥਾਂ ਬ੍ਰੋਨ ਅਤੇ ਕੌਮੀਅਤ ਬਜਾਏ ਇੰਗਲਸ਼ ਦੇ ਅਮ੍ਰੀਕਨ ਦੱਸੀ ।

ਭਗੌੜਾ ਹੋਕੇ ਆਉਣਾ

ਕਿਹਾ ਜਾਂਦਾ ਹੈ ਕਿ ਇਹ ਬੰਗਾਲ ਆਰਮੀ ਦੇ ਤੋਪਖ਼ਾਨੇ ਤੋਂ ਭਗੌੜਾ ਹੋ ਗਿਆ ਸੀ । ਖਾਲਸਾ ਰੀਕਾਰਡ ਅਤੇ ਬਰਾਵੂਰਦ ਤੋਂ ਪੱਤਾ ਮਿਲਦਾ ਹੈ ਕਿ ਬ੍ਰੋਨ ਸੰਨ ੧੮੪੧ ਵਿਚ ਪੰਜਾਬ ਆਇਆ । ਉਹ ਜਦ ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਇਸ ਦੀ ਪ੍ਰੀਖਿਆ ਲੈਣ ਤੋਂ ਮਾਲੂਮ ਹੋਇਆ ਕਿ ਉਹ ਤੋਪਖ਼ਾਨੇ ਦੇ ਕੰਮ ਦਾ ਚੰਗਾ ਜਾਣੂ ਸੀ । ਜਿਸ ਪਰ ਇਸ ਨੂੰ ੩੫੦) ਰੁਪਿਆ ਮਹੀਨਾ ਤਲਬ ਪਰ ਤੋਪਖ਼ਾਨੇ ਵਿਚ ਮੇਜਰ ਦੇ ਅਹੁਦੇ ਪਰ ਨੀਯਤ ਕੀਤਾ ਗਿਆ । ਬ੍ਰੋਨ

*ਮਿਕੈਨਜ਼, ਮਿਲਟਰੀ ਐਡਵਾਂਚਰਜ਼, ਜਿਲਦ ੨, ਸਫ਼ਾ ੧੮੩ ।

ਨੂੰ ਨੌਕਰ ਰੱਖਣ ਸਮੇਂ ਮਹਾਰਾਜਾ ਸ਼ੇਰ ਸਿੰਘ ਨੇ ਉਸ ਦੇ ਪਹਿਲੇ ਸਮਾਚਾਰਾਂ ਬਾਰੇ ਐਨੀ ਬਾਰੀਕੀ ਨਾਲ ਪੁਛ ਗਿਛ ਨਾ ਸੀ ਕੀਤੀ ਜ਼ਿਨੀ ਸ਼ੇਰਿ ਪੰਜਾਬ ਨੇ, ਵੈਨਤੂਰਾ ਤੇ ਐਲਾਰਡ ਦੇ ਪੰਜਾਬ ਵਿਚ ਆਉਣ ਸਮੇਂ ਕੀਤੀ ਸੀ ।

ਖਾਲਸੇ ਨਾਲ ਗ਼ਦਾਰੀ

ਇਹਾ ਕਾਰਨ ਸੀ ਬ੍ਰੋਨ ਅਗੇ ਜਾਕੇ ਖਾਲਸੇ ਦਾ ਵਫ਼ਾਦਾਰ ਨਾ ਨਿਕਲਿਆ । ਕੁਝ ਸਮਾਂ ਇਸ ਬਾਰੇ ਕੋਈ ਖ਼ਬਰ ਲਿਖਤੀ ਨਹੀਂ ਮਿਲਦੀ, ਹਾਂ ਅੰਗ੍ਰੇਜ਼ਾਂ ਤੇ ਖਾਲਸੇ ਦੀ ਪਹਿਲੀ ਜੰਗ ਛਿੜਨ ਪਰ ਇਹ ਖਾਲਸਾ ਕੈਂਪ ਵਿਚੋਂ ਕਿਸੇ ਤਰ੍ਹਾਂ ਨਿਕਲ ਕੇ ਅੰਗ੍ਰੇਜ਼ਾਂ ਪਾਸ ਲੁਧਿਆਣੇ ਜਾ ਪੁਜਾ ਅਤੇ ਉਥੇ ਉਸ ਨੇ ਅੰਗ੍ਰੇਜ਼ ਕਰਮਚਾਰੀਆਂ ਨੂੰ ਆਖਿਆ ਕਿ ਉਹ ਇਸ ਸਮੇਂ ਆਪਣੀ ਕੌਮ ਦੀ ਖ਼ਿਦਮਤ ਕਰਨਾ ਚਾਹੁੰਦਾ ਹੈ ਉਸ ਨੂੰ ਕੋਈ ਸੇਵਾ ਦੱਸੀ ਜਾਏ । ਮੇਜਰ ਮੈਕਗ੍ਰੇਗਰ ਲਿਖਦਾ ਹੈ ਕਿ ਬ੍ਰੋਨ ਨੂੰ ਆਖਿਆ ਗਿਆ ਹੈ ਕਿ ਬਜਾਏ ਸਾਡੇ ਨਾਲ ਮਿਲਕੇ ਸਿਖਾਂ ਦੇ ਵਿਰੁਧ ਲੜਨ ਨਾਲੋਂ ਵਧੇਰਾ ਲਾਭਦਾਇਕ ਇਹ ਹੋਵੇਗਾ ਕਿ ਉਹ ਮੁੜ ਆਪਣੀ ਫੌਜ (ਖਾਲਸਾ ਰਜਮਟ) ਵਿਚ ਜਾ ਰਹੇ ਤੇ ਉਥੇ ਰਹਿਕੇ ਆਪਣੀ ਕੌਮ ਲਈ ਵਧੇਰਾ ਲਾਭਦਾਇਕ ਸਾਬਤ ਹੋਵੇਗਾ* ।

ਇਸ ਪ੍ਰੇਰਨਾ ਅਨੁਸਾਰ ਬ੍ਰੋਨ ਮੁੜ ਸਰਦਾਰ ਰਣਜੋਧ ਸਿੰਘ ਦੇ ਕੈਂਪ ਵਿਚ ਪਹੁੰਚ ਗਿਆ ।

ਤੋਪਖ਼ਾਨੇ ਦੀ ਅਯੋਗ ਵਰਤੋਂ

ਦੂਜੇ ਦਿਨ ੨੮ ਜਨਵਰੀ ੧੮੪੫ ਦੀ ਸਵੇਰ ਨੂੰ ਅਲੀਵਾਲ ਦੀ ਲੜਾਈ ਆਰੰਭ ਹੋਈ । ਇਸ ਸਮੇਂ ਬ੍ਰੋਨ ਨੇ ਜਾਨ ਬੁਝ ਕੇ ਰਣਤੱਤੇ ਵਿਚ ਖਾਲਸੇ ਦੀਆਂ ਤੋਪਾਂ ਦੇ ਮੂੰਹ ਉਚੇ ਰੱਖੇ ਤਾਕਿ ਉਨ੍ਹਾਂ ਦੀ ਮਾਰ

---

*ਮੈਕਗ੍ਰੇਗਰਜ਼ ਹਿਸਟਰੀ ਆਫ ਦੀ ਸਿਖਜ਼, ਜਿ: ੨, ਸ: ੧੪੦ ।

ਤੋਂ ਅੰਗ੍ਰੇਜ਼ੀ ਫ਼ੌਜ ਬਚੀ ਰਹੇ ਅਤੇ ਗੋਲਾ ਉਨ੍ਹਾਂ ਦੇ ਸਿਰਾਂ ਤੋਂ ਉਤਾਂਹ ਹੀ ਚਲਾ ਜਾਏ*।

ਇਸ ਦੀਆਂ ਹੋਰ ਖਿਦਮਤਾਂ ਬਾਰੇ, ਏਨਲ ਟੇਲਰ ਇਸ ਤਰ੍ਹਾਂ ਲਿਖਦਾ ਹੈ: 'ਭਾਵੇਂ ਪਾਟਰ (ਬ੍ਰੋਨ) ਸਿੱਖਾਂ ਦਾ ਨੌਕਰ ਹੈ, ਪਰ ਉਹ ਸਾਨੂੰ ਆਉਣ ਵਾਲੀਆਂ ਮੁਸ਼ਕਲਾਂ ਤੋਂ ਪਹਿਲਾਂ ਹੀ ਖਬਰਾਂ ਭੇਜ ਦੇਂਦਾ ਹੈ।'

ਇਨ੍ਹਾਂ ਬਹੁਮੁੱਲੀਆਂ ਖਿਦਮਤਾਂ ਦੇ ਬਦਲੇ ਬ੍ਰੋਨ ਨੂੰ ਸਿੱਖਾਂ ਦੀ ਦੂਜੀ ਲੜਾਈ ਦੇ ਬਾਅਦ ਅੰਗ੍ਰੇਜ਼ੀ ਪੁਲੀਸ ਵਿਚ ਉੱਚਾ ਅਹੁਦਾ ਦਿੱਤਾ ਗਿਆ।

ਬ੍ਰੋਨ ਕੁਝ ਸਮੇਂ ਦੇ ਬਾਅਦ ਦੋਹਾਂ ਅੱਖਾਂ ਤੋਂ ਅੰਨ੍ਹਾਂ ਹੋ ਗਿਆ ਤੇ ਅੰਗ੍ਰੇਜ਼ਾਂ ਵਲੋਂ ਇਸ ਨੂੰ ਪੈਨਸ਼ਨ ਦਿੱਤੀ ਗਈ।

---o---

ਰਾਟਰੀ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਰਾਟਰੀ	ਅੰਗ੍ਰੇਜ਼	੧੮੩੪-੩੬	੧੫੦

ਰਾਟਰੀ ਇੰਗਲਸਤਾਨ ਦੇ ਪ੍ਰਸਿੱਧ ਘਰਾਣੇ ਦਾ ਆਦਮੀ ਸੀ, ਇਸ ਦੀ ਵਿਦਿਯਾ ਵੀ ਚੰਗੀ ਸੀ, ਪਰ ਇਸ ਦਾ ਇੰਨੀ ਘੱਟ ਤਲਬ ਪਰ ਖਾਲਸਾ ਦਰਬਾਰ ਦੀ ਨੌਕਰੀ ਕਰ ਲੈਣੀ ਕੁਝ ਹੈਰਾਨਗੀ ਵਿਚ ਪਾਂਦਾ ਹੈ।

ਫ਼ੌਜ ਵਿਚੋਂ ਗ਼ੈਬ ਹੋ ਜਾਣਾ

ਇਸ ਤੋਂ ਵੀ ਵੱਧ ਹੈਰਾਨਗੀ ਵਿਚ ਪਾਣ ਵਾਲੀ ਗੱਲ ਤਾਂ ਇਹ ਹੈ ਕਿ ਦੋ ਸਾਲ ਦੇ ਲਗ ਪਗ ਖਾਲਸਾ ਫ਼ੌਜ ਵਿਚ ਨੌਕਰੀ ਕਰਨ ਦੇ ਬਾਅਦ ਉਹ ਬਿਨਾਂ ਕਿਸੇ ਕਾਰਨ ਦੇ ਇੱਕਾ ਇੱਕ ਭੇਸ ਬਦਲਕੇ, ਲਾਹੌਰ

*[redacted] ਜਿ: ੨ ਸ: ੧੫੦

ਵਿਚੋਂ ਖਿਸਕ ਗਿਆ, ਇਹ ਗੱਲ ਸੰ:੧੮੩੬ ਦੀ ਹੈ ।

ਗਾਟਰੀ ਲਾਹੌਰੋਂ ਨਿਕਲ ਕੇ ਭਾਵਲਪੁਰ ਦੇ ਰਾਹ ਅਫ਼ਗਾਨਿਸਤਾਨ ਪਹੁੰਚ ਗਿਆ ਅਤੇ ਅਮੀਰ ਦੋਸਤ ਮੁਹੰਮਦ ਖ਼ਾਨ ਨਾਲ ਮਿਲ ਕੇ ਆਪਣੇ ਉਸੇ ਮਾਲਕ ਦੇ ਵਿਰੁਧ ਸਾਜ਼ਸ਼ਾਂ ਕਰਨ ਲਗ ਪਿਆ ਜਿਸ ਦਾ ਨਿਮਕ ਅਜੇ ਉਸ ਦੀਆਂ ਰਗਾਂ ਵਿਚ ਮੌਜੂਦ ਸੀ ।

ਆਪਣੇ ਮਾਲਕ ਦੇ ਵਿਰੁਧ ਲੜਨਾ

ਗਾਟਰੀ ਜਦ ੨ ਸਤੰਬਰ ਸੰਨ ੧੮੩੭ ਨੂੰ ਅਲਗਜ਼ਾਂਡਰ ਬਾਰਨਸ ਤੇ ਕਪਤਾਨ ਵੁਡ ਨੂੰ ਅਲੀ ਮਸਜਦ ਵਿਚ ਮਿਲਿਆ ਤਾਂ ਉਸ ਨੇ ਆਪਣੇ ਇਸ ਘ੍ਰਿਣਤ ਯੋਗ ਕੰਮ ਨੂੰ ਵਡੇ ਫ਼ਖ਼ਰ ਨਾਲ ਉਨ੍ਹਾਂ ਨੂੰ ਦਸਿਆ ਕਿ ਜਮਰੋਦ ਦੀ ਪ੍ਰਸਿੱਧ ਲੜਾਈ, ਜੇਹੜੀ ਉਸੇ ਸਾਲ ਅਪ੍ਰੈਲ ਵਿਚ ਲੜੀ ਗਈ ਸੀ, ਉਸ ਵਿਚ ਉਹ ਮਹਾਰਾਜਾ ਰਣਜੀਤ ਸਿੰਘ ਦੇ ਵਿਰੁਧ ਅਫ਼ਗਾਨਾਂ ਵਲੋਂ ਲੜਿਆ ਸੀ* ।

ਇਨ੍ਹਾਂ ਦਿਨਾਂ ਵਿਚ ਗਾਟਰੀ ਲੰਡੀ ਕੋਤਲ ਵਿਚ ਸੀ । ਗਾਟਰੀ ਦੇ ਆਚਰਨ ਦਾ ਚਿਤਰ, ਕਪਤਾਨ ਵੁਡ ਦੀ ਇਸ ਲਿਖਤ ਤੋਂ ਸਪੱਸ਼ਟ ਅੱਖਾਂ ਅਗੇ ਆ ਖਲੋਂਦਾ ਹੈ । ਉਹ ਲਿਖਦਾ ਹੈ:-

'ਖਾਲਸੇ ਦੇ ਜਮਰੋਦ ਦੇ ਕਿਲ੍ਹੇ ਦੀ ਵਰਤੋਂ ਲਈ ਪਾਣੀ ਦਾ ਕੱਠਾ ਦੱਰਾ ਖੈਬਰ ਵਿਚੋਂ ਲੰਘਦਾ ਹੈ । ਗਾਟਰੀ ਨੂੰ ਜਦ ਤਕ ਸਿੱਖਾਂ ਵਲੋਂ ਰਿਸ਼ਵਤ ਮਿਲਦੀ ਰਹਿੰਦੀ ਹੈ ਤਦ ਤਕ ਪਾਣੀ ਖੁਲ੍ਹਾ ਰਹਿੰਦਾ ਹੈ ਜਦ ਉਸ ਨੂੰ ਮੁੜ ਰਿਸ਼ਵਤ ਲੈਣ ਦੀ ਲੋੜ ਹੁੰਦੀ ਹੈ ਪਾਣੀ ਬੰਦ ਕਰਾ ਦੇਂਦਾ ਹੈ । ਇਸ ਤਰ੍ਹਾਂ ਰਿਸ਼ਵਤ ਮਿਲਣ ਪਰ ਫਿਰ ਪਾਣੀ ਖੋਹਲ ਦੇਂਦਾ ਹੈ†।'

ਈਸਾਈਅਤ ਦਾ ਤਿਆਗ

ਵੁਡ ਅੱਗੇ ਜਾ ਕੇ ਗਾਟਰੀ ਬਾਰੇ ਲਿਖਦਾ ਹੈ ਕਿ ਅਸੀਂ ਅਜੇ

*ਏ. ਜਰਨੀ ਟੂ ਦੀ ਸੋਰਸ ਆਫ਼ ਆਕਸਸ, ਸਫ਼ਾ ੧੫੯ ।

†ਏ. ਜਰਨੀ ਟੂ ਦੀ ਸੋਰਸ ਆਫ਼ ਆਕਸਸ, ਸਫ਼ਾ ੧੬੧ ।

ਕਾਬਲ ਵਿਚ ਹੀ ਸਾਂ ਕਿ ਉਹ ਅਲੀ ਮਸਜਦ ਤੋਂ ਕਾਬਲ ਪੁੱਜਾ । ਉਸ ਇਥੇ ਆਪਣਾ ਈਸਾਈ ਮਤ ਤਿਆਗ ਕੇ ਇਸਲਾਮ ਧਾਰਨ ਕਰ ਲਿਆ* । ਅਮੀਰ ਦੋਸਤ ਮੁਹੰਮਦ ਖ਼ਾਨ ਰਾਟਰੀ ਦੀ ਮਜ਼ਹਬੀ ਤਬਦੀਲੀ ਨੂੰ ਪੇਟ ਪਾਲਣ ਲਈ ਵਪਾਰ ਸਮਝਦਾ ਸੀ ।

ਰਾਟਰੀ ਬਹੁਤਾ ਸਮਾਂ ਅਫ਼ਗਾਨਿਸਤਾਨ ਵਿਚ ਵੀ ਨਾ ਟਿਕ ਸਕਿਆ । ਲਾਹੌਰ ਦਾ ਅੰਗ੍ਰੇਜ਼ੀ ਖ਼ਬਰ-ਨਵੀਸ ੩੧ ਦਸੰਬਰ ੧੮੩੮ ਦੀ ਰਿਪੋਰਟ ਵਿਚ ਲਿਖਦਾ ਹੈ ਕਿ ਰਾਟਰੀ ਬਿਨਾਂ ਅਮੀਰ ਦੀ ਆਗਿਆ ਦੇ ਉਸ ਦੀ ਨੌਕਰੀ ਤੋਂ ਭਗੌੜਾ ਹੋ ਗਿਆ, ਪਤਾ ਲੱਗਾ ਹੈ ਕਿ ਉਹ ਅਜ ਕਲ ਬਾਜੌੜ ਵਿਚ ਹੈ । †ਇਸ ਦੇ ਉਪਰੰਤ ਕੋਈ ਪਤਾ ਨਹੀਂ ਮਿਲਦਾ ਕਿ ਰਾਟਰੀ ਦਾ ਅੰਤ ਕੀ ਹੋਇਆ ।

—:-o-:—

ਮੈਕੀਓ ਫੋਰਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਮੈਕੀਓ ਫੋਰਡ	ਅੰਗਰੇਜ਼	੧੮੩੭-੪੧	੮੦੦

ਫੋਰਡ ਮਹਾਰਾਜਾ ਰਣਜੀਤ ਸਿੰਘ ਜੀ ਦੀ ਨੌਕਰੀ ਵਿਚ ਆਉਣ ਤੋਂ ਪਹਿਲਾਂ ਅੰਗਰੇਜ਼ੀ ਸੋਲਵੀਂ ਗੋਰਾ ਪਲਟਨ ਵਿਚ ਕੈਪਟਨ ਸੀ । ਇਸ ਅਹੁਦੇ ਪਰ ਉਹ ਸੰਨ ੧੮੩੭ ਦੇ ਆਰੰਭ ਤਕ ਰਿਹਾ । ਇਨ੍ਹਾਂ ਦਿਨਾਂ ਵਿਚ ਉਸ ਦੀ ਪਲਟਨ ਬਦਲ ਕੇ ਕਰਨਾਲ ਆ ਗਈ । ਹੁਣ ਇਸ ਨੂੰ ਆਪਣੀ ਰਜਮਟ ਦੀ ਪੇ ਮਾਸਟਰੀ ਦਾ ਕੰਮ ਵੀ ਸੌਂਪਿਆ ਗਿਆ ।

ਇਥੇ ਫੋਰਡ ਨੇ ਰਜਮੈਂਟਲ ਫੰਡ ਵਿਚੋਂ ੪੩੦੦੦) ਰੁਪਿਆ ਗ਼ਬਨ ਕਰ ਲਿਆ ਅਤੇ ਕਰਨਾਲ ਤੋਂ ਨਿਕਲ ਕੇ ਸਤਿਲੁਜ ਪਾਰ ਖ਼ਾਲਸਾ ਰਾਜ

---

*ਪੰਜਾਬ ਰੀਕਾਰਡਸ ਜਿ:੧੧੧, ਚਿੱਠੀ ੫੧, ਸ:੧੬੧ ।

†ਪੰਜਾਬ ਰੀਕਾਰਡਸ ਜਿ: ੧੧੧, ਚਿੱਠੀ ੫੧, ਸਫ਼ਾ ੧੬੧ ।

ਵਿਚ ਆ ਗਿਆ ।

ਚੂੰਕਿ ਫੋਰਡ ਪੁਰਾਣਾ ਅਫ਼ਸਰ ਸੀ, ਉਸ ਨੇ ਮਹਾਰਾਜਾ ਸਾਹਿਬ ਦੇ ਸਾਹਮਣੇ ਜਦ ਆਪਣਾ ਫ਼ੌਜੀ ਹੁਨਰ ਦਸਿਆ ਤਾਂ ਸ਼ੇਰਿ ਪੰਜਾਬ ਨੇ ਉਸ ਨੂੰ ੮੦੦) ਰੁਪਿਆ ਮਹੀਨਾ ਤਲਬ ਪਰ ਕਰਨੈਲੀ ਦੇ ਅਹੁਦੇ ਤੇ ਫ਼ੌਜ ਵਿਚ ਨੌਕਰ ਰਖ ਲਿਆ । ਫੋਰਡ ਦਾ ਜ਼ਿਕਰ ਖਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਓਦੋਂ ਆਉਂਦਾ ਹੈ ਜਦ ੨੭ ਜੂਨ ੧੮੩੯ ਦੇ ਦਿਨ ਸ਼ੇਰਿ ਪੰਜਾਬ ਮਹਾਰਾਜਾ ਸਾਹਿਬ ਰਣਜੀਤ ਸਿੰਘ ਕਮਰਕੱਸਾ ਕਰਕੇ ਸੱਚ-ਖੰਡ ਜਾ ਵਸੇ ਤਾਂ ਮਹਾਰਾਜਾ ਸਾਹਿਬ ਦੇ ਬਿਬਾਣ ਦਾ ਬੜਾ ਫੌਜੀ ਜਲੂਸ ਨਿਕਲਿਆ ਸੀ ਉਸ ਵ੍ਰਿਚ ਕਰਨਲ ਫੋਰਡ ਨੇ ਸਣੇ ਆਪਣੀ ਰਜਮਟ ਦੇ ਖਾਸ ਹਿੱਸਾ ਲਿਆ ਸੀ ।

ਫੋਰਡ ਦਾ ਕਤਲ

ਫੋਰਡ ਸੰਨ ੧੮੪੧ ਤਕ ਖਾਲਸਾ ਫ਼ੌਜ ਵਿਚ ਰਿਹਾ । ਉਸ ਦਾ ਸੁਭਾ ਬੜਾ ਤੇਜ਼ ਸੀ ਜਿਸ ਦੇ ਕਾਰਨ ਉਹ ਦਿਨੋਂ ਦਿਨ ਆਪਣੀ ਪਲਟਨ ਵਿਚ ਘ੍ਰਿਣਾਂ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ । ਇਹ ਕੁੜੱਤਣ ਇਥੋਂ ਤਕ ਵਧਿਆ ਕਿ ਇਸ ਦੀ ਆਪਣੀ ਰਜਮੰਟ ਦੇ ਫ਼ੌਜੀਆਂ ਨੇ ੧ ਅਪਰੈਲ ਸੰਨ ੧੮੪੧ ਨੂੰ, ਨੁਸ਼ਹਿਰਾ ਪਿਸ਼ਾਵਰ* ਦੀ ਛਾਵਣੀ ਵਿਚ ਇਸ ਨੂੰ ਕਤਲ ਕਰ ਦਿੱਤਾ† ।

ਫੌਰਡ ਦੇ ਕਤਲ ਬਾਰੇ ਪੰਜਾਬ ਰੀਕਾਰਡਸ ਵਿਚ ਇਕ ਲਿਖਤ ਮਿਲਦੀ ਹੈ, ਜਿਸ ਵਿਚੋਂ ਇਸ ਘਟਨਾ ਪਰ ਪੂਰਾ ਚਾਨਣਾ ਪੈਂਦਾ ਹੈ‡।

—:—੦—:—

---

*ਪੀਅਰਸ ਗਾਰਡਨਰ ।

†ਸਿਮਾਇਥ, ਰੇਨਿੰਗ ਫ਼ੈਮਲੀ ਆਫ਼ ਲਾਹੌਰ, ਅੰਤਕਾ ਸ: ੩੬ ।

‡ਪੰਜਾਬ ਰੀਕਾਰਡਸ, ਜਿਲਦ ੧੫੧, ਚਿੱਠੀ ੪੨ ।

ਲੀਆਰਡੀ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਲੀਆਰਡੀ	ਅੰਗ੍ਰੇਜ਼	੧੮੪੨-੪੫	੧੫੦

ਲੀਆਰਡੀ ਕੰਪਨੀ ਦੀ ਫ਼ੌਜ ਤੋਂ ਭਗੌੜਾ ਹੋ ਕੇ ਪੰਜਾਬ ਆਇਆ ਸੀ । ਖਾਲਸਾ ਰੀਕਾਰਡਸ ਵਿਚ ਇਸ ਬਾਰੇ ਬਹੁਤ ਘੱਟ ਹਾਲ ਮਿਲਦੇ ਹਨ ।

ਮੇਜਰ ਮੈਕਗ੍ਰੇਗਰ ਲੀਆਰਡੀ ਦਾ ਸੰਕੋਚਵਾਂ ਹਾਲ ਆਪਣੀ ਪੁਸਤਕ ਵਿਚ ਲਿਖਦਾ ਹੈ* ।

ਫ਼ਿਟਜ਼ਰੋ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਫ਼ਿਟਜ਼ਰੋ	ਅੰਗ੍ਰੇਜ਼	੧੮੩੫-੩੬	੨੫੪

ਫ਼ਿਟਜ਼ਰੋ ਦੇ ਸਮਾਚਾਰ ਬੜੇ ਸੰਖੇਪਵੇਂ ਹਨ । ਕਰਨਲ ਗਾਰਡਨਰ ਲਿਖਦਾ ਹੈ ਕਿ ਉਹ ਸੰਨ ੧੮੩੫ ਵਿਚ ਲਾਹੌਰ ਆ ਕੇ ਖਾਲਸਾ ਫ਼ੌਜ ਵਿਚ ਨੌਕਰ ਹੋਇਆ । ਪੰਜਾਬ ਆਉਣ ਤੋਂ ਪਹਿਲਾਂ ਉਹ ਈਸਟ ਇੰਡੀਆ ਕੰਪਨੀ ਦੀ ਫ਼ੌਜ ਵਿਚ ਨੌਕਰ ਰਹਿ ਚੁਕਾ ਸੀ ।

—:—o—:—

ਜਾਨ ਹੋਲਮਜ਼

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜਾਨ ਹੋਲਮਜ਼	ਅੰਗ੍ਰੇਜ਼ ਯਾ ਯੂਰੇਸ਼ੀਅਨ	ਸਤੰਬਰ ੧੨੯੯ਤੋਂ ਅਕਤੂਬਰ ੧੮੪੮	੪੦੦

---

*ਮੈਕਗ੍ਰੇਗਰਜ਼ ਹਿਸਟਰੀ ਆਫ਼ ਦੀ ਸਿਖਜ਼, ਜਿ: ੨, ਸਫ਼ਾ ੧੪੧

ਜਾਨ ਹੋਲਮਜ਼ ਸਤੰਬਰ ਸੰਨ ੧੮੨੯ ਨੂੰ ਅੰਗ੍ਰੇਜ਼ੀ ਤੋਪਖਾਨਾ ਫ਼ੌਜ ਵਿਚੋਂ ਨਿਕਲ ਕੇ ਲਾਹੌਰ ਆਇਆ। ਇਨ੍ਹਾਂ ਦਿਨਾਂ ਵਿਚ ਮੂਵੀਅਸ ਦੀ ਥਾਂ ਖਾਲੀ ਸੀ, ਸੋ ਉਸੇ ਆਦਮੀ ਪਰ ਹੋਲਮਜ਼ ਨੂੰ ਨੌਕਰ ਰੱਖ ਲਿਆ ਗਿਆ। ਇਸ ਦੀ ਫ਼ੌਜੀ ਸੇਵਾ ਦਾ ਖਾਲਸਾ ਰੀਕਾਰਡ ਤੋਂ ਘੱਟ ਪਤਾ ਲਗਦਾ ਹੈ।

ਹੋਲਮਜ਼ ਇਕ ਵੇਰਾਂ ਵੈਨਤੂਰਾ ਨਾਲ ਮਾਲ-ਗੁਜ਼ਾਰੀ ਉਗਰਾਹੁਣ ਲਈ ਡੇਰਾ ਅਸਮਾਈਲ ਖ਼ਾਨ ਵੱਲ ਗਿਆ ਸੀ। ਇਸ ਦੇ ਉਪਰੰਤ ਉਹ ਕੁਝ ਸਮਾਂ ਪਿਸ਼ਾਵਰ ਵਿਚ ਰਿਹਾ।

ਖਾਲਸੇ ਦੀਆਂ ਖੁਫ਼ੀਆ ਖਬਰਾਂ-ਭੇਜਣੀਆਂ

ਪਿਸ਼ਾਵਰ ਤੋਂ ਇਸ ਦਾ ਇੱਕ ਖ਼ਤ ਪੰਜਾਬ ਰੀਕਾਰਡ ਵਿਚ ਮਿਲਦਾ ਹੈ, ਜੇਹੜਾ ਇਸ ਨੇ ਮਈ ਸੰਨ ੧੮੪੨ ਨੂੰ, ਹੈਨਰੀ ਲਾਰੰਸ ਨੂੰ ਲਿਖਿਆ। ਇਸ ਤੋਂ ਹੋਲਮਜ਼ ਦੀ ਖਾਲਸਾ ਰਾਜ ਲਈ ਨਿਮਕ-ਹਰਾਮੀ ਦਾ ਨਮੂਨਾ ਆਪਣੇ ਆਪ ਪਿਆ ਸਪਸ਼ਟ ਹੁੰਦਾ ਹੈ।

ਇਸ ਖੱਤ ਵਿਚ ਉਹ ਲਿਖਦਾ ਹੈ, 'ਸਿੱਖ ਫ਼ੌਜਾਂ ਅੰਗ੍ਰੇਜ਼ਾਂ ਦੇ ਵਿਰੁਧ ਚੜ੍ਹਾਈ ਕਰਨ ਲਈ ਤਿਆਰ ਹਨ। ਉਹ (ਹੋਲਮਜ਼) ਆਪਣੀ ਖਿਦਮਤ ਸਣੇ ਆਪਣੇ ਨਜੀਬ ਡੇਰੇ ਦੇ ਜਿਸ ਵਿਚ ਦੋ ਪੈਦਲ ਪਲਟਨਾਂ, ਇੱਕ ਤੋਪਖਾਨਾ ਅਤੇ ੫੦੦ ਘੋੜ-ਚੜ੍ਹ ਸ਼ਾਮਲ ਸਨ, ਸਿੱਖਾਂ ਦੇ ਟਾਕਰੇ ਲਈ ਪੇਸ਼ ਕਰ ਸਕਦਾ ਹੈ*'।

ਹੋਲਮਜ਼ ਦਾ ਕਤਲ

ਕਰਨਲ ਹੋਲਮਜ਼ ਦੀ ਇਸ ਤਰ੍ਹਾਂ, ਅੰਗ੍ਰੇਜ਼ਾਂ ਨਾਲ ਚਿੱਠੀ ਪੱਤ੍ਰ ਤੇ ਖੁਲ੍ਹਾ ਮੇਲ ਮਿਲਾਪ, ਉਸ ਲਈ ਬੜਾ ਦੁਖਦਾਈ ਸਾਬਤ ਹੋਇਆ।

---

*ਪੰਜਾਬ ਰੀਕਾਰਡਸ, ਜਿਲਦ ੪੧, ਚਿੱਠੀ ੧੦੧.

੪ ਅਕਤੂਬਰ ਸੰਨ ੧੮੪੮ ਦੀ ਅੱਧੀ ਰਾਤ ਨੂੰ ਬੰਨੂੰ ਦੇ ਕੈਂਪ ਵਿਚ ਖਾਲਸਾ ਫ਼ੌਜ ਦੇ ਕਈ ਜੋਸ਼ੀਲੇ ਜੁਆਨ, ਹੋਲਮਜ਼ ਤੇ ਤੰਬੂ ਵਿਚ ਜਾ ਵੜੇ. ਪਹਿਲਾਂ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ । ਇਸ ਦੇ ਨਾਲ ਹੀ ਇਸ ਦੀ ਸਿਸਕਦੀ ਦੇਹ ਨਾਲੋਂ ਉਸ ਦਾ ਸਿਰ ਵੱਢਕੇ ਵੱਖ ਕਰ ਦਿੱਤਾ ਗਿਆ । ਕਿਹਾ ਜਾਂਦਾ ਹੈ ਕਿ ਕਰਨਲ ਹੋਲਮਜ਼ ਦਾ ਵੱਢਿਆ ਹੋਇਆ ਸਿਰ, ਨੇਜ਼ੇ ਦੀ ਨੋਕ ਪਰ ਧਰ ਕੇ ਆਮ ਜਨਤਾ ਦੇ ਸਾਹਮਣੇ ਫ਼ਿਰਾਇਆ ਗਿਆ ।

ਜਾਨ ਹੋਲਮਜ਼ ਦਾ ਬਿਨਾਂ ਸਿਰ ਧੜ ਬੰਨੂੰ ਦਫ਼ਨ ਕੀਤਾ ਗਿਆ*।

—:—o—:—

ਜੈਕਸਨ

ਨਾਮ	ਕੌਮੀਅਤ	ਸਮਾਂ	ਤਲਬ
ਜੈਕਸਨ	ਅੰਗ੍ਰੇਜ਼	੧੮੨੨	੫੦੦

ਜੈਕਸਨ ਮਹਾਰਾਜਾ ਸਾਹਿਬ ਦੇ ਬਦੇਸ਼ੀ ਨੌਕਰਾਂ ਵਿਚੋਂ ਪਹਿਲਿਆਂ ਮੁਲਾਜ਼ਮਾਂ ਦੀ ਲੜੀ ਵਿਚ ਆਉਂਦਾ ਹੈ । ਇਸ ਬਾਰੇ ਖੋਜ ਕੀਤਿਆਂ ਪਤਾ ਮਿਲਦਾ ਹੈ ਕਿ ਇਹ ਪੰਜਾਬ ਵੱਲ ਆਉਣ ਤੋਂ ਪਹਿਲਾਂ ਕੰਪਨੀ ਦੇ ਬੰਗਾਲ ਦੇ ਤੋਪਖਾਨੇ ਵਿਚ ਲਫ਼ਟੈਨ ਸੀ † । ਇਥੋਂ ਨਿਕਲ ਕੇ ਕਾਫ਼ੀ ਸਮਾਂ ਉਹ ਹਿੰਦ ਵਿਚ ਰਟਨ ਕਰਨ ਦੇ ਉਪ੍ਰੰਤ ਸੰਨ ੧੮੨੨ ਵਿਚ ਲਾਹੌਰ ਪੁਜਾ ਅਤੇ ਇਸ ਦਾ ਕੰਮ ਦੇਖਕੇ ਸ਼ੇਰਿ ਪੰਜਾਬ ਨੇ ਇਸ ਨੂੰ ਤੋਪਖਾਨੇ ਵਿਚ ਲਾ ਲਿਆ । ਇਹ ਕੋਈ ਤਿੰਨ ਸਾਲ ਦੇ ਲਗ ਪਗ ਖਾਲਸੇ ਦੀ ਨੌਕਰੀ ਵਿਚ ਰਿਹਾ ਅਤੇ ਸੰਨ ੧੮੨੫ ਨੂੰ ਲਾਹੌਰ ਵਿਚ ਮਰ ਗਿਆ । ਜੈਕਸਨ ਦੀ ਰਜਮੰਟ ਵਿਲੀਅਮ ਲੂਈ ਨੂੰ ਸੌਂਪੀ ਗਈ, ਜੋ ਸੰਜੋਗ ਨਾਲ ਇਨ੍ਹਾਂ ਦਿਨਾਂ ਵਿਚ, ਹੀ ਲਾਹੌਰ ਪਹੁੰਚਿਆ ਸੀ ।

—:—o—:—

---

*ਹੋਲਮਜ਼ ਦੀ ਕਬਰ ਅਜੇ ਤਕ ਬੰਨੂੰ ਵਿਚ ਮੌਜੂਦ ਹੈ ।

†ਕਲਕੱਤਾ ਜਨਰਲ, ੧੮੨੨ ।

ਮਾਰਟਨ ਡੇਲ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਮਾਰਟ ਡੇਲ	ਅੰਗ੍ਰੇਜ਼*	੧੮੪੩	੨੫੦

ਮਾਰਟਨ ਡੇਲ ਪਹਿਲਾਂ ਪਹਿਲ ਕਰਨਲ ਸਕਿਨਰ ਦੇ ਰਸਾਲੇ ਵਿਚ ਨੌਕਰ ਰਿਹਾ ਉਹ ਉਥੋਂ ਨੌਕਰੀ ਛੱਡ ਕੇ ਲਾਹੌਰ ਆਇਆ ਇਥੇ ਰਸਾਲੇ ਦੇ ਰੰਗਰੂਟਾਂ ਦੀ ਸਿਖਲਾਈ ਦੇ ਕੰਮ ਪਰ ਲਾਇਆ ਗਿਆ ਪਰ ਬਹੁਤ ਛੇਤੀ ਇਥੋਂ ਨੌਕਰੀ ਛੱਡ ਕੇ ਚਲਾ ਗਿਆ, ਕਿਸੇ ਲੜਾਈ ਤੇ ਨਹੀਂ ਗਿਆ ।

–:–o–:–

*ਪੀਅਰਜ਼, ਗਾਰਡਨਰ ਸ: ੨੯੬; ਡਾਕਟਰ ਚੋਪੜਾ, ਪੰਜਾਬ ਅਜ਼ੇ ਸਾਵਰਨ ਸਟੇਟ ਸ: ੨੩੧ ।

ਸਕਾਚ ਕਰਿੰਦੇ

ਬੋਇਲ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਬੋਇਲ	ਸਕਾਚ	੧੮੪੩-੧੮੪੫	੨੦੦

ਬੋਇਲ ਬਾਰੇ ਮੈਕਗ੍ਰੇਗਰ ਲਿਖਦਾ ਹੈ ਕਿ ਉਹ ਫ਼ਸਟ ਯੂਰਪੀਅਨ ਲਾਈਟ ਇਨਫ਼ੈਂਟਰੀ ਵਿਚੋਂ ਭਗੌੜਾ ਹੋ ਕੇ ਖਾਲਸਾ ਫ਼ੌਜ ਵਿਚ ਸੰਨ ੧੮੪੩ ਵਿਚ ਨੌਕਰ ਹੋਇਆ ਅਤੇ ਤੋਪਖਾਨੇ ਵਿਚ ਸਿਖਲਾਈ ਕਰਾਉਂਦਾ ਰਿਹਾ*। ਇਸ ਦਾ ਹੋਰ ਹਾਲ ਬਹੁਤ ਘੱਟ ਮਿਲਿਆ ਹੈ।

---o---

ਮੈਕਫਰਸਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਮੈਕਫਰਸਨ	ਸਕਾਚ†	੧੮੩੫	੨੦੦

ਮੈਕਫਰਸਨ ਸਕਾਟਲੈਂਡ ਦਾ ਰਹਿਣ ਵਾਲਾ ਸੀ, ਇਹ ਸੰਨ ੧੮੩੫ ਵਿਚ ਲਾਹੌਰ ਆਇਆ‡। ਇਹ ਪਹਿਲਾਂ ਈਸਟ ਇੰਡੀਆ

*ਮੈਕਗ੍ਰੇਗਰਜ਼ ਹਿਸਟਰੀ ਆਫ਼ ਦੀ ਸਿਖਜ਼, ਜਿ: ੨ ਸ:੧੪੧

†ਪੰਜਾਬ ਅਜ਼ੇ ਸਾਵਰਨ ਸਟੇਟ ਸਫਾ ੨੩੧।

‡ਹਰਬਰਟ ਐਡਵਰਡਜ਼ ਖਿਦਮਤੇ ਯਕਸ਼ਾਲਾ ਬਰ ਸਰਹਦੇ ਪੰਜਾਬ ਜਿ: ੨ ਸ: ੩੮੫।

ਕੰਪਨੀ ਦੀ ਸਕਾਚ ਰੇਜਮੰਟ ਵਿਚ ਸਾਰਜੰਟ ਸੀ । ਮਹਾਰਾਜਾ ਸਾਹਿਬ ਨੇ ਇਸ ਨੂੰ ੨੦੦) ਮਹੀਨਾ ਪਰ ਨਵੇਂ ਰੰਗਰੂਟਾਂ ਦੀ ਸਿਖਲਾਈ ਦੇ ਕੰਮ ਲਈ ਨੌਕਰ ਰੱਖ ਲਿਆ । ਇਹ ਐਨੀ ਸ਼ਰਾਬ ਪੀਂਦਾ ਹੁੰਦਾ ਸੀ ਕਿ ਬੇਹੋਸ਼ੀ ਦੇ ਲੋਰੇ ਵਿਚ ਕਈ ਕਈ ਦਿਨ ਗ਼ਾਫਲ ਪਿਆ ਰਹਿੰਦਾ ਸੀ। ਇਸ ਦੋਸ਼ ਦੇ ਕਾਰਨ ਇਸ ਨੂੰ ਨੌਕਰੀ ਤੋਂ ਛੇਤੀ ਹੀ ਅੱਡ ਕਰ ਦਿੱਤਾ ਗਿਆ* । ਇਥੋਂ ਉਹ ਭਾਵਲ ਪੁਰ ਵਿਚ ਜਾਕੇ ਨੌਕਰ ਹੋ ਗਿਆ । ਉਹ ੧ ਜੁਲਾਈ ਸੰਨ ੧੮੪੮ ਨੂੰ ਦੀਵਾਨ ਮੂਲਰਾਜ ਦੀ ਫੌਜ ਨਾਲ ਲੜਦਾ ਹੋਇਆ ਮੁਲਤਾਨ ਦੇ ਲਾਗੇ ਮੌਜ਼ਾ ਸਿਧੂ ਸ਼ਾਮ ਵਿਚ ਮਾਰਿਆ ਗਿਆ। ਉਥੇ ਉਸ ਦੀ ਮੁਸਲਮਾਨ ਤੀਵੀਂ ਵਲੋਂ ਬਣਾਈ ਕਬਰ ਅਜੇ ਤਕ ਮੌਜੂਦ ਹੈ।

—:—o—:—

ਵਿਲੀਅਮ ਕੈਬਲ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਵਿਲੀਅਮ ਕੈਬਲ	ਸਕਾਚ	੧੮੨੮–੨੯	੩੦੦

ਕੈਬਲ ਬਿਨਾਂ ਰਾਹਦਾਰੀ ਦੇ ਸਤੰਬਰ ਸੰਨ ੧੮੨੮ ਵਿਚ ਲਾਹੌਰ ਆਇਆ, ਜ਼ਰੂਰੀ ਪੁਛ ਗਿੱਛ ਦੇ ਉਪਰੰਤ ੩੦੦) ਮਹੀਨਾ ਤਲਬ ਪਰ ਨੌਕਰ ਰੱਖ ਲਿਆ ਗਿਆ । ਉਸਨੂੰ ਪਹਿਲਾਂ ਇਕ ਛੋਟਾ ਜਿਹਾ ਦਸਤਾ ਸਿਖਲਾਈ ਲਈ ਸੌਂਪਿਆ ਗਿਆ ।

ਜਨਾਨੀ ਨੂੰ ਛੇੜਨਾ

ਕੈਬਲ ਨੂੰ ਲਾਹੌਰ ਵਿਚ ਅਜੇ ਇਕ ਸਾਲ ਹੀ ਬੀਤਿਆ ਸੀ ਕਿ ਇਥੇ ਉਸ ਨੇ ਇਕ ਬੜਾ ਅਯੋਗ ਕੰਮ ਕੀਤਾ ਅਰਥਾਤ ਲਾਹੌਰ ਵਿਚ ਪਰਜਾ ਦੀ ਕਿਸੇ ਜ਼ਨਾਨੀ ਨੂੰ ਰਾਹ ਜਾਂਦੇ ਛੇੜਿਆ ।

*ਮਿਮਇਰਜ਼ ਗਾਰਡਨਰ, ਸਫ਼ਾ ੩੫੨ ।

ਨੌਕਰੀ ਤੋਂ ਵੱਖ ਕਰਨਾ

ਇਹ ਸ਼ਕਾਇਤ ਜਦ ਮਹਾਰਾਜਾ ਸਾਹਿਬ ਤਕ ਪਹੁੰਚੀ ਤਾਂ ਮਹਾਰਾਜਾ ਸਾਹਿਬ ਬੜੇ ਨਾਰਾਜ਼ ਹੋਏ ਅਤੇ ਉਸੇ ਵੇਲੇ ਉਸ ਨੂੰ ਨੌਕਰੀ ਤੋਂ ਵੱਖ ਕਰ ਦਿੱਤਾ* । ਇਥੇ ਹੀ ਬੱਸ ਨਹੀਂ, ਸਗੋਂ ਇਕ ਗਾਰਦ ਦੀ ਸੌਂਪਣੀ ਵਿਚ ਖਾਲਸਾ ਰਾਜ ਤੋਂ ਬਾਹਰ ਕਰਵਾ ਦਿੱਤਾ ।

—:—o—:—

*ਮੈਸਨਜ਼, ਜਰਨੀ ਇਨ ਬਲੋਚਸਤਾਨ, ਐਂਡ ਪੰਜਾਬ; ਪੀਅਰਜ਼ ਗਾਰਡਨਰ, ਸਫਾ ੩੫੨ ।

ਆਇਰਿਸ਼ ਕਾਰਿੰਦੇ

ਜੈਕਬ ਥਾਮਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਜੈਕਬ ਥਾਮਸ	ਆਇਰਿਸ਼	ਮਾਰਚ ੧੮੩੮	੩੦੦

ਜੈਕਬ ਥਾਮਸ ਜਾਰਜ ਥਾਮਸ* ਪ੍ਰਸਿੱਧ ਹਿਸਾਰ ਵਾਲੇ ਦਾ ਪੁਤ੍ਰ ਸੀ । ਜਵਾਨੀ ਸਮੇਂ ਆਪਣੇ ਪਿਤਾ ਤੋਂ ਕੁਝ ਫ਼ੌਜੀ ਵਿਦਿਆ ਪਾ ਕੇ ਘਰੋਂ ਨਿਕਲ ਕੇ ਉਹ ਮਾਰਚ ਸੰਨ ੧੮੩੮ ਵਿਚ ਲਾਹੌਰ ਆਇਆ, ਮਹਾਰਾਜ

---

*ਜਾਰਜ ਥਾਮਸ ਇਕ ਅਜੀਬ ਸ਼ਖਸੀਅਤ ਸੀ । ਇਸ ਦਾ ਜਨਮ ਆਇਰਲੈਂਡ ਵਿਚ ਸੰਨ ੧੭੫੬ ਵਿਚ ਹੋਇਆ । ਉਹ ਜਹਾਜ਼ੀ ਫ਼ੌਜ ਵਿਚੋਂ ਮਦਰਾਸ ਤੋਂ ਭਗੌੜਾ ਹੋ ਕੇ ਕਈ ਥਾਈਂ ਉਪਜੀਵਕਾ ਲਈ ਰਟਨ ਕਰਦਾ ਹੋਇਆ ਛੇਕੜ ਬੇਗਮ ਸਮਰੂ ਪਾਸ ਸਰਧਨੇ ਜਾ ਨੌਕਰ ਹੋਇਆ । ਕੁਝ ਸਮੇਂ ਦੇ ਬਾਅਦ, ਉਥੋਂ ਨੌਕਰੀ ਛੱਡ ਕੇ ਉਹ ਆਪਾਰਾਉ ਦੀ ਸੈਨਾਂ ਵਿਚ ਭਰਤੀ ਹੋ ਗਿਆ, ਇਥੇ ਉਸ ਨੇ ਇਹ ਸੋਚ ਕੇ ਕਿ ਦੂਜਿਆਂ ਲਈ ਘਾਲਾਂ ਘਾਲਣ ਦੀ ਥਾਏ, ਕਿਉਂ ਨਾ ਉਹਾ ਸ਼ਕਤੀ ਆਪਣੇ ਭਲੇ ਲਈ ਵਰਤੀ ਜਾਏ । ਇਸ ਖਿਆਲ ਨੂੰ ਮੁਖ ਰੱਖ ਕੇ ਥਾਮਸ ਨੇ ਕੁਝ ਆਦਮੀ ਆਪਣੇ ਆਲੇ ਦੁਆਲੇ ਇਕੱਠੇ ਕਰ ਲਏ ਅਤੇ ਹਰਿਆਨੇ ਦੇ ਇਲਾਕੇ ਵਿਚ ਇਕ ਕੱਚੀ ਗੜ੍ਹੀ ਉਸਾਰ ਕੇ ਉਸ ਦਾ ਨਾਮ, ਥਾਮਸ ਗੜ੍ਹ ਰਖਿਆ । ਨਿੱਕੀਆਂ ਝੜਪਾਂ ਦੇ ਉਪ੍ਰੰਤ ਉਸ ਨੇ ਹਾਂਸੀ, ਹਿਸਾਰ, ਸਰਸਾ ਤੇ ਰੋਹਤਕ ਦਾ ਇਲਾਕਾ ਆਪਣੀ ਤਹਿਤ ਵਿਚ ਕਰ ਲਿਆ । ਥਾਮਸ ਆਪਣੀ ਤਾਕਤ ਨੂੰ ਦਿਨੋਂ ਦਿਨ ਵਧਾ ਰਿਹਾ ਸੀ, ਪਰ ਉਸ ਦੀ ਟੱਕਰ ਖਾਲਸਾ ਦਲ ਤੇ ਸੈਂਧੀਆਂ ਨਾਲ ਤਿੰਨ ਵਾਰੀ ਹੋਈ, ਜਿਸ ਦੇ ਕਾਰਨ ਉਸ ਦੀ ਉਨਤੀ ਉਥੇ ਹੀ ਰੁਕ ਗਈ ।

ਕਈ ਸਿਆਣੇ ਲੇਖਕਾਂ ਦੀ ਰਾਇ ਹੈ ਕਿ ਜੇ ਕਦੀ ਜਾਰਜ ਥਾਮਸ ਦਾ ਮੱਥਾ ਖਾਲਸੇ ਨਾਲ ਨਾ ਲੱਗਾ ਹੁੰਦਾ ਤਾਂ ਉਹ ਹਿੰਦ ਵਿਚ ਇਕ ਵੱਡੀ ਰਿਆਸਤ ਸਥਾਪਤ ਕਰ ਲੈਂਦਾ ਪਰ ਮੰਦ-ਭਾਗਤਾ ਦੇ ਕਾਰਨ ਉਹ ਖਾਲਸੇ ਨਾਲ ਅੜ ਕੇ ਝੜ ਗਿਆ ।

ਸਾਹਿਬ ਨੇ ਇਸ ਨੂੰ ੩੦੦) ਰੁਪਿਆ ਮਹੀਨਾ ਪਰ ਨਜੀਬਾ ਦੀ ਰਜਮਟ ਵਿਚ ਨੌਕਰ ਰੱਖ ਲਿਆ । ਉਸ ਨੂੰ ਇਸ ਗੱਲ ਦੀ ਸੂਝ ਬਹੁਤ ਘੱਟ ਸੀ ਕਿ ਆਪਣੀ ਰਜਮਟ ਦੇ ਜੁਆਨਾਂ ਨਾਲ ਕਿਹੋ ਜਿਹਾ ਵਰਤਾਵ ਰੱਖਣਾ ਚਾਹੀਦਾ ਹੈ । ਹਰ ਗੱਲ ਪਰ ਉਨ੍ਹਾਂ ਨੂੰ ਸਖ਼ਤੀ ਨਾਲ ਟੋਕਦਾ ਤੇ ਤਾੜਦਾ ਰਹਿੰਦਾ ਸੀ, ਜਿਸ ਦਾ ਕੁਦਰਤੀ ਨਤੀਜਾ ਇਹ ਹੋਇਆ ਕਿ ਉਸ ਦਾ ਪਿਆਰ ਤੇ ਅਸਰ ਆਪਣੀ ਰਜਮਟ ਵਿਚੋਂ ਦਿਨੋਂ ਦਿਨ ਘਟਦਾ ਗਿਆ । ਇਥੋਂ ਤਕ ਗੱਲ ਵਧ ਗਈ ਕਿ ਆਪਣੀ ਰਜਮਟ ਵਿਚ ਇਸ ਦਾ ਹੁਕਮ ਕੋਈ ਨਾ ਸੀ ਮੰਨਦਾ । ਇਸ ਦੀ ਬੇ-ਰੋਹਬੀ ਬਾਰੇ ਮਿਸ਼ਟਰ ਬਾਰ ਆਪਣੇ ਸਫ਼ਰਨਾਮੇ ਵਿਚ ਸਵਿਸਥਾਰ ਹਾਲ ਲਿਖਦਾ ਹੈ* । ਇਸੇ ਰਗੜੇ ਝਗੜੇ ਦੇ ਕਾਰਨ ਉਹ ਸੰਨ ੧੮੪੩ ਵਿਚ ਫ਼ੌਜ ਤੋਂ ਹਟਾ ਦਿੱਤਾ ਗਿਆ ।

:—o—:—

*ਬਾਰਜ਼ ਜਰਨਲ ਆਫ਼ ਮਾਰਚ ਫ਼ਰਾਮ ਦਿੱਲੀ ਟੂ ਪਿਸ਼ਾਵਰ ਸਫ਼ਾ ੨੨੨ ।

ਰੂਸੀ ਕਾਰਿੰਦੇ

ਵਿਸਕੋਨੇਵਿਚ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਵਿਸਕੋਨੇਵਿਚ	ਰੂਸੀ	੧੮੩੦-੧੮੩੫	੩੦੦

ਵਿਸਕੋਨੇਵਿਚ ਦੀ ਨੌਕਰੀ ਸਮੇਂ ਦੇ ਹਾਲ ਬਹੁਤ ਘੱਟ ਮਿਲਦੇ ਹਨ, ਮੇਜਰ ਕਾਰਮਾਇਕਲ ਸਮਾਇਥ ਤੇ ਅਲਗਜ਼ਾਂਡਰ ਗਾਰਡਨਰ ਆਪਣੀਆਂ ਲਿਖਤਾਂ ਵਿਚ ਇਸਦਾ ਜ਼ਿਕਰ ਲਿਖਦੇ ਹਨ ।

—:—o—:—

ਮੈਟੋਵੀ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਮੈਟੋਵੀ	ਰੂਸੀ	੧੮੪੧	੩੦੦

ਮੈਟੋਵੀ ਖਾਲਸਾ ਫ਼ੌਜ ਵਿਚ ਕਪਤਾਨ ਸੀ । ਉਹ ਸੰਨ ੧੮੪੧ ਵਿਚ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਲਾਹੌਰ ਆਇਆ । ਪਰ ਬਿਨਾ ਰੂਸੀ ਭਾਸ਼ਾ ਦੇ ਉਹ ਦੂਜੀ ਕੋਈ ਬੋਲੀ ਨਾ ਸੀ ਸਮਝਦਾ ਇਸਦੇ ਕਾਰਨ ਆਪਣੀ ਫ਼ੌਜ ਦੇ ਜੁਆਨਾਂ ਨਾਲ ਗੱਲ ਬਾਤ ਕਰਨ ਵਿਚ ਬੜੀ ਔਕੜ ਪੇਸ਼ ਆਉਂਦੀ ਸੀ । ਇਸ ਦੇ ਕਾਰਨ ਉਸ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਛੇਤੀ ਵਿਦਿਆ ਕਰ ਦਿੱਤਾ ।

—:—o—:—

ਵੋਚਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਵੋਚਸ	ਰੂਸੀ	੧੮੨੩	੨੦੦

ਵੋਚਸ ਥੋੜ੍ਹਾ ਸਮਾਂ ਬਾਰੂਦਖਾਨੇ ਵਿਚ ਨੌਕਰ ਰਿਹਾ ਕੋਈ ਖਾਸ ਹੁਨਰ ਨਾ ਸੀ ਜਾਣਦਾ ਜਿਸ ਕਰਕੇ ਛੇਤੀ ਹੀ ਨੌਕਰੀ ਤੋਂ ਵਖ ਕੀਤਾ ਗਿਆ । ਡਾਕਟਰ ਚੋਪੜਾ ਦੀ ਪੁਸਤਕ ਵਿਚ ਇਸ ਦਾ ਕੁਝ ਹਾਲ ਮਿਲਦਾ ਹੈ* ।

—:—o—:—

ਵੀਅਰ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਵੀਅਰ	ਰੂਸੀ	੧੮੪੨	੨੦੦

ਵੀਅਰ ਬਹੁਤਾ ਸਮਾਂ ਨੌਕਰੀ ਵਿਚ ਨਾ ਸੀ ਰਿਹਾ ਉਹ ਕਿਸੇ ਖਾਸ ਗੁਣ ਦਾ ਜਾਣੂ ਨਹੀਂ ਸੀ । ਉਸ ਨੂੰ ਬਾਰੂਦਖਾਨੇ ਵਿਚ ਕੰਮ ਪਰ ਲਾਇਆ ਗਿਆ । ਉਸ ਨੇ ਇਕ ਕਸ਼ਮੀਰਨ ਨਾਲ ਵਿਆਹ ਕਰਵਾਇਆ । ਇਨ੍ਹਾਂ ਦੇ ਰਹਿਣ ਦੀ ਇਕ ਪੁਰਾਣੀ ਇਮਾਰਤ ਸੀ ਜੋ ਭਾਟੀ ਦਰਵਾਜ਼ੇ ਦੇ ਨਾਲ ਸੀ । ਇਹ ਲਾਹੌਰ ਵਿਚ ਮਰ ਗਿਆ ਅਤੇ ਜਿਥੇ ਅੱਜ ਕਲ ਡਿਪਟੀ ਕਮਿਸ਼ਨਰ ਲਾਹੌਰ ਦੀ ਕਚਹਿਰੀ ਹੈ ਇਸਦੇ ਲਾਗੇ ਦਬਿਆ ਗਿਆ । ਕਿਹਾ ਜਾਂਦਾ ਹੈ ਕਿ ਉਸ ਦੀ ਸੰਤਾਨ ਅਜੇ ਤਕ ਲਾਹੌਰ ਵਿਚ ਰਹਿੰਦੀ ਹੈ ।

—:—o—:—

*ਡਾਕਟਰ ਚੋਪੜਾ, ਪੰਜਾਬ ਐਜ਼ੇ ਸਾਵਰਨ ਸਟੇਟ ਸਫ਼ਾ ੨੩੨ ।

ਸਪੇਨਿਸ਼ ਕਾਰਿੰਦੇ

ਹਰਬੋਨਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਹਰਬੋਨਸ	ਸਪੇਨਿਸ਼	੧੮੪੧–੧੮੪੫	੫੦੦

ਖਾਲਸਾ ਰਾਜ ਸਮੇਂ, ਖਾਲਸੇ ਦੀ ਉਦਾਰ-ਚਿਤੀ ਦੀ ਧੁੰਮ ਦੂਰ ਦੂਰ ਦੇਸਾਂ ਵਿਚ ਧੁੰਮੀ ਹੋਈ ਸੀ। ਪਤਾ ਲਗਦਾ ਹੈ ਕਿ ਹਰਬੋਨਸ ਜਦੋਂ ਸਪੇਨ ਦੀ ਫ਼ੌਜ ਵਿਚ ਨੌਕਰ ਸੀ ਤਾਂ ਉਸ ਨੇ ਕਿਸੇ ਤੋਂ ਖਾਲਸਾ ਰਾਜ ਬਾਰੇ ਬਹੁਤ ਕੁਝ ਸੁਣਿਆਂ ਸੀ ਕਿ ਖਾਲਸਾ ਫ਼ੌਜ ਵਿਚ ਬਦੇਸੀਆਂ ਨੂੰ ਵੱਡੀਆਂ ਤਲਬਾਂ ਦੇਣ ਤੋਂ ਛੁਟ ਬੜੇ ਆਦਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਸੋ ਇਨ੍ਹਾਂ ਆਸਾਂ ਨੂੰ ਮਨ ਵਿਚ ਧਾਰਕੇ ਹਰਬੋਨਸ ਸੰਨ ੧੮੪੨ ਵਿਚ ਲਾਹੌਰ ਪੁਜਾ।

ਇੰਜੀਨੀਅਰੀ ਦੇ ਕੰਮ ਪਰ

ਹਰਬੋਨਸ ਜਦ ਮਹਾਰਾਜਾ ਸ਼ੇਰ ਸਿੰਘ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਅਤੇ ਇਸ ਦੀ ਪ੍ਰੀਖਿਆ ਲਈ ਗਈ ਤਾਂ ਪਤਾ ਲਗਾ ਕਿ ਉਹ ਫ਼ੌਜੀ ਹੁਨਰ ਵਿਚ ਤਾਂ ਬਹੁਤਾ ਨਿਪੁੰਨ ਨਹੀਂ ਸੀ ਪਰ ਇੰਜੀਨੀਅਰੀ ਦੇ ਕੰਮ ਵਿਚ ਚੰਗਾ ਸਿਆਣਾ ਸੀ। ਇਸ ਲਈ ਮਹਾਰਾਜਾ ਸ਼ੇਰ ਸਿੰਘ ਨੇ ਹਰਬੋਨਸ ਨੂੰ ਬੇਲਦਾਰ ਰਜਮੰਟ (ਸਾਫ਼ੀਪਰਜ਼ ਐਂਡ ਮਾਈਨਰਜ਼) ਵਿਚ ਨੌਕਰ ਰਖ ਲਿਆ ਤਾਕਿ ਫ਼ੌਜੀਆਂ ਨੂੰ ਖੰਦਕਾਂ, ਦਮਦਮਿਆਂ ਤੇ ਮੋਰਚਿਆਂ ਦੇ ਤਿਆਰ ਕਰਨ ਦਾ ਕੰਮ ਸਿਖਾਏ।

ਕਨਿੰਘਮ ਲਿਖਦਾ ਹੈ ਕਿ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਇਹ ਆਪਣੀ ਰਜਮੰਟ ਦੇ ਨਾਲ ਸੀ, ਅਤੇ ਖਾਲਸਾ ਦਰਬਾਰ ਦੇ ਸਾਰੇ ਯੂਰਪੀਨ ਨੌਕਰਾਂ ਵਿਚੋਂ ਕੇਵਲ ਹਰਬੋਨਸ ਹੀ ਇਕ ਐਸਾ ਬਿਦੇਸ਼ੀ ਸੀ, ਜੋਹੜਾ ਸੱਚੇ ਦਿਲ ਨਾਲ ਸਿਖਾਂ ਵਲੋਂ ਅੰਗਰੇਜ਼ਾਂ ਨਾਲ ਲੜਿਆ ਸੀ* ।

---o---

ਸੈਰਫ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਸੈਰਫ	ਸਪੇਨਿਸ਼	੧੮੪੧–੪੧	੩੦੦

ਸੈਰਫ ਹਰਬੋਨਸ ਦੇ ਨਾਲ ਬੇਲਦਾਰ ਰਜਮੰਟ ਵਿਚ ਨੌਕਰ ਹੋਇਆ ਸੀ । ਇਹ ਇਕ ਸਾਲ ਬਾਅਦ ਘੋੜੇ ਤੋਂ ਡਿੱਗ ਕੇ ਮਰ ਗਿਆ।

–:–o–:–

ਹੋਮਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਹੋਮਸ	ਸਪੇਨਿਸ਼	੧੮੪੨	੩੦੦

ਹੋਮਸ ਸਪੇਨ ਦਾ ਵਸਨੀਕ ਸੀ, ਉਹ ਸੰਨ ੧੮੪੨ ਵਿਚ ਲਾਹੌਰ ਆਇਆ ਅਤੇ ਬਾਰੂਦਖਾਨੇ ਵਿਚ ਬਾਰੂਦ ਦੇ ਬਨਾਣੇ ਦੇ ਕੰਮ ਪਰ ਨੌਕਰ ਰਖ ਲਿਆ ਗਿਆ । ਲਾਹੌਰ ਵਿਚ ਇਸ ਨੂੰ ਬਹੁਤਾ ਸਮਾਂ ਨਾ ਸੀ ਬੀਤਿਆ ਕਿ ਉਹ ਤਪਾਲੀ ਦੀ ਬੀਮਾਰੀ ਨਾਲ ਮਰ ਗਿਆ† ।

---o---

*ਕਨਿੰਘਮਜ਼, ਹਿਸਟਰੀ ਆਫ਼ ਦੀ ਸਿਖਜ਼, ਸਫ਼ਾ ੩੧੦ ।

†ਸਮਾਇਥਜ਼, ਰੇਨਿੰਗ ਫ਼ੈਮਲੀ ਆਫ਼ ਲਾਹੌਰ, ਸਫ਼ਾ ੩੬੭, ਪੀਅਰਜ਼ ਗਾਰਡਨਰ, ਸਫ਼ਾ ੩੫੩ ।

ਗ੍ਰੀਕ ਕਾਰਿੰਦੇ

ਹੇਸਟ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਹੇਸਟ	ਗ੍ਰੀਕ	੧੮੪੩	੨੫੦

ਹੇਸਟ ਸੰਬੰਧੀ ਬਹੁਤ ਘੱਟ ਹਾਲ ਮਿਲਦੇ ਹਨ । ਉਹ ਛੇਤੀ ਹੀ ਨੌਕਰੀ ਛੱਡ ਗਿਆ । ਹੇਸਟ ਬਾਰੇ ਗਾਰਡਨਰ ਲਿਖਦਾ ਹੈ ਕਿ ਉਸ ਨੂੰ ਲਾਹੌਰ ਵਿਚ ਕਿਸੇ ਨਾ ਮਾਲੂਮ ਆਦਮੀ ਨੇ ਕਤਲ ਕਰ ਦਿੱਤਾ* ।

–:–o–:–

ਸਟਿਫਨ ਲੇਨ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਸਟਿਫਨ ਲੇਨ	ਗ੍ਰੀਕ	੧੮੩੬–੩੮	੫੦੦

ਸਟਿਫਨ ਲੇਨ ਬਾਰੇ ਖਾਲਸਾ ਦਰਬਾਰ ਸਮੇਂ ਦੀਆਂ ਲਿਖਤਾਂ ਵਿਚ ਲਿਖਿਆ ਹੈ ਕਿ ਉਹ ਨੌਕਰੀ ਦੇ ਅਰੰਭ ਵਿਚ ਆਪਣਾ ਕੰਮ ਬੜੀ ਘਾਲ ਨਾਲ ਕਰਦਾ ਹੁੰਦਾ ਸੀ, ਪਰ ਕੁਝ ਸਮੇਂ ਦੇ ਬਾਅਦ ਸ਼ਰਾਬ ਦੀ ਵਾਦੀ ਨਾਲ ਉਹ ਆਪਣੇ ਅਸਲ ਰੂਪ ਵਿਚ ਪ੍ਰਗਟ ਹੋ ਗਿਆ । ਅਰਥਾਤ ਉਹ ਇੰਨੀ ਵਧ ਸ਼ਰਾਬ ਪੀ ਲੈਂਦਾ ਸੀ ਕਿ ਉਸ ਨੂੰ ਆਪਣੇ ਕੰਮ ਦੀ ਵੀ ਕੋਈ ਸਾਰ ਨਾ ਸੀ ਰਹਿੰਦੀ ।

ਲੇਨ ਨੂੰ ਕਈ ਵਾਰੀ ਜ਼ਿਮਾਵਾਰ ਕਰਮਚਾਰੀਆਂ ਵਲੋਂ ਸਿਖਿਆ ਦਿੱਤੀ ਗਈ ਕਿ ਉਹ ਕੰਮ ਸਮੇਂ ਸਵਾਧਾਨ ਰਿਹਾ ਕਰੇ । ਉਹ ਵਾਹਦਾ

*ਪੀਅਰਜ਼, ਗਾਰਡਨਰ ਸਫ਼ਾ ੩੫੩, ਸਮਾਇਬ ਸਫ਼ਾ ੩੬ ਅੰਤਕਾ ।

ਕਰਦਾ ਹੁੰਦਾ ਸੀ ਕਿ ਅਗੇ ਨੂੰ ਐਦਾਂ ਨਹੀਂ ਕਰਾਂਗਾ, ਪਰ ਥੋਹੜੇ ਦਿਨਾ ਦੇ ਉਪ੍ਰੰਤ ਮੁੜ ਉਹੀ ਕੁਝ ਕਰਨ ਲਗ ਪੈਂਦਾ ਸੀ । ਉਸ ਦੇ ਇਸ ਸੁਭਾਓ ਤੋਂ ਤੰਗ ਆ ਕੇ ਮਹਾਰਾਜਾ ਸਾਹਿਬ ਨੇ ਉਸ ਨੂੰ ਨੌਕਰੀ ਤੋਂ ਵੱਖ ਕਰ ਦਿਤਾ । ਉਹ ਕਿਸੇ ਜੰਗ ਵਿਚ ਨਾ ਸੀ ਗਿਆ ।

---o---

ਫੈਂਡਰਿੰਡ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਫੈਂਡਰਿੰਡ*	ਗ੍ਰੀਕ	੧੮੪੧	੨੫੦

ਖਾਲਸਾ ਦਰਬਾਰ ਦੇ ਰੀਕਾਰਡ ਅਤੇ ਹੋਰਨਾਂ ਸਮਕਾਲੀ ਲਿਖਤਾਂ ਤੋਂ ਪਤਾ ਮਿਲਦਾ ਹੈ ਕਿ ਫੈਂਡਰਿੰਡ ਬਹੁਤ ਥੋੜਾ ਸਮਾਂ ਖਾਲਸੇ ਦੀ ਨੌਕਰੀ ਵਿਚ ਰਿਹਾ । ਉਹ ਫ਼ੌਜੀ ਹੁਨਰ ਤੋਂ ਬਹੁਤ ਘਟ ਜਾਣੂ ਸੀ ਇਥੋਂ ਤਕ ਕਿ ਜਦ ਉਸ ਨੂੰ ਕੰਮ ਸੌਂਪਿਆ ਗਿਆ ਤਾਂ ਬਹੁਤ ਛੇਤੀ ਪਤਾ ਲਗ ਗਿਆ ਕਿ ਉਹ ਉਸ ਦੇ ਚਲਾਣੇ ਦੇ ਅਸਮਰਥ ਸੀ, ਜਿਸ ਦੇ ਕਾਰਨ ਉਸ ਨੂੰ ਨੌਕਰੀ ਤੋਂ ਵੱਖ ਕਰ ਦਿਤਾ ਗਿਆ । ਇਹ ਕਦੇ ਮੈਦਾਨਿ-ਜੰਗ ਵਿਚ ਨਹੀਂ ਸੀ ਗਿਆ ।

---o---

ਹੋਰ ਲੀਕ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤਲਬ
ਹੋਰ ਲੀਕ	ਗ੍ਰੀਕ	੧੮੪੧	੨੫੦

ਹੋਰ ਲੀਕ ਦੀ ਕੌਮੀਅਤ ਆਦਿ ਦਾ ਹਾਲ, ਡਾਕਟਰ ਚੋਪੜੇ ਨੇ ਆਪਣੀ ਲਿਖਤ ਪੁਸਤਕ ਵਿਚ ਦਿੱਤਾ ਹੈ† । ਇਸ ਬਾਰੇ ਹੋਰ ਵਧੇਰੀ ਵਿਥਿਆ ਖੋਜ ਕਰਨ ਪਰ ਵੀ ਨਹੀਂ ਮਿਲ ਸਕੀ ।

---o---

*ਪੰਜਾਬ ਐਜ਼ੇ ਸਾਵਰਨ ਸਟੇਟ, ਸਫ਼ਾ ੨੩੧ ।

†ਡਾਕਟਰ ਚੋਪੜਾ ਦੀ ਪੰਜਾਬ ਐਜ਼ੇ ਸਾਵਰਨ ਸਟੇਟੇ ਸਫ਼ਾ ੨੩੧ ।

ਪੁਰਤਗਾਲੀ ਕਾਰਿੰਦੇ

ਗੋਮੇਜ਼ ਲਾਰੰਸ

ਨਾਮ	ਕੌਮੀਅਤ	ਨੌਕਰੀ ਦਾ ਸਮਾਂ	ਤ਼ਲਬ
ਗੋਮੇਜ਼ ਲਾਰੰਸ	ਪੁਰਤਗਾਲੀ	੧੮੪੨	੧੦੦

ਗੋਮੇਜ਼ ਲਾਰੰਸ ਪੁਰਤਗਾਲੀ ਸੀ, ਇਹ ਬਾਰੂਦਖ਼ਾਨੇ ਵਿਚ ਕੰਮ ਕਰਦਾ ਰਿਹਾ । ਇਸ ਦਾ ਹੋਰ ਹਾਲ ਨਹੀਂ ਮਿਲ ਸਕਿਆ ।

* ਇਤੀ *

ਲਾਹੌਰ ਬੁੱਕਸ
ਲੁਧਿਆਣਾ